Driver Needed, Owner op. needed
ਡਰਾਈਵਰਾਂ ਦੀ ਲੋੜ
ਓਨਰ ਅਪਰੇਟਰਾਂ ਦੀ ਲੋੜ
209-479-0242

ਹਫਤਾਵਾਰੀ
# ਦੇਸ਼ ਦੁਆਬਾ
VOL - 5 ISSUE - 17
August 03, 2016
Postal Address
5101 Doe Hollow Pl, Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

## ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਜਥੇ ਨੇ ਕੀਤਾ ਰਸ ਭਿੰਨਾ ਸ਼ਬਦ ਗਾਇਨ









**ਰੋਜ਼ਵਿਲ–** ਵਿਸ਼ਵ ਪ੍ਰਸਿੱਧ ਸਿੱਖ ਪੰਥ ਦੇ ਕੀਰਤਨੀ ਜਥਾ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਸ੍ਰੀਨਗਰ ਵਾਲਿਆਂ ਦਾ ਨਾਮ ਸ਼ਾਇਦ ਹੀ ਕਿਸੇ ਨੇ ਨਾ ਸੁਣਿਆ ਹੋਵੇਗਾ। ਜੇਕਰ ਸੁਣਿਆ ਹੋਵੇਗਾ ਤਾਂ ਉਹਨਾਂ ਦੀਆਂ ਗੁਰਬਾਣੀ ਸ਼ਬਦ ਗਾਇਨ ਕਰਦਿਆਂ ਦੀਆਂ ਕੈਸਿਟਾਂ/ ਸੀਡੀਆਂ-ਵੀਡੀਓ ਆਦਿ ਜ਼ਰੂਰ ਸੁਣੀਆਂ ਹੋਣਗੀਆਂ, ਤੇ ਉਹਨਾਂ ਅੰਦਰ ਇਕ ਵਾਰ ਨਹੀਂ ਕਈ ਵਾਰ ਇਹ ਲਾਲਸਾ ਜ਼ਰੂਰ ਜਾਗੀ ਹੋਵੇਗੀ ਕਿ ਮੈਂ ਭਾਈ ਹਰਜਿੰਦਰ ਸਿੰਘ ਜੀ ਨੂੰ ਇਕ ਵਾਰ ਤਾਂ ਕਿਸੇ ਨਾ ਕਿਸੇ ਧਾਰਮਿਕ ਸਥਾਨ 'ਤੇ ਜਾ ਕੇ ਦੇਖਾਂ ਅਤੇ ਸੁਣਾਂ।

ਦਾਸ (ਖੁਦ) ਉਹਨਾਂ ਵਿਚੋਂ ਇਕ ਹੈ। ਸਾਲ 1985 ਦੀ ਗੱਲ ਹੈ ਕਿ ਜਦੋਂ ਮੈਂ ਜਲੰਧਰ ਰਹਿੰਦਾ ਸੀ ਤੇ ਆਪਣੇ ਦਫਤਰ ਦੇ ਕੰਮ ਹਫਤੇ 'ਚ ਇਕ ਵਾਰ ਹੁਸ਼ਿਆਰਪੁਰ ਜਾਇਆ ਕਰਦਾ ਸੀ ਤਾਂ ਮੈਂ ਪ੍ਰਾਈਵੇਟ ਬੱਸ ਸਰਵਿਸ ਆਜ਼ਾਦ ਬੱਸ 'ਚ ਜਾਣ ਦੀ ਆਦਤ ਪਾ ਲਈ। ਉਹ ਇਸ ਕਰਕੇ ਕਿ ਉਸ ਦਾ ਰਸਤੇ ਵਿਚ ਇਕ ਜਾਂ ਦੋ ਸਟਾਪ ਹੁੰਦੇ ਸਨ। ਜਲੰਧਰ ਬੱਸ ਅੱਡੇ ਤੋਂ ਬੱਸ ਚਲਦੀ ਸੀ ਕਿ ਡਰਾਇਵਰ ਭਾਈ ਅਕਸਰ ਭਾਈ ਸ੍ਰੀਨਗਰ ਵਾਲਿਆਂ ਦੀ ਸ਼ਬਦ ਗਾਇਨ ਵਾਲੀ ਕੈਸਿਟ ਲਗਾ ਦਿੰਦੇ, ਖਾਸ ਕਰਕੇ ਉਹਨਾਂ ਦੀ 'ਗੱਲੀਂ ਜੋਗ ਨਾ ਹੋਵੀਏ... ' ਕੈਸਿਟ ਹੁੰਦੀ। ਦਾਸ ਖੁਦ ਵੀ ਤੇ ਤਕਰੀਬਨ ਸਭ ਬੱਸ ਯਾਤਰੀ ਅੱਖਾਂ ਬੰਦ ਕਰਕੇ ਸਬਦ- ਮੁਗਧ ਹੋ ਜਾਂਦੇ। ਬੱਸ ਫਿਰ ਕੀ, ਉਦੋਂ ਤੋਂ ਹੁਣ ਤੱਕ ਇਹ ਲਾਲਸਾ ਸੀ ਕਿ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਨੂੰ ਅੱਖੀਂ ਵੇਖਣ ਅਤੇ ਸੁਣਨ ਦਾ ਮੌਕਾ ਜ਼ਰੂਰ ਮਿਲ ਜਾਵੇ। ਇਕ ਵਾਰ ਤਾਂ ਇਹਨਾਂ ਬੇਕਰਾਰ ਹੋ ਗਿਆ ਕਿ ਲੁਧਿਆਣੇ ਗਿਆ ਸੀ ਤੇ ਜਿੱਥੇ ਗਿਆ ਸੀ, ਪਤਾ ਲੱਗਾ, ਲਾਗੇ ਹੀ ਇਹਨਾਂ ਦਾ ਘਰ ਹੈ ਤਾਂ ਮੈਂ ਆਪਣੇ ਸਾਥੀ ਨੂੰ ਇਹ ਕਿਹਾ- ਬਾਕੀ ਕੰਮ ਬਾਅਦ ਵਿਚ ਕਰਾਂਗੇ, ਪਹਿਲਾਂ ਭਾਈ ਹਰਜਿੰਦਰ ਸਿੰਘ ਜੀ ਨੂੰ ਮਿਲ ਆਈਏ। ਉਹ ਵੀ ਸੁਣ ਕੇ ਬੜਾ

**(ਬਾਕੀ ਸਫਾ 3 ਤੇ)**

## ਸੈਕਰਾਮੈਂਟੋ 'ਚ ਗੁਰਦਾਸ ਮਾਨ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਬੋਲਿਆ



**ਸੈਕਰਾਮੈਂਟੋਂ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਕਸਰ ਵੱਖ-ਵੱਖ ਕਲਾਕਾਰਾਂ ਦੇ ਸ਼ੌਅ ਅਮਰੀਕਾ ਦੇ ਵੱਖ-ਵੱਖ ਥਾਵਾਂ ਤੇ ਹੁੰਦੇ ਰਹਿੰਦੇ ਹਨ ਪਰ ਪੰਜਾਬੀ ਸਪੁੱਤਰ ਗੁਰਦਾਸ ਮਾਨ ਦੇ ਸ਼ੋਅ ਦੀ ਖਿੱਚ ਅਤੇ ਗੁਰਦਾਸ ਮਾਨ ਦੇ ਸੁਰ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ੍ਹ ਬੋਲਦਾ ਹੈ ਤਾਂ ਹੀ ਉਸਦੇ ਸ਼ੋਆਂ ਵਿਚ ਅਜੇ ਵੀ ਭਾਰੀ ਭੀੜ ਲੱਗੀ ਹੁੰਦੀ ਹੈ। ਵੱਖ ਵੱਖ ਸ਼ਹਿਰਾਂ ਤੋਂ ਬਾਅਦ ਸੈਕਰਾਮੈਂਟੋ ਵਿਚ ਵੀ ਇੰਝ ਹੀ ਸੀ, ਜਿੱਥੇ ਉਸਨੇ ਆਪਣੇ ਨਵੇਂ ਪੁਰਾਣੇ ਗੀਤਾਂ ਦੀ ਛਹਿਬਰ ਲਾਈ। ਐਤਕਾਂ ਦੋ ਆਈਟਮਾਂ ਉਸਨੇ ਆਪਣੀ ਪੰਜਾਬੀ ਗਾਇਕੀ ਤੇ ਸਟੇਜ ਤੋਂ ਸ਼ਾਮਲ ਕੀਤੀਆਂ, ਜਿਹਨਾਂ 'ਚ ਐਲ ਈ ਡੀ ਤੋਂ ਗੀਤ ਦੀ ਖੂਬਸੂਰਤ ਵੀਡੀਓਗ੍ਰਾਫੀ ਅਤੇ ਫਿਰ ਵੀਡੀਓਗ੍ਰਾਫੀ ਦੇ ਅੰਤਲੇ ਪੜਾਅ ਭਾਵ ਸੀਨ ਨੂੰ ਸਟੇਜ ਨਾਲ ਜੋੜ ਕੇ ਪੇਸ਼ ਕਰਨਾ ਅਤੇ ਦੂਸਰਾ ਪਿਆਨੋ ਉਤੇ ਉਦਾਸ ਗੀਤ ਦਾ ਉਲੇਖ ਕਰਨਾ ਪ੍ਰਭਾਵਸ਼ਾਲੀ ਹੋ ਨਿੱਬੜਿਆ। ਇਸ ਪ੍ਰੋਗਰਾਮ ਨੂੰ ਦਰਸ਼ਕਾਂ ਨੇ ਟਿਕਟਿਕੀ ਲਗਾ ਕੇ ਸੁਣਿਆ। ਇਸ ਮੌਕੇ ਐਲ. ਬੀ. ਏ. ਬਾਲਕਟਬਾਲ ਖਿਡੀ ਸਤਨਾਮ ਸਿੰਘ ਨੂੰ ਵੀ ਸਟਜ ਤੇ ਸਨਮਾਨ ਵਜੋਂ ਲਿਆਂਦਾ ਗਿਆ।

## ਓਪੀਨੀਅਨ ਪੋਲ ਨੇ ਹਿਲੇਰੀ ਦੀ ਲੀਡ ਦਾ ਕੀਤਾ ਦਾਅਵਾ

**ਵਾਸ਼ਿੰਗਟਨ (ਬਿਊਰੋ)–** ਤਾਜ਼ਾ ਨੈਸ਼ਨਲ ਓਪੀਨੀਅਨ ਪੋਲ ਵਿੱਚ ਡੈਮੋਕ੍ਰੈਟਿਕ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਦੀ ਉਮੀਦਵਾਰ ਹਿਲੇਰੀ ਕਲਿੰਟਨ ਨੂੰ ਆਪਣੇ ਵਿਰੋਧੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਡੋਨਲਡ ਟਰੰਪ 'ਤੇ ਨੌਂ ਅੰਕਾਂ ਦੀ ਲੀਡ ਮਿਲੀ ਹੈ। ਸੀਐਨਐਨ/ ਓਆਰਸੀ ਦੇ ਸਰਵੇਖਣ ਮੁਤਾਬਕ ਸਿੱਧੀ ਟੱਕਰ 'ਚ ਹਿਲੇਰੀ ਨੂੰ 52 ਫ਼ੀਸਦ ਜਦੋਂ ਕਿ ਟਰੰਪ ਨੂੰ 43 ਫ਼ੀਸਦ ਲੋਕਾਂ ਦਾ ਸਮਰਥਨ ਮਿਲਿਆ ਹੈ। ਇਸ ਨਿਊਜ਼ ਨੈੱਟਵਰਕ ਵੱਲੋਂ ਇਸ ਤੋਂ ਪਹਿਲਾਂ ਕਰਾਏ ਸਰਵੇਖਣ ਤੋਂ ਹੁਣ ਹਿਲੇਰੀ ਨੂੰ ਸੱਤ ਅੰਕਾਂ ਦਾ ਲਾਭ ਮਿਲਿਆ ਹੈ। ਡੈਮੋਕ੍ਰੈਟਿਕ ਨੈਸ਼ਨਲ ਕਨਵੈਨਸ਼ਨ ਬਾਅਦ ਜ਼ਿਆਦਾਤਰ ਅਮਰੀਕੀ ਸੋਚਣ ਲੱਗੇ ਹਨ ਕਿ ਹਿਲੇਰੀ ਦੀਆਂ ਨੀਤੀਆਂ ਮੁਲਕ ਨੂੰ ਸਹੀ ਦਿਸ਼ਾ 'ਚ ਲਿਜਾਣਗੀਆਂ।




ਸੀਬੀਐਸ ਨਿਊਜ਼ ਵੱਲੋਂ ਕਰਾਏ ਗਏ ਵੱਖਰੇ ਸਰਵੇਖਣ 'ਚ ਹਿਲੇਰੀ ਨੂੰ ਟਰੰਪ 'ਤੇ ਸੱਤ ਅੰਕਾਂ ਦੀ ਲੀਡ ਦਿੱਤੀ ਗਈ ਹੈ। ਹਿਲੇਰੀ ਨੂੰ 46 ਫ਼ੀਸਦ ਜਦੋਂ ਕਿ ਟਰੰਪ ਨੂੰ 39 ਫ਼ੀਸਦ ਵੋਟਰਾਂ ਦਾ ਸਮਰਥਨ ਮਿਲਿਆ ਹੈ। ਰੀਅਲਕਲੀਅਰਪੌਲਟਿਕਸ ਡਾਟ ਕਾਮ, ਜੋ ਸਾਰੇ ਅਹਿਮ ਕੌਮੀ ਸਰਵੇਖਣਾਂ ਉਤੇ ਨਜ਼ਰ ਰੱਖਦਾ ਹੈ, ਮੁਤਾਬਕ ਹਿਲੇਰੀ ਨੂੰ ਟਰੰਪ ਉਤੇ ਔਸਤਨ 3.9 ਫ਼ੀਸਦੀ ਲੀਡ ਮਿਲੀ ਹੈ।

ਇਸ ਦੌਰਾਨ ਟਰੰਪ ਨੇ ਦਾਅਵਾ ਕੀਤਾ ਕਿ ਅਮਰੀਕੀ ਰਾਸ਼ਟਰਪਤੀ ਦੀ ਚੋਣ ਵਿੱਚ 'ਧਾਂਦਲੀ' ਹੋ ਸਕਦੀ ਹੈ ਕਿਉਂਕਿ ਰਿਪਬਲਿਕਨ ਉਮੀਦਵਾਰ ਉਸ ਦੀ ਮੁਹਿੰਮ ਨੂੰ ਲੀਹੋਂ ਲਾਹੁਣ ਦੇ ਯਤਨ ਕਰ ਰਹੀ ਹੈ। ਉਨ੍ਹਾਂ ਆਪਣੀ ਵਿਰੋਧੀ ਹਿਲੇਰੀ ਨੂੰ 'ਸ਼ੈਤਾਨ' ਕਿਹਾ ਹੈ। ਕੱਲ੍ਹ ਕੋਲੰਬਸ ਦੇ ਟਾਊਨ ਹਾਲ 'ਚ ਟਰੰਪ ਨੇ ਕਿਹਾ, 'ਮੈਨੂੰ ਡਰ ਹੈ ਕਿ ਚੋਣ ਵਿੱਚ ਧਾਂਦਲੀ ਹੋਣ ਜਾ ਰਹੀ ਹੈ।

ਉਸ (ਬਰਨੀ ਸੈਂਡਰਜ਼) ਨੇ ਸ਼ੈਤਾਨ ਨਾਲ ਸਮਝੌਤਾ ਕੀਤਾ ਹੈ। ਹਿਲੇਰੀ ਸ਼ੈਤਾਨ ਹੈ।' ਇਰਾਕ ਜੰਗ 'ਚ ਮਾਰੇ ਗਏ ਮੁਸਲਿਮ-ਅਮਰੀਕੀ ਸੈਨਿਕ ਦੇ ਪਿਤਾ ਖਿਜ਼ਰ ਖਾਨ 'ਤੇ ਜਵਾਬੀ ਹਮਲਾ ਬੋਲਦਿਆਂ ਟਰੰਪ ਨੇ ਕਿਹਾ ਸੀ ਕਿ ਉਹ ਸੈਨਿਕ ਦੀ ਮਾਂ ਨੂੰ ਬੋਲਣ ਦੀ ਆਗਿਆ ਨਹੀਂ ਦਿੰਦੇ। ਇਸ ਟਿੱਪਣੀ ਬਾਅਦ ਮੁਸਲਿਮ

ਬੀਬੀਆਂ ਨੇ ਸੋਸ਼ਲ ਮੀਡੀਆ 'ਤੇ ਰਿਪਬਲਿਕਨ ਉਮੀਦਵਾਰ ਖ਼ਿਲਾਫ਼ ਮੁਹਿੰਮ ਛੇੜ ਦਿੱਤੀ ਹੈ। ਜੈਨਬ ਚੌਧਰੀ ਨੇ ਟਵੀਟ ਕੀਤਾ, 'ਮੈਂ ਸਾਬਕਾ ਜਨਤਕ ਸੇਵਕ, ਮੀਡੀਆ ਮਾਹਿਰ, ਸਾਰੇ ਅਮਰੀਕੀਆਂ ਦੀ

**(ਬਾਕੀ ਸਫਾ 3 ਤੇ)**

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਸਿਆਸੀ ਸ਼ਰਨ, ਗਰੀਨ ਕਾਰਡ ਆਦਿ ਲਈ ਮਿਲੋ
Passports, Political Asylum, Visas, Green Cards, 1-9 Notary, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
U-Visa
WE OPEN 7-DAYS A WEEK
MANDEEP SANDHU
Note: I am not an Immigration Attorney.
msandhu2014@gmail.com
(CST# 2122162-50)
"We sell International and Domestic Airline Tickets on Low Airfares"
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

ONE | REALTYONEGROUP AMERICAN
ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਓ,
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਵਕਤ
ਜਗਦੇਵ ਸਿੰਘ 510-689-4625
CalBre # 01423409

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Fax: (510) 742-8121

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

INDIA BAZAAR




INDIAN, PAKISTANI & FIJJIAN GROCERIES

WE ARE OPEN
7 DAYS A WEEK
9:00am to 8:30pm

RENT DVDS & BUY CLOTHES
ENJOY YOUR DAY WITH HOPES

WE ACCEPT FOOD STAMPS

CALL TO HAPPY
Cell: (415) 706-7027
Ph: (209) 478-0285
Fax: (209) 477-3206

ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।

EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com



Raja
SWEETS & CATERING
AUTHORIZED CATERER FOR MAJOR 5-STAR HOTELS



ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor

CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que

ADDITIONAL SERVICE
Warmers | Chaffing Dishes
China & Silverware
Linen Rental | Waiters
Bartenders



CONTACT US:
RAJA SWEETS & CATERING
WORK (510) 489-9100
CELL (510) 715-1619

Email: msbains@rajasweets.com
www.rajasweets.com
Find us on: facebook rajasweetsandcatering
Follow us on Twitter rajasweets




ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ

Kash FABRICS

ਸਾਡੀ ਸਪੈਸ਼ਲਟੀ
* ਵਿਆਹ ਸ਼ਾਦੀ ਲਈ ਡਿਜ਼ਾਈਨਰ ਲਹਿੰਗੇ ਤੇ ਸੂਟ ਅਤੇ ਨਾਲ ਡਿਜ਼ਾਈਨਰ ਮੈਚਿੰਗ ਜਿਊਲਰੀ
* ਖੁੱਲ੍ਹਾ ਕੱਪੜਾ, ਵਧੀਆ ਤੋਂ ਵਧੀਆ ਸਾੜੀਆਂ ਤੇ ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
* ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ ਸੀਡੀਆਂ-ਵੀਡੀਓ ਤੇ ਡੀ. ਵੀ. ਡੀ. ਦੀ ਬਹੁਤ ਵੱਡੀ ਕੁਲੈਕਸ਼ਨ ਹੈ।
* ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਾਮਾਨ ਅਸੀਂ ਯੂ. ਪੀ. ਐਸ. ਰਾਹੀਂ ਤੁਰੰਤ ਭੇਜ ਸਕਦੇ ਹਾਂ।



Appointments & Walk-Ins Welcome
Tuesday - Sunday: 11 AM - 8 PM


ਕਸ਼ਮੀਰ ਸਿੰਘ ਧੁੱਗਾ ਅਤੇ ਗੁਰਜੀਤ ਕੌਰ ਧੁੱਗਾ

Threading Salon
Specializing in:
Eyebrow Threading .... $5
Full Face Threading, Facial,
Unique Mehndi Designs,
Natural Henna for Hair



KASH FABRICS
ONE STOP SHOPPING CENTRE
29576 Mission Blvd, Hayward, CA 94544
Tel: (510) 538-1138, Fax: (510) 538-4737
www.Kashfabrics.com
Like us on Facebook | Follow us on Instagram



INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
CHAAT PLATE ONLY FOR $2.99
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ


WE HAVE LARGEST COLLECTION FOR INDIAN FIJIAN & PAKISTANI GROCERY

MUSIC, FABRIC ARTIFICIAL JEWELRY, SWEETS, FRESH VEGETABLES & MORE..


ਕਸ਼ਮੀਰ ਸਿੰਘ ਹੀਰਾ


ਬਰਿੰਦਰ ਬੰਗੜ

Super Eyebrow Threading Now Open
Eyebrow Threading & Henna Tattoo
7 times, Get 8th one free!



Inside India Market
SACRAMENTO
5203 EKLHORN BLVD
SACRAMENTO CA 95842
916- 338-5511

WALK INS WELCOME

ROSEVILLE
1265 PLEASANT GROVE BLVD. # 100 ROSEVILLE, CA 95747
916- 786-7666

Cell :
916- 396-8939
916-338-5511
Email: IndiaMarketRoseville@gmail.com

# ਕਲੇਰ ਨੇ ਕਰੋੜਾਂ ਦੀ ਲਾਗਤ ਨਾਲ ਬਣੀਆਂ ਸੜਕਾਂ ਦਾ ਕੀਤਾ ਉਦਘਾਟਨ

**ਗੁਰਾਇਆ (ਨਿਰਮਲ ਗੁੜਾ)–** ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਵਿਕਾਸ ਦਾ ਵਰਾ ਮਨਾਇਆ ਜਾ ਰਿਹਾ ਹੈ ਜਿਸ ਤਹਿਤ ਹਲਕਾ ਫਿਲੌਰ ਵਿੱਚ ਵੀ ਵੱਡੇ ਪੱਧਰ ਤੇ ਵਿਕਾਸ ਲਈ ਗ੍ਰਾਂਟਾਂ ਵੰਡੀਆਂ ਜਾ ਰਹੀਆਂ ਹਨ ਅਤੇ ਕਿਤੇ ਨੀਂਹ ਪੱਥਰ ਰੱਖ ਕੇ ਵਿਕਾਸ ਕਾਰਜ ਸ਼ੁਰੂ ਕਰਵਾਏ ਜਾ ਰਹੇ ਹਨ ਅਤੇ ਕਿਤੇ ਉਦਘਾਟਨ ਕਰਕੇ ਨੇਪਰੇ ਚੜੇ ਕੰਮ ਨੂੰ ਲੋਕਾਂ ਹਵਾਲੇ ਕੀਤਾ ਜਾ ਰਿਹਾ ਹੈ। ਅੱਜ ਫਿਲੌਰ ਦੇ ਹਲਕਾ ਵਿਧਾਇਕ ਅਤੇ ਮੁੱਖ ਸੰਸਦੀ ਸਕੱਤਰ ਸ਼੍ਰੀ ਅਵਿਨਾਸ਼ ਚੰਦਰ ਕਲੇਰ ਨੇ ਵੀ ਹਲਕੇ ਦੇ ਪਿੰਡ ਸਰਹਾਲ਼ ਮੁੰਡੀ ਅਤੇ ਪਿੰਡ ਵਿਰਕਾਂ ਵਿਖੇ ਲੱਖਾਂ ਦੀ ਲਾਗਤ ਨਾਲ਼ ਬਣੀਆਂ ਸੜਕਾਂ ਅਤੇ ਹੋਰ ਕਾਰਜਾਂ ਦਾ ਨੀਂਹ ਪੱਥਰ ਤੋਂ ਪਰਦਾ ਉਠਾ ਕੇ ਉਦਘਾਟਨ ਕੀਤਾ।

ਇਸ ਮੌਕੇ ਸ਼੍ਰੀ ਕਲੇਰ ਨੇ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਜੋ ਚੋਣਾ ਵੇਲੇ ਬਾਅਦੇ ਕੀਤੇ ਸਨ ਉਹ ਕਿ ਇੱਕ ਕਰਕੇ ਪੂਰੇ ਕੀਤੇ ਗਏ ਹਨ।



ਇਸ ਮੌਕੇ ਮਾਰਕੀਟ ਕਮੇਟੀ ਗੁਰਾਇਆ ਦੇ ਚੇਅਰਮੈਨ ਅਮਰਜੀਤ ਸਿੰਘ ਸੰਧੂ, ਸਰਹਾਲ਼ ਮੁੰਡੀ ਦੇ ਸਰਪੰਚ ਬਨਾਰਸੀ ਦਾਸ, ਬਲਾਕ ਸੰਮਤੀ ਮੈਂਬਰ ਰਾਮ ਲਭਾਇਆ, ਪੰ-ਚਾਇਤ ਅਤੇ ਪਿੰਡ ਵਾਸੀ ਮੌਜੂਦ ਸਨ।


## ਵਰ ਦੀ ਲੋੜ

ਅਮਰੀਕਨ Bachelor of Science in Health Care Management, Hindu Nai, Age 26, Hight 5’7” ਲਈ ਬਰਾਬਰ ਯੋਗਤਾ ਵਾਲੇ ਵਰ ਦੀ ਲੋੜ ਹੈ। ਫੋਟੋ ਸਮੇਤ ਗੰਭੀਰ ਸੱਜਣ ਹੀ ਸੰਪਰਕ ਕਰਨ।
ਫੋਨ: 916-760-8485 ਜਾਂ 916 694-3073
Email: duttadee@yahoo.com.com

## ਲੋੜ ਹੈ

ਸੈਕਰਾਮੈਂਟੋ, IFTA, DOT ਤੇ MC ਨੰਬਰ ਆਦਿ ਭਰਨ ਵਾਲੇ ਔਰਤ ਜਾਂ ਮਰਦ ਦੀ ਲੋੜ ਹੈ। ਪਹਿਲਾਂ ਪਾਰਟ ਟਾਈਮ ਰੱਖਿਆ ਜਾਵੇਗਾ, ਬਾਕੀ ਸ਼ਰਤਾਂ ਇੰਟਰਵੀਊ ਦੇ ਸਮੇਂ ਤੇ ਦੱਸੀਆਂ ਜਾਣਗੀਆਂ।
ਸੰਪਰਕ ਕਰੋ: (916) 427-4321
ਜਾਂ (916) 308-7997
Email:
Sacramento 99@yahoo.com


# ਸ਼੍ਰੀ ਗੁਰੂ ਰਵਿਦਾਸ ਟੈਂਪਲ ਰੀਓ ਲਿੰਡਾਂ (ਸੈਕਰਾਮੈਂਟੋ) ਕੇਲੈਫੋਰਨੀਆਂ ਵਿਖੇ ਭਾਰਤ ਦੇ ਗੁਜਰਾਤ ਵਿਖੇ ਭਾਰਤੀ ਮੂਲ ਨਿਵਾਸੀ 4 ਨੌਜਾਵਾਨ ਤੇ ਹੋਏ ਅੰਨੇ ਤਸ਼ਦਦ ਤੇ ਰੋਸ

**ਸੈਕਰਾਮੈਂਟੋ–** ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਵਿਖੇ ਸਮੂਹ ਸੰਗਤ ਵੱਲੋਂ ਭਾਰਤ ਦੇ ਗੁਜਰਾਤ ਸੂਬੇ (ਅਹਿਮਦਾਬਾਦ) ਵਿਚ ਭਾਰਤੀ ਮੂਲ ਨਿਵਾਸੀ 4 ਨੌਜਵਾਨਾਂ ’ਤੇ ਹੋਏ ਅੰਨ੍ਹੇ ਤਸ਼ੱਦਦ ’ਤੇ ਰੋਸ ਪ੍ਰਗਟ ਕੀਤਾ ਗਿਆ।

ਸ੍ਰੀ ਗਰੁ ਰਵਿਦਾਸ ਟੈਂਪਲ ਵਿਖੇ ਬੀਤੀ 31 ਜੁਲਾਈ ਨੂੰ ਭਾਰੀ ਇਕੱਠ ਕੀਤਾ ਗਿਆ, ਜਿਸ ਵਿਚ ਵੱਖ-ਵੱਖ ਬੁਲਾਰਿਆਂ ਵੱਲੋਂ ਜਿਹਨਾਂ ਵਿਚ ਰਮੇਸ਼ ਬੰਗੜ, ਰਾਜ ਸੂਦ ਆਦਿ ਵੱਲੋਂ ਭਾਰਤ ਦੇ ਗੁਜਰਾਤ ਸੂਬੇ ਦੇ ਅਹਿਮਦਾਬਾਦ ਵਿਖੇ ਗਊ ਰਕਸ਼ਕ ਡਰਾਮੇਬਾਜ਼ਾਂ ਵੱਲੋਂ ਬੜੀ ਬੇਰਹਿਮੀ ਨਾਲ ਚਾਰ ਭਾਰਤੀ ਮੂਲ ਨਿਵਾਸੀਆਂ ਦੀ ਜ਼ਾਲਮਾਨਾ ਢੰਗ ਨਾਲ ਕੁੱਟਮਾਰ ਕੀਤੀ ਗਈ ਅਤੇ ਗੱਡੀ ਨਾਲ ਬੰਨ੍ਹ ਕੇ ਘੜੀਸੇ ਜਾਣ ਦੀ ਘਿਨਾਉਣੀ ਹਰਕਤ ਦੀ ਸਖਤ ਸਬਦਾਂ ’ਚ ਨਿੰਦਾ ਕੀਤੀ ਗਈ ਅਤੇ ਇਸ ਘਟਨਾ ਨੂੰ ਬਹੁਤ ਮੰਦਾਭਾਗਾ ਕਿਹਾ।

ਇਹ ਨੌਜਵਾਨ ਅਜੇ ਹਸਪਤਾਲਾਂ ਵਿਚ ਜ਼ਿੰਦਗੀ-ਮੌਤ ਦੀ ਲੜਾਈ ਲੜ ਰਹੇ ਹਨ। ਇਹਨਾਂ ਨੌਜਵਾਨਾਂ ਦਾ ਕਸੂਰ ਸਿਰਫ ਇਹ ਸੀ ਕਿ ਮਰੀ ਹੋਈ ਗਾਂ ਦਾ ਚਮੜਾ ਲਾਹ ਕੇ ਲਿਜਾ ਰਹੇ ਸਨ, ਜੋ ਕਿ ਇਹਨਾਂ ਦਾ ਕਿੱਤਾ ਸੀ। ਇਹਨਾਂ ਨੌਜਵਾਨਾਂ ਦੀ ਕੁੱਟਮਾਰ ਜਿਸ ਢੰਗ ਨਾਲ ਕੀਤੀ ਗਈ, ਇਸ ਨੂੰ ਵੇਖਣ ਵਾਲਾ ਵੀ ਸਹਿਮ ਜਾਂਦਾ ਹੈ।

ਤਰ੍ਹਾਂ-ਤਰ੍ਹਾਂ ਦੇ ਬਹਾਨੇ ਬਣਾ ਕੇ ਦੇਸ਼ ਦੇ ਹੋਰ ਭਾਗਾਂ ਵਿਚ ਮੂਲ ਨਿਵਾਸੀਆਂ ਨੂੰ ਕੁੱਟਮਾਰ ਕੇ ਅਸਹਿਣਸ਼ੀਲਤਾ ਫੈਲਾਈ ਜਾ ਰਹੀ ਹੈ। ਇਸ ਨੂੰ ਭਾਰਤ ਦੇ ਮੂਲ ਨਿਵਾਸੀ ਕਦੇ ਸਹਿਣ ਨਹੀਂ ਕਰਨਗੇ। ਸ੍ਰੀ ਗੁਰੂ ਰਵਿਦਾਸ ਸਭਾ ਸੈਕਰਾਮੈਂਟੋ ਭਾਰਤ ਸਰਕਾਰ ਤੋਂ ਮੰਗ ਕਰਦੀ ਹੈ ਕਿ ਦੋਸ਼ੀਆਂ ਨੂੰ ਸਖਤ ਤੋਂ ਸਖਤ ਸਜ਼ਾਵਾਂ ਦਿੱਤੀਆਂ ਜਾਣ। ਨਹੀਂ ਤਾਂ ਭਾਰਤ ਦੇ ਮੂਲ ਨਿਵਾਸੀਆਂ ਵੱਲੋਂ ਸ਼ੁਰੂ ਕੀਤਾ ਗਿਆ ਸੰਘਰਸ਼ ਕਦੇ ਰੁਕਣ ਦਾ ਨਾਂ ਨਹੀਂ ਲਵੇਗਾ।

# ਸਾਨਫਰਾਂਸਿਸਕੋ ’ਚ ਗਦਰ ਪਾਰਟੀ ਦੇ ਹੈਡਕੁਆਰਟਰ ਰਹੇ ਯੁਗਾਂਤਰ ਆਸ਼ਰਮ ਵਿਖੇ ਸ਼ਹੀਦ ਊਧਮ ਸਿੰਘ ਦਾ ਸ਼ਹੀਦੀ ਦਿਨ ਮਨਾਇਆ

**ਸਾਨਫਰਾਂਸਿਸਕੋ, ਕੈਲੇਫੋਰਨੀਆ (ਹੁਸਨ ਲੜੋਆ ਬੰਗਾ)–** ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਵੱਲੋਂ ਸ਼ਹੀਦ ਊਧਮ ਸਿਘ ਦੇ 76ਵੇਂ ਸ਼ਹੀਦੀ ਦਿਵਸ ਮੌਕੇ ਗਦਰ ਪਾਰਟੀ ਦੇ ਹੈਡ ਕੁਆਰਟਰ ਰਹੇ ਯੁਗਾਂਤਰ ਆਸ਼ਰਮ ਵਿਖੇ ਵੱਖ ਵੱਖ ਵਿਦਵਾਨ ਬੁਲਾਰਿਆਂ ਨੇ ਸੰਬੋਧਨ ਕੀਤਾ। ਇਸ ਮੌਕੇ ਸ਼ਾਮਲ ਹੋਣ ਵਾਲੇ ਬੁਲਾਰਿਆਂ ਵਿਚ ਸਾਇੰਸਦਾਨ ਡਾ. ਗੁਰਦੇਵ ਸਿੰਘ ਖੁਸ਼, ਸ. ਹਰਦਮ ਸਿੰਘ ਆਜ਼ਾਦ, ਪ੍ਰੋ. ਹਰਦਮ ਸਿੰਘ ਆਜ਼ਾਦ, ਪ੍ਰੋ. ਗੁਰਭਜਨ ਸਿੰਘ ਗਿੱਲ, ਚਰਨ ਸਿੰਘ ਜੱਜ, ਪ੍ਰਿੰਸੀਪਲ ਪ੍ਰਿੰਵੀਰ ਸਿੰਘ ਰੰਧਾਵਾ, ਕੌਂਸਲੇਟ ਵੈਂਕਟ ਰਮਾਨਾ ਆਦਿ ਨੇ ਆਪਣੇ ਆਪਣੇ ਵਿਚਾਰਾਂ ਨਾਲ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਨੂੰ ਯਾਦ ਕਰਦਿਆਂ ਪੰਜਾਬੀ ਸਾਹਿਤ ਅਕਾਡਮੀ ਲੁਧਿਆਣਾ ਦੇ ਸਾਬਕਾ ਪ੍ਰਧਾਨ ਪ੍ਰੋ. ਕਰਤਾਰ ਸਿਘ ਸਰਾਭਾ ਬਾਰੇ ਗੁਰਭਜਨ ਸਿੰਘ ਗਿੱਲ ਨੇ ਕਿਹਾ ਕਿ ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਦੀ ਸ਼ਹੀਦੀ ਤ੍ਰੈਲੜੀ ਨੇ ਭਾਰਤ ਦੇਸ਼ ਦੀ ਢੱਠੀ ਦਸਤਾਰ ਮੁੜ ਦੇਸ਼ ਦੇ ਸਿਰ ’ਤੇ ਟਿਕਾਈ। ਉਹਨਾਂ ਕਿਹਾ ਕਿ ਪੰਜਾਬ ਨਾਬਰਾਂ ਦੀ ਧਰਤੀ ਹੈ ਅਤੇ ਇਹਨਾਂ ਨੇ ਹਰ ਜਾਬਰ ਦਾ ਮੂੰਹ ਭੰਨਿਆ ਹੈ। ਗੁਰੂ ਨਾਨਕ ਦੇਵ ਜੀ ਦੀ ਬਾਬਰ ਨੂੰ ਜਾਬਰ ਕਹਿਣ ਦੀ ਜੁਅਰਤ ਹੀ ਹੁਣ ਤੱਕ ਪੰਜਾਬੀਆਂ ਦੇ ਖ਼ੂਨ ਵਿਚ ਰਮੀ ਹੋਈ ਹੈ।

ਉਘੇ ਖੇਤੀਬਾੜੀ ਵਿਗਿਆਨੀ ਡਾ. ਗੁਰਦੇਵ ਸਿੰਘ ਖੁਸ਼ ਨੇ ਸੰਬੋਧਨ ਕਰਦਿਆਂ ਕਿਹਾ ਕਿ ਸ਼ਹੀਦਾਂ ਦੇ ਅਧੂਰੇ ਸੁਪਨੇ ਪੂਰੇ ਕਰਨ ਲਈ ਲੋਕਾਂ ਨੂੰ ਚੁਸਤ ਦਰੁਸਤ ਪ੍ਰਸ਼ਾਸਨ ਦੇਣਾ ਪਵੇਗਾ ਨਹੀਂ ਤਾਂ ਬੇਚੈਨ ਜਵਾਨਾਂ ਨੂੰ ਸੰਭਾਲਣਾ ਮੁਹਾਲ ਹੋਵੇਗਾ। ਉਹਨਾਂ ਆਖਿਆ ਕਿ ਮਨੁੱਖ ਦੀਆਂ ਬੁਨਿਆਦੀ ਜ਼ਰੂਰਤਾਂ ਕੁੱਲੀ ਗੁੱਲੀ ਤੇ ਜੁੱਲੀ ਤੋਂ ਇਲਾਵਾ ਕੌਮੀ ਸਵੈਮਾਣ ਵੀ ਜ਼ਰੂਰੀ ਹੈ। ਇਹੀ ਲੜਾਈ ਸ਼ਹੀਦ ਊਧਮ ਸਿੰਘ ਨੀ ਲੜੀ ਸੀ। ਹਿਊਸਟਨ ਤੋਂ ਆਏ ਵਿਦਵਾਨ ਸ. ਹਰਦਮ ਸਿੰਘ ਆਜ਼ਾਦ ਨੇ ਸ਼ਹੀਦੀ ਦੇ ਸੰਕਲਪ ਅਤੇ ਮਨੁੱਖੀ ਆਜ਼ਾਦੀ ਦੇ ਵਿਸ਼ਵ ਪੱਧਰੀ ਸੰਘਰਸ਼ ਦੇ ਹਵਾਲੇ ਨਾਲ ਗੱਲ ਅੱਗੇ ਤੋਰੀ। ਇਸ ਮੌਕੇ ਚਰਨ ਸਿੰਘ ਜੱਜ ਨੇ ਸ਼ਹੀਦ ਊਧਮ ਸਿੰਘ ਤੇ ਪਰਚਾ ਪੜ੍ਹਿਆ। ਪ੍ਰਿੰ. ਵੀਰ ਸਿਘ ਰੰਧਾਵਾ, ਪ੍ਰਿੰਸੀਪਲ ਗੁਰੂ ਨਾਨਕ ਕਾਲਜ ਸੁਲਤਾਨਪੁਰ ਲੋਧੀ ਨੇ ਵੀ ਆਪਣੇ ਵਿਚਾਰ ਰੱਖੇ।



ਇਸ ਤੋਂ ਇਲਾਵਾ ਪ੍ਰੋ. ਹਰਪਾਲ ਸਿੰਘ ਗਿੱਲ, ਸ਼ਹੀਦ ਊਧਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਤੇ ਜਨਕ ਰਾਜ ਸਿਧਰਾ ਤੇ ਕਈ ਹੋਰ ਵਿਦਵਾਨਾਂ ਨੇ ਵੀ ਵਿਚਾਰ ਚਰਚਾ ਵਿਚ ਭਾਗ ਲਿਆ। ਮੰਚ ਸੰਚਾਲਨ ਸੁਖਵਿੰਦਰ ਕੰਬੋਜ ਨੇ ਕੀਤਾ। ਕਵੀ ਦਰਬਾਰ ਵਿਚ ਉਘੇ ਕਵੀ ਸੁਰਿੰਦਰ ਸੀਰਤ, ਕੁਲਵਿੰਦਰ, ਤਾਰਾ ਸਿੰਘ ਸਾਗਰ, ਪੰਮੀ ਮਾਨ, ਕਮਲ ਦੇਵ ਪਾਲ, ਐਸ. ਅਸ਼ੋਕ ਭੌਰਾ, ਬੀਬੀ ਗੁਰਮੇਲ ਕੌਰ ਤੋਂ ਇਲਾਵਾ ਕੁਝ ਗਾਇਕ ਵੀਰਾਂ ਨੇ ਜਿਹਨਾਂ ਵਿਚ ਤਰਲੋਕ ਸਿੰਘ, ਅਨੂਪ ਸਿੰਘ ਚੀਮਾ, ਸੁਲਤਾਨ ਅਖਤਰ, ਹਰਜੀਤ ਜੀਤ ਆਦਿ ਨੇ ਵੀ ਦੇਸ਼ ਭਗਤੀ ਦੇ ਗੀਤ ਸੁਣਾਏ। ਇਸ ਮੌਕੇ ਗੁਰਮੀਤ ਸਿੰਘ ਪੰਜੇਟਾ, ਸਰਪੰਚ ਮਹਿੰਗਾ ਸਿੰਘ, ਮਦਨ ਸ਼ਰਮਾ ਆਦਿ ਵੀ ਵਿਸ਼ੇਸ਼ ਯੁਗਾਂਤਰ ਆਸ਼ਰਮ ਵਿਖੇ ਸ਼ਹੀਦ ਊਧਮ ਸਿੰਘ ਦੇ ਸ਼ਹੀਦੀ ਸਮਾਗਮ ਵਿਚ ਐਤਕੀ ਦਰਸ਼ਕਾਂ ਨੇ ਵੱਧ ਚੜ੍ਹ ਕ ਭਾਗ ਲਿਆ, ਹਾਲ ਦਰਸ਼ਕਾਂ ਨਾਲ ਭਰਿਆ ਪਿਆ ਸੀ। ਸਮਾਗਮ ਦੀ ਵਧੀਆ ਗੱਲ ਇਹ ਰਹੀ ਕਿ ਕੋਈ ਮੁਮੈਂਟੋਬਾਜ਼ੀ ਨਹੀਂ ਕੀਤੀ ਗਈ ਤੇ ਸਿਰਫ ਕਿਤਾਬਾਂ ਭੇਂਟ ਕੀਤੀਆਂ ਗਈਆਂ।

# ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ ਵਿਖੇ ਭਾਈ ਹਰਜਿੰਦਰ ਸਿੰਘ ਸ੍ਰੀਨਗਰ ਵਾਲੇ ਜਥੇ ਨੇ ਕੀਤਾ ਰਸ ਭਿੰਨਾ ਸ਼ਬਦ ਗਾਇਨ

ਹੈਰਾਨ ਹੋਇਆ। ਖੈਰ ਅਸੀਂ ਭਾਈ ਹਰਜਿੰਦਰ ਸਿੰਘ ਜੀ ਦੇ ਘਰ ਪਹੁੰਚ ਤਾਂ ਗਏ ਤੇ ਪਹੁੰਚਣ ਤੇ ਪਤਾ ਲੱਗਾ ਕਿ ਉਹ ਤਾਂ ਘਰ ਨਹੀਂ, ਕਿਤੇ ਕੀਰਤਨ ਕਰਨ ਗਏ ਹਨ। ਖੈਰ ਨਿਰਾਸ਼ਾ ਤਾਂ ਹੋਈ ਪਰ ਖੁਸ਼ੀ ਜ਼ਰੂਰ ਸੀ ਕਿ ਘਰ-ਦੀਦਾਰ ਤਾਂ ਹੋ ਗਏ। ਸਮਾਂ ਆਪਣੀ ਰਫਤਾਰ ਨਾਲ ਚਲਦਾ ਰਿਹਾ। ਦਾਸ 1999 ’ਚ ਅਮਰੀਕਾ ਆ ਵੱਸਿਆ। ਪਰ ਮਿਲਣ ਦੀ ਲਾਲਸਾ ਨੇ ਆਪਣਾ ਸਥਾਨ ਬਣਾਈ ਰੱਖਿਆ। ਵਿਚ-ਵਿਚਾਲੇ ਇਕ-ਦੋ ਮੌਕੇ ਮਿਲੇ ਪਰ ਕੰਮਕਾਰ ਨੇ ਪੇਸ਼ ਨਾ ਜਾਣ ਦਿੱਤੀ। ਅਖੀਰ ਸਮਾਂ ਆ ਗਿਆ, ਇਹ ਵਾਕਿਆ ਹੀ ਮਿਲਣ ਦੀ ਘੜੀ ਸੀ। ਜੋ ਪਹਿਲੀ ਅਗਸਤ 2016 ਨੂੰ ਗੁਰਦੁਆਰਾ ਸ੍ਰੀ ਸੱਚਖੰਡ ਸਾਹਿਬ ਰੋਜ਼ਵਿਲ (ਕੈਲੇਫੋਰਨੀਆ) ਵਿਖੇ ਭਾਈ ਸਾਹਿਬ ਭਾਈ ਹਰਜਿੰਦਰ ਸਿੰਘ ਜੀ ਤੇ ਉਹਨਾਂ ਦੇ ਜਥੇ ਨੂੰ ਬਹੁਤ ਨੇੜਿਉਂ ਦੇਖਣ ਤੇ ਸ਼ਬਦ ਸਰਵਣ ਕਰਨ ਦਾ ਮੌਕਾ ਦਾਸ ਨੂੰ ਮਿਲ ਗਿਆ ਹੈ। ਇਸ ਵਾਸਤੇ ਮੈਂ ਆਪਣੀ ਸੁਪਤਨੀ ਸ੍ਰੀਮਤੀ ਨਰਿੰਦਰ ਕੌਰ ਚੁੰਬਰ ਜੀ ਦਾ ਤਹਿ ਦਿਲੋਂ ਧੰਨਵਾਦੀ ਹਾਂ, ਜਿਹਨਾਂ ਨੂੰ ਆਪ ਤਾਂ ਕੰਮ ਤੋਂ ਸਮਾਂ ਨਾ ਮਿਲ ਸਕਿਆ ਪਰ ਮੇਰੀ ਤਿੰਨ ਦਹਾਕਿਆਂ ਦੀ ਤਮੰਨਾ ਪੂਰੀ ਕਰਵਾ ਦਿੱਤੀ।

ਗੁਰਦੁਆਰਾ ਸਾਹਿਬ ’ਚ ਸ਼ਬਦ ਗਾਇਨ ਸੁਣ ਕੇ ਜੋ ਆਨੰਦ ਮਿਲਿਆ, ਉਹ ਤਾਂ ਉਹੀ ਜਾਣਦੇ ਹਨ, ਜਿਹਨਾਂ ਨੇ ਉਹਨਾਂ ਨੂੰ ਸੁਣਿਆ ਹੋਵੇਗਾ। ਇਸ ਨਾਮੀ ਜਥੇ ਨੇ ਸਭ ਤੋਂ ਪਹਿਲਾਂ ਵਾਹਿਗੁਰੂ ਜਾਪ ਕੀਤਾ, ਇਸ ਉਪਰੰਤ

1. ਮੇਰੀ ਪ੍ਰੀਤ ਗੋਬਿੰਦ ਸਿਉ..
2. ਸਾਚੀ ਪ੍ਰੀਤ ਹਮ ਤੁਮ ਸੇ ਜੋਰੀ ..
3. ਬਿਰਹਾ ਬਿਰਹਾ ਆਖੀਏ ..
4. ਦਰਸ ਤੇਰੇ ਕੀ ਪਿਆਸ ਮਨਿ ਲਾਗੀ
   ਸਹਜ ਆਨੰਦ ਬਸੇ ਬੈਰਾਗੀ ..
5. ਫਰੀਦ ਤਨੁ ਸੁਕਾ ਪਿੰਜਰ ਥੀਆ
   ਤਲੀਆ ਚੂੰਡਹਿ ਕਾਗ ..
6. ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ ..

ਆਦਿ ਸ਼ਬਦ ਗਾਇਨ ਕੀਤੇ।

ਅਖੀਰ ’ਚ ਉਹਨਾਂ ਕਿਹਾ ਕਿ ਮੇਰੀ ਸਭ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ ਆਪ ਜਦੋਂ ਵੀ ਪੰਜਾਬ ਜਾਓ ਆਪਣੇ ਬੱਚਿਆਂ ਨੂੰ ਆਨੰਦਪੁਰ ਤੋਂ ਮਾਛੀਵਾੜਾ (ਚਮਕੌਰ ਦੀ ਗੜ੍ਹੀ) ਤੱਕ ਦਾ ਸਫਰ ਕਰਵਾ ਕੇ ਸਿੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਜਰੂਰ ਕਰਵਾਓ ਅਤੇ ਇਤਿਹਾਸ ਤੋਂ ਵਾਕਫ ਕਰਵਾਓ। ਉਹਨਾਂ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਤੇ ਉਹਨਾਂ ਦੀ ਮਾਤਾ ਜੀ ਤੇ ਚਾਰੇ ਸਾਹਿਬਜ਼ਾਦਿਆਂ ਦੀ ਲਾਸਾਨੀ ਕੁਰਬਾਨੀ ਨੂੰ ਇਸ ਅੰਦਾਜ਼ ਵਿਚ ਪੇਸ਼ ਕੀਤਾ ਕਿ ਸ਼ਾਇਦ ਕੋਈ ਹੀ ਗੁਰੂ ਦਾ ਸਿੱਖ ਹੋਵੇ ਜੋ ਉਪਰੋਕਤ ਦਰਸਾਏ ਮਾਰਗ ’ਤੇ ਚੱਲ ਕੇ ਧਾਰਮਿਕ ਸਥਾਨਾਂ ਨੂੰ ਨਾ ਦੇਖੇ ਜਾਂ ਇਤਿਹਾਸ ਤੋਂ ਵਾਕਫ ਨਾ ਹੋਵੇ। ਉਹਨਾਂ ਨੇ ਸੰਗਤਾਂ ਦਾ ਭਾਰੀ ਗਿਣਤੀ ਵਿਚ ਆ ਕੇ ਸ਼ਬਦ ਗਾਇਨ ਸਰਵਣ ਕਰਨਾ, ਨੂੰ ਬੜੀ ਹੀ ਦਿਲ ਦੀਆਂ ਗਹਿਰਾਈਆਂ ਤੋਂ ਉਹਨਾਂ ਦਾ ਧੰਨਵਾਦ ਕੀਤਾ ਤੇ ਕਮੇਟੀ ਦਾ ਵੀ ਧੰਨਵਾਦ ਕੀਤਾ, ਜਿਹਨਾਂ ਨੇ ਉਹਨਾਂ ਨੂੰ ਸੱਦਾ ਦੇ ਕੇ ਗੁਰਦੁਆਰਾ ਸਾਹਿਬ ਦੇ ਨਾਲ ਸੰਗਤ ਦੇ ਦਰਸ਼ਨ ਕਰਨ ਦਾ ਅਵਸਰ ਦਿੱਤਾ। ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

**– ਪ੍ਰੇਮ ਕੁਮਾਰ ਚੁੰਬਰ**

# ਓਪੀਨੀਅਨ ਪੋਲ ਨੇ ਹਿਲੇਰੀ ਦੀ ਲੀਡ ਦਾ ਕੀਤਾ ਦਾਅਵਾ

ਆਜ਼ਾਦੀ ਦੀ ਰੱਖਿਆ ਲਈ ਲੜਨ ਵਾਲੀ ਅਤੇ ਮਾਣਮੱਤੀ ਮੁਸਲਿਮ ਹਾਂ। ਕੀ ਤੁਸੀਂ ਸਾਨੂੰ ਹੁਣ ਸੁਣ ਰਹੇ ਹੋ।’

**ਮੇਲਾਨੀਆ ਟਰੰਪ ਦੀਆਂ ਨਿਰਵਸਤਰ ਤਸਵੀਰਾਂ ਛਾਪੀਆਂ**

ਨਿਊਯਾਰਕ ਪੋਸਟ ਨੇ ਰਿਪਬਲਿਕਨ ਉਮੀਦਵਾਰ ਡੋਨਲਡ ਟਰੰਪ ਦੀਆਂ ਪਤਨੀ ਮੇਲਾਨੀਆ ਟਰੰਪ ਦੀ ਨਿਰਵਸਤਰ ਤਸਵੀਰਾਂ ਪ੍ਰਕਾਸ਼ਿਤ ਕਰਕੇ ਵਿਵਾਦ ਛੇੜ ਦਿੱਤਾ ਹੈ। ਇਹ ਤਸਵੀਰਾਂ 1990 ਦੇ ਦੌਰ ਦੀਆਂ ਹਨ, ਜਦੋਂ ਮੇਲਾਨੀਆ ਮਾਡਲਿੰਗ ਕਰਦੀ ਸੀ। ਨਿਊਯਾਰਕ ਪੋਸਟ ਵਿੱਚ ਕੱਲ੍ਹ ਪਹਿਲੇ ਸਫੇ ਉਤੇ ਛਪੀ ਮੇਲਾਨੀਆ ਦੀ ਨਿਰਵਸਤਰ ਤਸਵੀਰ ਥੱਲੇ ਲਿਖਿਆ ਹੈ, ‘ਸੰਭਾਵੀ ਪ੍ਰਥਮ ਮਹਿਲਾ ਨੂੰ ਤੁਸੀਂ ਇਸ ਤਰ੍ਹਾਂ ਪਹਿਲਾਂ ਕਦੇ ਨਹੀਂ ਦੇਖਿਆ ਹੋਵੇਗਾ।’ ਟਰੰਪ ਦੇ ਪ੍ਰਮੁੱਖ ਸਲਾਹਕਾਰ ਜੇਸਨ ਮਿੱਲਰ ਨੇ ਕਿਹਾ ਕਿ ਮੇਲਾਨੀਆ ਦੀ ਨਗਨ ਤਸਵੀਰਾਂ ਛਾਪਣ ਨਾਲ ਕੋਈ ਸਮੱਸਿਆ ਨਹੀਂ ਹੈ। ਇਸ ਵਿੱਚ ਸ਼ਰਮ ਵਾਲੀ ਕੋਈ ਗੱਲ ਨਹੀਂ ਹੈ। ਉਹ ਇਕ ਖੂਬਸੂਰਤ ਮਹਿਲਾ ਹੈ।


‘ਦੇਸ਼ ਦੁਆਬਾ’ ‘ਅੰਬੇਦਕਰ ਟਾਈਮਜ਼’
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

# ਸ. ਦਲਜੀਤ ਸਿੰਘ ਗਿੱਲ 'ਕਰੰਦਰਜ਼' ਦੇ ਅਕਾਲ ਚਲਾਣੇ 'ਤੇ ਪਰਿਵਾਰ ਨੂੰ ਭਾਰੀ ਸਦਮਾ

**ਫਰਿਜ਼ਨੋ (ਕੁਲਵੰਤ ਧਾਲੀਆਂ/ ਨੀਟਾ ਮਾਛੀਕੇ):** ਫਰਿਜ਼ਨੋ ਨਜ਼ਦੀਕੀ ਸ਼ਹਿਰ ਕਰੰਦਰਜ਼ ਵਿਖੇ ਪੰਜਾਬੀ ਭਾਈਚਾਰੇ ਦੀ ਜਾਣੀ-ਪਹਿਚਾਣੀ ਸਖਸ਼ੀਅਤ ਸ. ਦਲਜੀਤ ਸਿੰਘ ਗਿੱਲ ਬੀਤੇ ਦਿਨੀ 30 ਜੁਲਾਈ ਨੂੰ ਅਕਾਲ ਚਲਾਣਾ ਕਰ ਗਏ ਸਨ। ਉਨ੍ਹਾਂ ਦੀ ਉਮਰ 80 ਸਾਲਾ ਦੇ ਲਗਭਗ ਸੀ। ਫਰਿਜ਼ਨੋ ਇਲਾਕੇ ਵਿੱਚ ਪੰਜਾਬੀ ਭਾਈਚਾਰੇ ਦੁਆਰਾ ਕੀਤੇ ਜਾ ਰਹੇ ਸਾਝੇ ਕਾਰਜਾ ਵਿੱਚ ਇੰਨ੍ਹਾਂ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਇਨ੍ਹਾਂ ਦਾ ਪਿਛਲਾ ਪਿੰਡ ਧੂਰਕੋਟ ਜਿਲ੍ਹਾਂ ਫਰੀਦਕੋਟ ਹੈ ਅਤੇ 40 ਸਾਲਾ ਦੇ ਵਧੀਕ ਅਰਸੇ ਤੋਂ ਆਪਣੇ ਪਰਿਵਾਰ ਸਮੇਤ ਕਰੰਦਰਜ਼, ਕੈਲੀਫੋਰਨੀਆਂ ਵਿਖੇ ਰਹਿ ਰਹੇ ਸਨ। ਇਹ ਸੋਗੀ ਦੇ



ਬਾਦਸ਼ਾਹ ਵਜ਼ੋ ਜਾਣੇ ਜਾਂਦੇ ਸ. ਚਰਨਜੀਤ ਸਿੰਘ ਬਾਠ ਦੇ ਭਣੋਈਆਂ ਸਨ। ਇੰਨ੍ਹਾਂ ਦਾ ਅੰਤਮ ਸੰਸਕਾਰ 7 ਅਗਸਤ 2016 ਦਿਨ ਐਤਵਾਰ ਨੂੰ 'ਸ਼ਾਂਤ ਭਵਨ ਫਿਊਨਰਲ ਹੋਮ' ਫਰਿਜ਼ਨੋ ਵਿਖੇ ਸਵੇਰੇ 10 ਵਜ਼ੇ ਤੋਂ ਬਾਅਦ ਦੁਪਿਹਰ 1 ਵਜ਼ੇ ਤੱਕ ਹੋਵੇਗਾ। ਇਸ ਉਪਰੰਤ ਅੰਤਮ ਅਰਦਾਸ ਗੁਰਦੁਆਰਾ ਸਿੱਖ ਟੈਂਪਲ ਆਫ ਪੈਸ਼ੀ-ਫਿਕ ਕੋਸ਼ਟ ਕਰੰਦਰਜ਼ ਵਿਖੇ 2 ਵਜ਼ੇ ਤੋਂ 4 ਵਜ਼ੇ ਤੱਕ ਹੋਵੇਗੀ। ਉਨ੍ਹਾਂ ਦੀ ਮੌਤ ਨਾਲ ਗਿੱਲ, ਬਾਠ, ਅਟਵਾਲ ਅਤੇ ਹੀਰੋ ਪਰਿਵਾਰ ਨੂੰ ਭਾਰੀ ਸਦਮਾ ਪੁੱਜਾ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਉਨ੍ਹਾਂ ਦੇ ਪੁੱਤਰ ਸ. ਕੁਲਵੰਤ ਸਿੰਘ ਗਿੱਲ ਨਾਲ ਫੋਨ ਨੰਬਰ (559) 493-1910 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਪ੍ਰਸਿੱਧ ਲੇਖਕ ਐਸ. ਬਲਵੰਤ ਅਤੇ ਅਟਵਾਲ ਪਰਿਵਾਰ ਨੂੰ ਗਹਿਰਾ ਸਦਮਾ

**ਬਰਮਿੰਗਟਨ-** ਪ੍ਰਸਿੱਧ ਲੇਖਕ ਅਤੇ ਚਿੰਤਕ, ਇਤਿਹਾਸਕਾਰ ਐਸ. ਬਲਵੰਤ ਦੇ ਭਤੀਜੇ ਸੋਨੂੰ (ਇੰਦਰਜੀਤ ਅਟਵਾਲ) ਪੁੱਤਰ ਸ੍ਰੀ ਸੁਖਵਿੰਦਰ ਅਟਵਾਲ ਅਤੇ ਸ੍ਰੀਮਤੀ ਸੁਖਦੇਵ ਕੌਰ ਦੀ ਬੀਤੀ 8 ਜੁਲਾਈ ਨੂੰ ਸੈਂਡਵੈਲ ਹਸਪਤਾਲ ਵਿਖੇ ਅਚਾਨਕ ਮੌਤ ਹੋ ਗਈ। ਸੋਨੂੰ ਮਿਹਨਤੀ ਅਤੇ ਅਣਥੱਕ ਘਾਲਣਾ ਘਾਲਣ ਵਾਲਾ ਨੌਜਵਾਨ ਸੀ। ਉਹਨਾਂ ਦਾ ਅੰਤਿਮ ਸਸਕਾਰ 30 ਜੁਲਾਈ ਨੂੰ ਸੈਂਡਵੈਲ ਕ੍ਰੀਮੀਏਸ਼ਨ, ਨਿਊਟਨ ਰੋਡ, ਬਮਿੰਗਟਨ (ਇੰਗਲੈਂਡ) ਵਿਖੇ ਕਰ ਦਿੱਤਾ ਗਿਆ। ਅਦਾਰਾ 'ਦੇਸ਼ ਦੁਆਬਾ' ਵਿਛੜੀ ਰੂਹ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਪੀੜਤ ਪਰਿਵਾਰ ਦੇ ਦੁੱਖ ਦੀ ਘੜੀ ਵਿਚ ਦੁੱਖ ਪ੍ਰਗਟ ਕਰਦਾ ਹੈ।



# ਕਾ. ਤਰਲੋਕ ਸਿੰਘ ਦੀ ਮੌਤ ਤੇ ਆਗੂਆਂ ਵਲੋਂ ਸੋਗ

**ਗੁਰਾਇਆ (ਨਿਰਮਲ ਗੁੜਾ)-** ਇਤਿਹਾਸਕ ਅਤੇ ਕਾਮ-ਰੇਡਾਂ ਦੇ ਨਾਮ ਤੇ ਮਸ਼ਹੂਰ ਪਿੰਡ ਦੁਸਾਂਝ ਕਲਾਂ ਦੇ ਇਨਕਲਾਬੀ ਅਤੇ ਸੰਘਰਸ਼ੀ ਕਾ. ਤਰਲੋਕ ਸਿੰਘ ਜਿਥੇ ਆਪਣੇ ਪਰਿਵਾਰ ਅਤੇ ਰਿਸ਼ਤੇਦਾਰਾਂ ਨੂੰ ਛੱਡ ਅਕਾਲਾ ਚਲਾਣਾ ਕਰ ਗਏ ਉਥੇ ਸੀ ਪੀ ਐਮ ਲਈ ਕੰਮ ਕਰਨ ਵਾਲ਼ੇ ਆਪਣੇ ਸਾਥੀਆਂ ਨੂੰ ਵੀ ਸਦੀਵੀ ਵਿਛੋੜਾ ਦੇ ਗਏ ਹਨ। ਕਾ. ਤਰਲੋਕ ਸਿੰਘ ਨੇ ਸਾਰੀ ਉਮਰ ਸੀ ਪੀ ਐਮ ਪਾਰਟੀ ਵਿੱਚ ਸੇਵਾਵਾਂ ਨਿਭਾਈਆਂ ਅਤੇ ਪਾਰਟੀ ਦੇ ਅਕੀਦਿਆਂ ਤੇ ਪਹਿਰਾ ਦਿੰਦਿਆਂ ਲੋਕਾਂ ਦੇ ਨਾਲ਼ ਹੁੰਦੀ ਧੱਕੇਸ਼ਾਹੀ ਨਾਲ਼ ਜੂਝਦੇ ਰਹੇ। ਤਰਲੋਕ ਸਿੰਘ ਪਿੰਡ ਦੁਸਾਂਝ ਦਾ 10 ਸਾਲ ਸਰਪੰਚ ਰਿਹਾ ਅਤੇ ਪਿੰਡ ਦੇ ਵਿਕਾਸ ਲਈ ਬੇਦਾਗ ਸੇਵਾਵਾਂ ਨਿਭਾਈਆਂ। ਅੱਜ ਅਚਾਨਕ ਤਰਲੋਕ ਸਿੰਘ ਦੀ ਮੌਤ ਤੇ ਪਰਿਵਾਰਕ ਮੈਂਬਰਾਂ, ਇਲਾਕਾ ਵਾਸੀ ਅਤੇ ਵੱਖ ਵੱਖ ਜਥੇਬੰਦੀਆਂ ਦੇ ਆਗੂਆਂ ਨੇ ਕਾ. ਤਰਲੋਕ ਸਿੰਘ ਨੂੰ ਨਮ ਅੱਖਾਂ ਨਾਲ਼ ਵਿਦਾਇਗੀ ਦਿਤੀ। ਸਸਕਾਰ ਵੇਲੇ ਤਰਲੋਕ ਸਿੰਘ ਦਾ ਪਰਿਵਾਰ, ਇਲਾਕਾ ਵਾਸੀਂ ਤੇ ਵੱਖ ਜਥੰਬੇਦੀਆਂ ਦੇ ਆਗੂ ਮੌਜੂਦ ਸਨ।



# ਗੁਰਬਾਣੀ ਦੇ ਰਸੀਏ ਤੇ ਸੰਗਤਾਂ ਨੂੰ ਹਮੇਸ਼ਾ ਜੁੜੇ ਰਹਿਣ ਲਈ ਪ੍ਰੇਰਿਤ ਕਰਨ ਵਾਲੇ

# ਭਾਈ ਬਲਦੇਵ ਸਿੰਘ ਜੀ ਦਾ ਅਕਾਲ ਚਲਾਣਾ

**ਪਿਟਸਬਰਗ (ਡੀ. ਡੀ. ਬੀ.)-** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ, ਜੋ ਉੱਤਰੀ ਅਮਰੀਕਾ 'ਚ ਪਹਿਲਾ ਗੁਰਦੁਆਰਾ ਸਾਹਿਬ ਹੈ, ਜੋ ਸ੍ਰੀ ਗੁਰੂ ਰਵਿਦਾਸ ਜੀ ਦੇ ਨਾਮ 'ਤੇ ਉਸਾਰਿਆ ਗਿਆ ਹੈ, ਇੱਥੇ ਸਮੇਂ-ਸਮੇਂ ਮੰਨੀਆਂ ਪ੍ਰਮੰਨੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਸ਼ਖਸੀਅਤਾਂ ਨੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਨਤਮਸਤਕ ਹੋ ਕੇ ਹਾਜ਼ਰੀਆਂ ਭਰੀਆਂ, ਜਿਹਨਾਂ ਨੂੰ ਗੁਰੂ ਘਰ ਦੇ 30 ਸਾਲਾਂ ਦੇ ਇਤਿਹਾਸ ਵਿਚ ਸੁਣਨ ਨੂੰ ਮਿਲਦਾ ਹੈ, ਉਹ ਸ਼ਖਸੀਅਤਾਂ ਚਾਹੇ ਭਾਰਤ ਤੋਂ ਹੀ ਕਿਉਂ ਨਾ ਆਈਆਂ ਹੋਣ ਜਾਂ ਲੋਕਲ ਜਾਂ ਫਿਰ ਅਮਰੀਕਾ/ ਕੈਨੇਡਾ/ ਯੂਰਪ ਆਦਿ ਮੁਲਕਾਂ ਤੋਂ ਹੋਣ।

ਸਮੂਹ ਸੰਗਤ ਨਾਲ ਗੁਰੂ ਘਰ ਆਈਆਂ ਇਹਨਾਂ ਸ਼ਖਸੀਅਤਾਂ ਨੂੰ ਅਕਾਲ ਪੁਰਖ ਦੀ ਮਹਿਮਾ ਨੂੰ ਗੁਰਬਾਣੀ ਦੇ ਰੂਪ 'ਚ ਸਰਵਣ ਕਰਨ ਨਾਲ ਖੂਬ ਆਨੰਦ ਤੇ ਸਕੂਨ ਮਿਲਿਆ। ਜ਼ਿੰਦਗੀ ਦੇ ਹੋਰਨਾਂ ਨਾਨਾ ਪ੍ਰਕਾਰ ਦੇ ਰੁਝੇਵਿਆਂ 'ਚੋਂ ਵਕਤ ਕੱਢ ਕੇ ਗੁਰੂ ਦੇ ਸਨਮੁਖ ਹੋ ਕੇ ਨਤਮਸਤਕ ਹੋਣਾ ਤੇ ਮਨ-ਚਿਤ ਲਗਾ ਕੇ ਗੁਰਬਾਣੀ ਸਰਵਣ ਕਰਨਾ, ਆਪਣਾ ਆਪ ਭੁਲਾ ਕੇ ਜ਼ਿੰਦਗੀ ਦੇ ਕੁਝ ਪਲ ਉਸ ਅਕਾਲ ਪੁਰਖ ਦੀ ਰਜ਼ਾ 'ਚ ਬਿਤਾਉਣਾ, ਕਹਿੰਦੇ ਕਰਮਾਂ ਵਾਲਿਆਂ ਨੂੰ ਹੀ ਨਸੀਬ ਹੁੰਦੇ ਹਨ।




ਇਹ ਸਭ ਉਦੋਂ ਹੋਰ ਵੀ ਸੁਖਾਲਾ ਹੋ ਜਾਂਦਾ ਹੈ, ਜਦੋਂ ਕਿ ਅਕਾਲ ਪੁਰਖ ਦੇ ਨਾਂ ਨਾਲ ਜੁੜਿਆ ਹੋਵੇ ਤੇ ਹੋਰਾਂ ਨੂੰ ਪ੍ਰੇਰਨਾ ਦੇਵੇ। ਅਜਿਹੀਆਂ ਸ਼ਖਸੀਅਤਾਂ 'ਚੋਂ ਭਾਈ ਸਾਹਿਬ ਭਾਈ ਬਲਦੇਵ ਸਿੰਘ ਜੀ ਦਾ ਜੇਕਰ ਦਾਸ ਨਾਮ ਲਵੇ ਤਾਂ ਕੋਈ ਤਾਂ ਅਤਿਕਥਨੀ ਨਹੀਂ ਹੋਵੇਗੀ, ਖਾਸ ਕਰਕੇ ਉਹ ਸੰਗਤ ਜਰੂਰ ਜਾਣਦੀ ਹੋਵੇਗੀ, ਜਿਹਨਾਂ ਨੇ ਭਾਈ ਬਲਦੇਵ ਸਿੰਘ ਜੀ ਤੇ ਉਹਨਾਂ ਦੇ ਜਥੇ ਨੂੰ ਸ਼ਬਦ ਗਾਇਨ ਕਰਦੇ ਸੁਣਿਆ ਹੋਵੇ। ਦਾਸ ਨੂੰ ਭਾਈ ਬਲਦੇਵ ਸਿੰਘ ਜੀ ਦੇ ਜੀਵਨ ਬਾਰੇ ਜਾਂ ਪਰਿਵਾਰ ਬਾਰੇ ਬੇਸ਼ੱਕ ਕੋਈ ਜਾਣਕਾਰੀ ਨਹੀਂ ਹੈ ਪ੍ਰੰਤੂ ਇੰਨਾ ਜਾਣਦਾ ਹਾਂ ਕਿ ਉਹ ਦਸਾਂ ਨਹੁੰਆਂ ਦੀ ਕਿਰਤ ਕਰਕੇ (ਨੌਕਰੀ ਕਰਦੇ ਕਰਦੇ) ਗੁਰਬਾਣੀ ਦਾ ਨਿੱਤ ਸਿਮਰਨ ਕਰਦੇ ਹੀ ਨਹੀਂ ਬਲਕਿ ਆਪਣੇ ਆਪ ਨੂੰ ਇਕ ਚੰਗੇ ਇਨਸਾਨ ਵਜੋਂ ਵਿੱਚਰਨ ਦਾ ਉਹ ਹਮੇਸ਼ਾ ਯਤਨ ਕਰਦੇ ਸਨ ਅਤੇ ਵਕਤ ਕੱਢ ਕੇ ਗੁਰੂ ਘਰਾਂ 'ਚ ਜਾ ਕੇ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਆਪੋ ਆਪਣੇ ਮਨ 'ਚ ਵਸਾ ਲੈਣ ਲਈ ਕਿਹਾ ਕਰਦੇ ਸਨ। ਆਪ ਬਹੁਤ ਨਾਮੀ/ ਸ਼ੀਤਲ ਸੁਭਾਅ ਦੇ ਧਨੀ ਸਨ। ਦਾਸ ਨੇ ਅਕਸਰ ਉਹਨਾਂ ਨੂੰ ਗੁਰੂ ਘਰ 'ਚ ਸ਼ਬਦ ਗਾਇਨ ਕਰਦਿਆਂ ਹੋਇਆਂ ਅਖੀਰ 'ਚ ਦੇਖਿਆ, ਪਰ ਉਹਨਾਂ ਕਦੇ ਨਾ ਕਿਹਾ ਤੇ ਨਾ ਹੀ ਸੋਚਿਆ ਹੋਵੇਗਾ ਕਿ ਮੈਨੂੰ ਜਾਂ ਮੇਰੇ ਜਥੇ ਨੂੰ ਸਮਾਂ ਕੀਰਤਨ ਕਰਨ ਦਾ ਅਖੀਰ 'ਚ ਮਿਲਿਆ। ਭਾਈ ਬਲਦੇਵ ਸਿੰਘ ਜੀ ਅੱਜ ਸਾਡੇ ਵਿਚ ਨਹੀਂ ਰਹੇ, ਇਹ ਬਹੁਤ ਹੀ ਦਿਲ ਨੂੰ ਦੁਖੀ ਕਰਨ ਵਾਲੀ ਖ਼ਬਰ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਜਦੋਂ ਸਟੇਜ ਦੀ ਸੇਵਾ ਨਿਭਾਅ ਰਹੀ ਬੀਬੀ ਜ਼ੀਨਾ ਭਾਟੀਆ ਜੀ ਨੇ ਸੰਗਤਾਂ ਨਾਲ ਦੁਖੀ ਹਿਰਦੇ ਨਾਲ ਸਾਂਝੀ ਕੀਤੀ, ਮਨ ਨੂੰ ਬੜਾ ਧੱਕਾ ਲੱਗਾ। ਅਕਾਲ ਪੁਰਖ, ਇਸ ਵਿਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ੇ ਤੇ ਸਭ ਨੂੰ ਭਾਣਾ ਮੰਨਣ ਦਾ ਬਲ ਬਖਸ਼ਿਸ਼ ਕਰੇ।

# ਕਰਮਨ ਸ਼ਹਿਰ ਦੇ ਨਿੱਝਰ ਪਰਿਵਾਰ ਨੂੰ ਸਦਮਾ

**ਕਰਮਨ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਕਰਮਨ ਸ਼ਹਿਰ ਦੇ ਕੌਂਸਲ ਮੈਂਬਰ ਬਿੱਲ ਨਿੱਝਰ ਅਤੇ ਉਹਨਾਂ ਦੇ ਭਰਾ ਉੱਘੇ ਸਮਾਜ-ਸੇਵੀ ਗੁਰਤੀਰਥ ਸਿੰਘ ਨਿੱਝਰ ਨੂੰ ਪਿਛਲੇ ਦਿਨੀਂ ਉਸ ਵਕਤ ਭਾਰੀ ਸਦਮਾਂ ਲੱਗਾ ਜਦੋਂ ਉਹਨਾਂ ਦੇ ਪਿਤਾ ਸ੍ਰ. ਗੁਰਬਖਸ਼ ਸਿੰਘ ਨਿੱਝਰ ਅਚਾਨਕ ਸਦੀਵੀ ਵਿਛੋੜਾ ਦੇ ਗਏ, ਉਹ 69 ਸਾਲ ਦੇ ਸਨ। ਉਹਨਾਂ ਦਾ ਪਿਛਲਾ ਪਿੰਡ ਰਾਇਪੁਰ ਰਾਈਆਂ ਜਿਲਾਂ ਜਲੰਧਰ ਪੰਜਾਬ ਵਿੱਚ ਹੈ। ਉਹ 1984 ਤੋਂ ਫਰਿਜ਼ਨੋ ਇਲਾਕੇ ਵਿੱਚ ਰਹਿ ਰਹੇ ਸਨ। ਉਹਨਾਂ ਨੇ ਆਪਣੀ ਜਿੰਦਗੀ ਦਾ ਕਾਫ਼ੀ ਸਮਾਂ ਸੈਨਵਾਕੀਨ ਸ਼ਹਿਰ ਵਿੱਚ ਬਿਤਾਇਆ, ਇਸ ਪਿੱਛੋਂ ਉਹ1994 ਵਿੱਚ ਕਰਮਨ ਸ਼ਹਿਰ ਆਣ ਵਸੇ। ਇੱਥੇ ਹੀ ਉਹਨਾਂ ਆਪਣੀ ਜਿੰਦਗੀ ਦੀ ਆਖਰੀ ਸਾਹ ਲਈ। ਪੰਜਾਬੀ ਕਮਿਉਨਟੀ ਵਿੱਚ ਉਹਨਾਂ ਨੂੰ ਲੋਕੀਂ ਧਾਰਮਿਕ ਬਿਰਤੀ ਅਤੇ ਸ਼ਾਂਤ ਸੁਭਾਅ ਵਾਲੀ ਬਹੁਪੱਖੀ ਸ਼ਖਸੀਅਤ ਦੇ ਤੌਰ ਤੇ ਯਾਦ ਕਰਦੇ ਹਨ। ਉਹਨਾਂ ਦਾ ਅੰਤਿਮ ਸੰਸਕਾਰ ਸ਼ਾਤ ਭਵਨ ਫਿਊਨਰਲ ਹੋਮ ਫਾਉਲਰ ਵਿਖੇ ਮਿੱਤੀ 6 ਅਗਸਤ ਦਿਨ ਸ਼ਨੀਵਾਰ ਸਵੇਰੇ 11 ਤੋਂ ਦੁਪਿਹਰ 1 ਵਜੇ ਦਰਮਿਆਨ ਹੋਵੇਗਾ, ਉਪਰੰਤ ਭੋਗ ਅਤੇ ਅੰਤਮ ਅਰਦਾਸ ਗੁਰਦਵਾਰਾ ਗੁਰੂ ਨਾਨਕ ਪ੍ਰਕਾਸ਼ ਫਰਿਜ਼ਨੋ ਹੋਵੇਗੀ। ਦੁਖ ਸਾਝਾ ਕਰਨ ਲਈ ਸੰਪਰਕ ਕਰ ਸਕਦੇ ਹੋ ਬਿੱਲ ਨਿੱਝਰ 559-289-6543 ਗੁਰਤੀਰਥ ਨਿੱਝਰ 559-289-1798....।






# ਡਾ.ਅੰਬੇਡਕਰ ਜੀ ਦੇ 125ਵੇਂ ਜਨਮ ਦਿਨ ਸਮਰਪਿਤ ਸਮਾਗਮ ਕਰਵਾਇਆ

## ਦਲਿਤ ਸਮਾਜ ਅੱਜ ਵੀ ਗੁਲ਼ਾਮਾਂ ਵਾਲ਼ਾ ਜੀਵਨ ਬਤੀਤ ਕਰ ਰਿਹਾ : ਕਲੇਰ





**ਗੁਰਾਇਆ (ਨਿਰਮਲ ਗੁੜਾ)–** ਨਜਦੀਕੀ ਕਸਬਾ ਅੱਪਰਾ ਵਿਖੇ ਸੰਵਿਧਾਨ ਨਿਰਮਾਤਾ ਭਾਰਤ ਰਤਨ ਬਾਬਾ ਸਾਹਿਬ ਭੀਮ ਰਾਓ ਡਾ. ਅੰਬੇਡਕਰ ਜੀ ਦੇ 125ਵੇਂ ਜਨਮ ਦਿਨ ਨੂੰ ਸਮ੍ਰਪਿਤ "ਦਲਿਤ ਚੇਤਨਾ ਦਿਵਸ'' ਮਨਾਇਆ ਗਿਆ। ਇਸ ਸਮਾਗਮ ਵਿੱਚ ਹਲਕਾ ਵਿਧਾਇਕ ਤੇ ਮੁੱਖ ਸੰਸਦੀ ਸਕੱਤਰ ਸ਼੍ਰੀ ਅਵਿਨਾਸ਼ ਚੰਦਰ ਕਲੇਰ ਮੁੱਖ ਮਹਿਮਾਨ ਵਜੋਂ, ਜਦਕਿ ਐਸ. ਸੀ., ਐਸ. ਟੀ. ਕਮਿਸ਼ਨ ਪੰਜਾਬ ਦੇ ਚੇਅਰਮੈਨ ਸ਼੍ਰੀ ਰਾਜੇਸ਼ ਬਾਘਾ, ਐਸ. ਡੀ. ਐਮ. ਫਿਲੌਰ ਸ਼੍ਰੀ ਸੁਭਾਸ਼ ਚੰਦਰ, ਵਰਲਡ ਵਾਈਡ ਸਕੋਪ ਵੈਲਫੇਅਰ ਸੁਸਾਇਟੀ ਯੂ ਕੇ ਦੇ ਚੇਅਰਮੈਨ ਹਰਦੀਪ ਸਿੰਘ ਤੱਗੜ ਉਚੇਚੇ ਤੌਰ ਤੇ ਹਾਜਰ ਹੋਏ। ਸਮਾਗਮ ਦਾ ਆਗਾਜ ਪਤਵੰਤੇ ਸੱਜਣਾਂ ਵਲੋਂ ਡਾ. ਅੰਬੇਡਕਰ ਜੀ ਦੀ ਤਸਵੀਰ ਅੱਗੇ ਫੁੱਲ ਅਰਪਿਤ ਕਰਕੇ ਕੀਤਾ। ਇਸ ਮੌਕੇ ਜਿਥੇ ਮਿਸ਼ਨਰੀ ਕਲਾਕਾਰ ਰੱਜਨੀ ਠੱਕਰਵਾਲ ਨੇ ਮਿਸ਼ਨਰੀ ਗੀਤਾਂ ਰਾਹੀਂ ਸਰੋਤਿਆਂ ਨੂੰ ਡਾ. ਅੰਬੇਡਕਰ ਜੀ ਦੇ ਜੀਵਨ ਤੋਂ ਜਾਣੂ ਕਰਵਾਇਆ ਉਥੇ ਸ਼੍ਰੀ ਅਵਿਨਾਸ਼ ਚੰਦਰ ਕਲੇਰ ਅਤੇ ਸ਼੍ਰੀ ਰਾਜੇਸ਼ ਬਾਘਾ ਨੇ ਕਿਹਾ ਕਿ ਦਲਿਤ ਸਮਾਜ ਅੱਜ ਵੀ ਗੁਲਾਮਾਂ ਵਾਲ਼ਾ ਜੀਵਨ ਬਤੀਤ ਕਰ ਰਿਹਾ ਹੈ, ਜਦਕਿ ਸਮਾਜ ਨੂੰ ਡਾ. ਅੰਬੇਡਕਰ ਜੀ ਦੇ ਦੱਸੇ ਮੁਤਾਬਕ ਪੜ੍ਹਨ, ਜੁੜਨ ਅਤੇ ਸੰਘਰਸ਼ ਕਰਨ ਦੀ ਲੋੜ ਹੈ ਅਤੇ ਸਮਾਜ ਨੂੰ ਮੁੱਫਤ ਆਟਾ ਦਾਲ਼ ਅਤੇ ਭਿਖਾਰੀਆਂ ਵਰਗੀਆਂ ਸਕੀਮਾਂ ਦੇ ਲਾਲਚ ਵਿੱਚ ਨਾ ਆ ਕੇ ਸਗੋਂ ਚੰਗੇ ਭਵਿਖ ਵੱਲ ਵਧਣ ਦੀ ਲੋੜ ਹੈ ਅਤੇ ਵੱਧ ਤੋਂ ਵੱਧ ਪੜ੍ਹਾਈ ਕਰਨ ਦੀ ਲੋੜ ਹੈ ਇੱਕ ਦਿਨ ਦੇਸ਼ ਅੰਦਰ ਦਲਿਤ ਸਮਾਜ ਦਾ ਰਾਜ ਜਰੂਰ ਆਵੇਗਾ। ਇਸ ਮੌਕੇ ਲੱਕੀ ਅੱਪਰਾ, ਵਿਸ਼ਾਲ ਗੋਇਲ, ਬਲਾਕ ਸੰਮਤੀ ਫਿਲੌਰ ਦੇ ਚੇਅਰਮੈਨ ਜਸਵੀਰ ਵਿਰਕ, ਕੁਲਵੀਰ ਲੱਲੀਆਂ ਅਤੇ ਵੱਡੀ ਗਿਣਤੀ ਵਿੱਚ ਡਾ. ਅੰਬੇਡਕਰ ਮਿਸ਼ਨਰੀ ਲੋਕ ਮੌਜੂਦ ਸਨ।

# ਕਿਸਾਨ ਭਵਨ ਵਿਖੇ ਫੈਸ਼ਨ ਤੇ ਲਾਈਫ ਸਟਾਈਲ ਪ੍ਰਦਰਸ਼ਨੀ ਦਾ ਉਦਘਾਟਨ

**ਚੰਡੀਗੜ੍ਹ–** ਇਥੇ ਕਿਸਾਨ ਭਵਨ ਵਿਖੇ ਉਪ ਮੁੱਖ ਮੰਤਰੀ ਪੰਜਾਬ ਦੇ ਮੀਡੀਆ ਸਲਾਹਕਾਰ ਜੰਗਵੀਰ ਸਿੰਘ ਨੇ ਫੈਸ਼ਨ, ਲਾਈਫ ਸਟਾਈਲ ਤੇ ਮਹਿਲਾਵਾਂ ਨਾਲ ਸਬੰਧਤ ਵਸਤਾਂ ਦੀ ਇਕ ਪ੍ਰਦਰਸ਼ਨੀ ਦਾ ਉਦਘਾਟਨ ਕੀਤਾ।



ਮੋਨਾ ਸਿੰਘ ਤੇ ਮਨੀਸ਼ਾ ਸਿੰਘ ਵਲੋਂ ਲਗਾਈ ਗਈ ਇਸ ਪ੍ਰਦਰਸ਼ਨੀ ਵਿਚ ਵੱਖ ਵੱਖ ਤਰ੍ਹਾਂ ਦੀਆਂ ਡਿਜ਼ਾਈਨ ਕੀਤੀਆਂ ਪੁਸ਼ਾਕਾਂ ਤੋਂ ਇਲਾਵਾ ਪਾਕਿਸਤਾਨ ਅਤੇ ਆਧੁਨਿਕ ਵਸਤਰ ਵੀ ਇਸ ਪ੍ਰਦਰਸ਼ਨੀ ਵਿਚ ਲਗਾਏ ਗਏ। ਇਸ ਤੋਂ ਇਲਾਵਾ ਪ੍ਰਦਰਸ਼ਨੀ ਵਿਚ ਨੱਗ ਅਤੇ ਪੋਲਕਾ ਨਾਲ ਬਣੇ ਗਹਿਣੀਆਂ ਤੋਂ ਇਲਾਵਾ ਰੂਪ-ਸੱਜਾ ਨਾਲ ਸਬੰਧਤ ਵਸਤਾਂ ਵੀ ਇਸ ਪ੍ਰਦਰਸ਼ਨੀ ਵਿਚ ਸ਼ਾਮਲ ਹਨ।

ਸ਼੍ਰੀ ਜੰਗਵੀਰ ਸਿੰਘ ਨੇ ਆਪਣੀ ਧਰਮਪਤਨੀ ਗੁਰਵਿੰਦਰ ਕੋਰ ਨਾਲ ਪ੍ਰਦਰਸ਼ਨੀ ਵਿਚ ਲੱਗੀਆਂ ਵੱਖ-ਵੱਖ ਸਟਾਲਾਂ ਦਾ ਦੌਰਾ ਕੀਤਾ ਅਤੇ ਡਿਜਾਈਨਰਾਂ ਨੂੰ ਚੰਡੀਗੜ ਵਿਖੇ ਇਕ ਬਿਹਤਰੀਨ ਪ੍ਰਦਰਸ਼ਨੀ ਆਯੋਜਿਤ ਕਰਨ ਲਈ ਮੁਬਾਰਕਬਾਦ ਦਿੱਤੀ । ਉਨ੍ਹਾਂ ਡਿਜਾਈਨਰਾਂ ਨੂੰ ਸੁਝਾਅ ਦਿੱਤਾ ਕਿ ਪੰਜਾਬ ਦੀ ਵਤਸਰ ਕਲਾ ਨਾਲ ਸਬੰਧਤ ਹੋਰ ਪਹਿਰਾਵੇ ਵੀ ਇਸ ਪ੍ਰਦਰਸ਼ਨੀ ਵਿਚ ਸ਼ਾਮਲ ਕੀਤੇ ਜਾਣ। ਇਸ ਸੁਝਾਅ 'ਤੇ ਪਹਿਰਾਵਾ ਡਿਜਾਈਨਰਾਂ ਨੇ ਸਹਿਮਤੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਨਵੀਂ ਯੁਵਾ ਪੀੜੀ ਨੂੰ ਆਕਰਸ਼ਿਤ ਕਰਨ ਲਈ ਪੰਜਾਬੀ ਕਰਾਫਟ ਵਿਚ ਨਵੇਂ ਬਦਲਾਅ ਲਿਆਉਣ ਲਈ ਕੋਸ਼ਿਸ਼ਾਂ ਕੀਤੀਆਂ ਜਾਣਗੀਆਂ। ਸ਼੍ਰੀਮਤੀ ਮੋਨਾ ਡਾਂਗ ਨੇ ਇਸ ਮੌਕੇ ਮੁੱਖ ਮਹਿਮਾਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਸੰਸਥਾ 'ਪੈਸ਼ਨ ਇਵੈਂਟਸ ਐਂਡ ਐਗਜ਼ੀਬੀਸ਼ਨ' ਵਲੋਂ ਚੰਡੀਗੜ੍ਹ ਵਿਚ ਅਜਿਹੀਆਂ ਹੋਰ ਪ੍ਰਦਰਸ਼ਨੀਆਂ ਵੀ ਲਗਾਈਆਂ ਜਾਣਗੀਆਂ। ਇਸ ਪ੍ਰਦਰਸ਼ਨੀ ਵਿਚ ਰੂਪ-ਸੱਜਾ ਨਾਲ ਸਬੰਧਤ ਕੰਪਨੀਆਂ ਕਾਲ, ਲਾਸ ਏਜੰਲਸ ਨੇ ਪ੍ਰਦਰਸ਼ਨੀ ਵੇਖਣ ਵਾਲੀਆਂ ਨੂੰ ਤੋਹਫੇ ਵੀ ਵੰਡੇ। ਇਹ ਪ੍ਰਦਰਸ਼ਨੀ ਸੋਮਵਾਰ ਤੱਕ ਜਾਰੀ ਰਹੇਗੀ।

# ਬੀ. ਐਸ. ਐਫ ਖੇਮਕਰਨ ਨੂੰ ਮਿਲੀ ਸਫਲਤਾ 15 ਪੈਕਟ ਹੈਰੋਇਨ ਕੀਤੀ ਬਰਾਮਦ ਪਾਕਿਸਤਾਨੀ ਤਸਕਰ ਹਨੇਰੇ ਦਾ ਫਾਇਦਾ ਚੁਕਦੇ ਹੋਏ ਫਰਾਰ

**ਭਿੱਖੀਵਿੰਡ (ਭੁਪਿੰਦਰ ਸਿੰਘ)–** ਪਾਕਿਸਤਾਨ ਵਲੋ ਆਪਣੀਆ ਭਾਰਤ ਖਿ਼ਲਾਫ ਵਿੱਡੀਆਂ ਨਸ਼ੇ ਦੀਆਂ ਭੈੜੀਆ ਅਲਾਂਮਤਾਂ ਨੂੰ ਅੱਜ ਬੀ.ਐਸ.ਐਫ ਵਲੋ ਇੱਕ ਵਾਰ ਫਿਰ ਨਾਕਾਮ ਬਣਾਉਦੇ ਹੋਏ ਖੇਮਕਰਨ ਸੈਕਟਰਦੀ 191 ਬਟਾਲੀਅਨ ਵਲੋ ਬੀ.ਓ.ਪੀ ਮੀ-ਆਂਵਾਲ ਵਿਚ ਤੜਕਸਾਰ ਕਾਰਵਾਈ ਕਰਦੇ ਹੋਏ ਪਾਕਿਸਤਾਨ ਦੇ ਸਮੱਗਲਰਾਂ ਵਲੋ ਭਾਰਤੀ ਖੇਤਰ ਵਿਚ ਭੇਜੀ ਜਾ ਰਹੀ 15 ਪੈਕੇਟ ਹੈਰਇਨ ਜੋ ਕਿ ਅੰਤਰਰਾਸ਼ਟਰੀ ਮਾਰਕੀਟ ਵਿਚ 75 ਕਰੋੜ ਦੀ ਬਣਦੀ ਹੈ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ ਇਸ ਮੋਕੇ ਪਾਕਿ ਤਸਕਰ ਰਾਤ ਦੇ ਹਨੇਰੇ ਦਾ ਫਾਇਦਾ ਚੁਕਦੇ ਹੋਏ ਦੋੜਣ ਵਿਚ ਕਾਮਯਾਬ ਹੋ ਗਏ। ਇਸ ਬਾਰੇ ਬੀ. ਐਸ. ਐਫ ਦੇ ਅਧਿਕਾਰੀਆ ਨੇ ਪ੍ਰੈਸ ਕਾਨਫਰੰਸ ਵਿਚ ਜਾਣਕਾਰੀ ਦੇਦੇ ਹੋਇਆਂ ਹੋਏ ਡੀ. ਆਈ. ਜੀ ਆਰ. ਕੇ. ਥਾਪਾ ਨੇ ਦੱਸਿਆ ਕਿ ਅੱਜ ਤੜਕਸਾਰ ਬੀ. ਐਸ. ਐਫ ਵਲੋ ਕਾਰਵਾਈ ਕਰਦੇ 3 ਵਜੇ ਦੇ ਕਰੀਬ ਕੁਝ ਪਾਕਿਸਤਾਨੀ ਤਸਕਰ ਨੂੰ ਭਾਰਤ ਵਲ ਆਉਦੇ ਦੇਖਿਆ ਜੋ ਕਿ ਪਾਈਪ ਰਾਹੀ ਹੈਰੋਇਨ ਦੀ ਖੇਪ ਨੂੰ ਭਾਰਤ ਵਿਚ ਸੁਟਣ ਦੀ ਤਿਆਰੀ ਕਰ ਰਹੇ ਸਨ ਜਦ ਬੀ.ਐਸ.ਐਫ ਦੇ ਜਾਵਾਨਾਂ ਵਲੋ ਇਨਾਂ ਨੂੰ ਲਲਕਾਰਿਆ ਗਿਆ ਅਤੇ ਇਨਾਂ ਤੇ 10 ਰੋਂਡ ਫਾਇਰਿੰਗ ਕੀਤੀ ਗਈ ਤਾਂ ਇਹ ਪਾਕਿ ਤਸਕਰ ਪਾਕਿਸਤਾਨ ਵਲ ਦੋੜਣ ਵਿਚ ਕਾਮਯਾਬ ਹੋ ਗਏ ਅਤੇ ਸਰਚ ਦੋਰਾਣ ਬੀ.ਐਸ.ਐਫ ਨੂੰ 15 ਪੈਕੇਟ ਹੈਰੋਇਨ ਬਰਾਮਦ ਹੋਈ ਹੈ। ਇਸ ਮੌਕੇ ਬੀ. ਐਸ. ਐਫ ਦੇ 191 ਬਟਾਲੀਅਨ ਦੇ ਸੀ.ਓ ਯਾਦਵਿੰਦਰਾ ਸਿੰਘ, ਇਸਪੈਕਟਰ ਸਵਿੰਦਰ ਸਿੰਘ, ਇਸਪੈਕਟਰ ਨਿਰੇਸ ਕੁਮਾਰ ਆਦਿ ਅਧਿਕਾਰੀ ਹਾਜਰ ਸਨ।



# ਮਨਜੀਤ ਬਾਲੀ ਐਸ ਸੀ ਸੈਲ ਦੇ ਪੰਜਾਬ ਪ੍ਰਧਾਨ ਨਿਯੁਕਤ



**ਨਸਰਾਲਾ/ਸ਼ਾਮਚੁਰਾਸੀ (ਚੁੰਬਰ)–** ਭਾਰਤੀ ਜਨਤਾ ਪਾਰਟੀ ਵਲੋਂ ਸ਼੍ਰੀ ਮਨਜੀਤ ਬਾਲੀ ਨੂੰ ਐਸ ਸੀ ਸੈਲ ਪੰਜਾਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਭਾਜਪਾ ਆਗੂ ਡਾ ਐਸ ਕੇ ਅਜ਼ਾਦ ਨੇ ਮਨਜੀਤ ਬਾਲੀ ਦੇ ਸਨਮਾਨ ਵਿਚ ਰੱਖੇ ਗਏ ਸਮਾਗਮ ਵਿਚ ਕਿਹਾ ਕਿ ਸਾਡੇ ਲਈ ਇਹ ਵੱਡੇ ਮਾਣ ਵਾਲੀ ਗੱਲ ਹੈ ਕਿ ਸਾਡੀ ਪਾਰਟੀ ਨੇ ਉਨ੍ਹਾਂ ਦੀਆਂ ਸਰਗਰਮੀਆਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਬਣਦਾ ਮਾਣ ਦਿੱਤਾ ਹੈ। ਸਾਨੂੰ ਪੂਰਾ ਵਿਸ਼ਵਾਸ਼ ਹੈ ਕਿ ਬਾਲੀ ਇਸ ਮਿਲੀ ਜਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ। ਇਸ ਮੌਕੇ ਮਨਜੀਤ ਬਾਲੀ ਨੇ ਕਿਹਾ ਕਿ ਪਾਰਟੀ ਨੇ ਜੋ ਜਿੰਮੇਵਾਰੀ ਦਿੱਤੀ ਹੈ ਮੈਂ ਉਸ ਨੂੰ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਨਿਭਾਵਾਂਗਾ। ਇਸ ਮੌਕੇ ਮਨਜੀਤ ਬਾਲੀ ਨੇ ਕੇਂਦਰੀ ਮੰਤਰੀ ਅਤੇ ਪੰਜਾਬ ਪ੍ਰਧਾਨ ਵਿਜੇ ਸਾਂਪਲਾ ਦਾ ਵੀ ਧੰਨਵਾਦ ਕੀਤਾ। ਇਸ ਮੌਕ ਯੋਗੀ ਤੱਲਣ, ਹਰਦੀਪ ਭਟੋਆ, ਬਲਵਿੰਦਰ ਟੂਰਾ, ਕਮਲਜੀਤ, ਗੁਰਮੁਖ ਸਿੰਘ ਭਾਰਦਵਾਜ, ਹਰੀਸ਼ ਭੱਲਾ, ਦੀਪ ਓਹਰੀ, ਹਰਿੰਦਰ ਪਾਲ, ਵੈਦ ਹਰਜੀਤ ਸਿੰਘ, ਪ੍ਰਦੀਪ ਕੁਮਾਰ, ਜਗਮੇਹਨ ਸ਼ਰਮਾ, ਸੰਨੀ, ਹਰਜੋਤ, ਹਰਜੀਤ, ਚੰਚਲ, ਸੁਨੀਤਾ ਸਮੇਤ ਕਈ ਹੋਰ ਹਾਜ਼ਰ ਸਨ।

# ਆਦਿਵਾਸੀਆਂ, ਕਿਸਾਨਾਂ ਦੇ ਹੱਕਾਂ ਦੀ ਵਿਰਾਸਤ ਦੀ ਰੱਖਿਆ ਕਰਨ ਵਾਲੀ ਮਹਾਨ ਲੇਖਿਕਾ ਸੀ ਮਹਾਸ਼ਵੇਤਾ ਦੇਵੀ

ਜਨਤਕ ਅੰਦੋਲਨਾਂ, ਜੰਗਲਾਂ ਦੀ ਰਾਖੀ, ਕਿਸਾਨਾਂ ਅਤੇ ਆਦਿਵਾਸੀਆਂ ਦੇ ਹੱਕਾਂ ਦੀ ਲੜਾਈ ਦਾ ਇਤਿਹਾਸ ਸਾਹਿਤ ਦੇ ਜ਼ਰੀਏ ਆਮ ਜਨਤਾ ਤੱਕ ਪਹੁੰਚਾਉਣ ਵਾਲੀ ਲੇਖਿਕਾ ਮਹਾਸ਼ਵੇਤਾ ਦੇਵੀ ਦਾ ਦੇਹਾਂਤ ਹੋ ਗਿਆ। ਉਹਨਾਂ ਨੂੰ 23 ਜੁਲਾਈ ਨੂੰ ਹਾਰਟ ਅਟੈਕ ਆਇਆ ਸੀ। ਪਿਛਲੇ ਦੋ ਮਹੀਨੇ ਤੋਂ ਉਹਨਾਂ ਦਾ ਇਲਾਜ ਚੱਲ ਰਿਹਾ ਸੀ। ਡਾਕਟਰਾਂ ਨੇ ਵੀ ਕੋਲਕਾਤਾ ਵਿਖੇ ਕਿਹਾ ਕਿ ਉਹਨਾਂ ਦੀ ਵਧਦੀ ਉਮਰ ਕਾਰਨ ਬਿਮਾਰੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਬਲੱਡ ਇਨਫੈਕਸ਼ਨ ਅਤੇ ਕਿਡਨੀ ਫੇਲ੍ਹ ਹੋ ਜਾਣ ਕਾਰਨ ਉਹਨਾਂ ਦੀ ਹਾਲਤ ਦਿਨ ਪ੍ਰਤੀ ਦਿਨ ਵਿਗੜਦੀ ਜਾ ਰਹੀ ਹੈ। 14 ਜੁਲਾਈ 1926 ਨੂੰ ਮਹਾਸ਼ਵੇਤਾ ਦੇਵੀ ਦਾ ਜਨਮ ਅਣਵੰਡੇ ਭਾਰਤ ਵਿਚ ਢਾਕਾ ਵਿਖੇ ਹੋਇਆ। ਉਹਨਾਂ ਦੇ ਪਿਤਾ ਮਨੀਸ਼ ਘਟਕ ਸਨ, ਜੋ ਇਕ ਕਵੀ ਅਤੇ ਨਾਵਲਕਾਰ ਦੇ ਰੂਪ ਵਿਚ ਪ੍ਰਸਿੱਧ ਸਨ। ਮਹਾਸ਼ਵੇਤਾ ਜੀ ਦੀ ਮਾਤਾ ਧਾਰੀਤ੍ਰੀ ਦੇਵੀ ਵੀ ਇਕ ਲੇਖਿਕਾ ਅਤੇ ਸਮਾਜ ਸੇਵਿਕਾ ਸੀ। ਢਾਕਾ ਵਿਚ ਸਿੱਖਿਆ ਪ੍ਰਾਪਤ ਕਰਨ ਤੋਂ ਬਾਅਦ ਵੰਡ ਵੇਲੇ ਬਾਲ ਅਵਸਥਾ ਵਿਚ ਉਹਨਾਂ ਦਾ ਪਰਿਵਾਰ ਪੱਛਮੀ ਬੰਗਾਲ ਆ ਗਿਆ ਸੀ। ਇਸ ਤੋਂ ਬਾਅਦ ਉਹਨਾਂ ਨੇ ਬੀ. ਏ. ਇੰਗਲਿਸ਼ ਵਿਚ ਕੀਤੀ।



90 ਸਾਲ ਦੀ ਉਮਰ ਵਿਚ ਉਹਨਾਂ ਨੇ ਕੋਲਕਾਤਾ ਦੇ ਹਸਪਤਾਲ ਵਿਚ ਅੰਤਿਮ ਸਾਹ ਲਿਆ। ਮਹਾਸ਼ਵੇਤਾ ਜੀ ਨੂੰ ਸਾਹਿਤ ਅਕਾਦਮੀ ਐਵਾਰਡ, ਪਦਮ ਵਿਭੂਸ਼ਣ, ਗਿਆਨਪੀਠ ਅਤੇ ਮੈਗਾਸਾਸੇ ਐਵਾਰਡ ਵਰਗੇ ਪ੍ਰਸਿੱਧ ਪੁਰਸਕਾਰਾਂ ਨਾਲ ਨਿਵਾਜਿਆ ਗਿਆ। ਪਰ ਬੰਗਲਾ ਸਾਹਿਤ ਵਿਚ ਉਹਨਾਂ ਦੀ ਚਰਚਾ ਬਾਕੀ ਸਾਹਿਤਕਾਰਾਂ ਵਾਂਗ ਨਹੀਂ ਹੁੰਦੀ ਸੀ। ਉਹਨਾਂ ਦੇ ਲਿਖੇ ਨੂੰ ਸ਼ਾਸਤਰੀ ਸਾਹਿਤ ਵੀ ਲੋਕ ਨਹੀਂ ਮੰਨਦੇ।

ਉਹਨਾਂ ਨੇ ਪਲਾਮੂ ਵਿਚ ਕਰੀਬ ਦਸ ਸਾਲ ਤੱਕ ਰੱਜ ਕੇ ਬੰਧੂਆ ਆਦਿਵਾਸੀਆਂ ਨਾਲ ਕੰਮ ਕੀਤਾ ਅਤੇ ਉਹ ਦੇਸ਼ ਭਰ ਦੇ ਆਦਿਵਾਸੀ ਪਰਿਵਾਰਾਂ ਨਾਲ ਜੁੜੀ ਰਹੀ ਪਰਿਵਾਰ ਵਾਂਗ। ਜੰਗਲ ਮਹਿਲ ਵਿਚ ਲਗਾਤਾਰ ਉਹ ਆਦਿਵਾਸੀਆਂ ਲਈ ਰਾਸ਼ਨ, ਪਾਣੀ, ਕੱਪੜੇ ਲਿਆਉਂਦੀ ਰਹੀ। ਉਹਨਾਂ ਦੀ ਖੋਜ ਪੱਤਰਿਕਾ ਬਰਤਿਕਾ ਵਿਚ ਆਦਿਵਾਸੀ ਇਲਾਕਿਆਂ ਤੇ ਲਗਾਤਾਰ ਸਰਵੇ ਕਰਵਾਏ ਜਾਂਦੇ ਸਨ।

**– ਪਲਾਸ਼ ਵਿਸ਼ਵਾਸ**

# ਭਾਰਤੀ ਹਵਾਈ ਫੋਜ ਨੇ ਬਾਬਾ ਦੀਪ ਸਿੰਘ ਕਾਲਜ ਪਹੂਵਿੰਡ ਵਿਖੇ ਕਰਵਾਇਆ ਸੈਮੀਨਾਰ





**ਭਿੱਖੀਵਿੰਡ (ਭੁਪਿੰਦਰ ਸਿੰਘ)–** ਸ਼ਹੀਦ ਬਾਬਾ ਦੀਪ ਸਿੰਘ ਗਰੁੱਪ ਆਫ ਕਾਲਜ਼ਿਜ ਪਹੁਵਿੰਡ (ਭਿੱਖੀਵਿੰਡ) ਵਿਖੇ ਭਾਰਤੀ ਹਵਾਈ ਸੈਨਾ ਵੱਲੋਂ ਇੱਕ ਸੈਮੀਨਾਰ ਕਰਵਾਇਆ ਗਿਆ। ਸੈਮੀਨਾਰ ਦੌਰਾਨ ਭਾਰਤੀ ਹਵਾਈ ਸੈਨਾ ਦੇ ਅਧਿਕਾਰੀਆਂ ਵੱਲੋਂ ਕਾਲਜ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਸੈਨਾਵਾਂ ਵਿੱਚ ਕੀਤੀਆਂ ਜਾਂਦੀਆਂ ਭਰਤੀਆਂ ਸੰਬੰਧੀ ਜਾਣਕਾਰੀ ਦਿੱਤੀ ਗਈ। ਇਸ ਸਮੇਂ ਫਲਾਇਟ ਲੈਫਟੀਨੈਂਟ ਮੈਡਮ ਪੂਨਮ ਗੁਲੀਆ ਅਤੇ ਮੈਡਮ ਸ਼੍ਰਿਸ਼ਟਾ ਸ਼ਰਮਾ ਨੇ ਆਪਣੇ ਤਜ਼ਰਬੇ ਸਾਂਝੇ ਕਰਦਿਆਂ ਕਾਲਜ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਸੈਨਾਵਾਂ ਵਿੱਚ ਹੋਣ ਵਾਲੀ ਭਰਤੀ ਸੰਬੰਧੀ ਖਾਸ ਨੁਕਤੇ ਦੱਸੇ। ਭਾਰਤੀ ਹਵਾਈ ਸੈਨਾ ਵੱਲੋਂ ਪਿਛਲੇ ਤਿੰਨਾਂ ਦਿਨਾਂ ਤੋਂ ਸ਼ਹੀਦ ਬਾਬਾ ਦੀਪ ਸਿੰਘ ਕਾਲਜ ਦੀ ਗਰਾਊਂਡ ਵਿੱਚ ਇੱਕ ਕੈਂਪ ਲਗਾਇਆ ਗਿਆ ਹੈ। ਕਾਲਜ ਦੇ ਚੇਅਰਮੈਂਨ ਕੈਪਟਨ ਬਿਕਰਮਾਜੀਤ ਸਿੰਘ ਪਹੁਵਿੰਡੀਆ ਨੇ ਹਵਾਈ ਸੈਨਾ ਦੇ ਅਧਿਕਾਰੀਆਂ ਦਾ ਧੰਨਵਾਦ ਕਰਦਿਆਂ ਵਿਦਿਆਰਥੀਆਂ ਨੂੰ ਹਵਾਈ ਸੈਨਾ ਅਤੇ ਹੋਰ ਸੈਨਾਵਾਂ ਦੀ ਭਰਤੀ ਲਈ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ। ਉਹਨਾਂ ਨੇ ਕਿਹਾ ਕਿ ਜਿਹੜੇ ਇਨਸਾਨ ਸਖਤ ਮਿਹਨਤ ਕਰਦੇ ਹਨ, ਉਹਨਾਂ ਨੂੰ ਹੀ ਫਲ ਮਿਲਦਾ ਹੈ। ਇਸ ਮੌਕੇ 'ਤੇ ਕਾਲਜ ਦੇ ਡਾਇਰੈਕਟਰ ਬਲਦੇਵ ਸਿੰਘ, ਕਾਲਜ ਦੇ ਪ੍ਰਿੰਸੀਪਲ ਡਾ. ਰੁਪਿੰਦਰਪਾਲ ਸਿੰਘ ਸੰਧੂ, ਪ੍ਰਿੰਸੀਪਲ ਮੈਡਮ ਮਨਪ੍ਰੀਤ ਕੌਰ, ਪ੍ਰਿੰਸੀਪਲ ਮੈਡਮ ਮਨਦੀਪ ਕੌਰ, ਪ੍ਰੋ. ਹਰਜਿੰਦਰ ਸਿੰਘ, ਪ੍ਰੋ. ਸੁਖਜਿੰਦਰ ਸਿੰਘ, ਪ੍ਰੋ. ਜਗਮੀਤ ਕੌਰ ਆਦਿ ਹਾਜ਼ਰ ਸਨ।

ਦੇਸ਼ ਦੁਆਬਾ


# ਬਿਖਰੀ ਹੋਈ ਹੈ ਦਲਿਤ ਸ਼ਕਤੀ

ਚੋਣਾਂ ਦੇ ਦਿਨਾਂ ਵਿਚ ਅਕਸਰ ਹੀ ਕਈ ਕਿਸਮ ਦੀਆਂ ਗੱਲਾਂ, ਅਤੇ ਵਾਦ-ਵਿਵਾਦ ਦੇ ਬਖੇੜੇ ਖੜ੍ਹੇ ਹੁੰਦੇ ਹਨ। ਪਰ ਹਾਲ ਹੀ ਵਿਚ ਭਾਰਤ ਦੀ ਰਾਜਨੀਤੀ ਵਿਚ ਚੋਣਾਂ ਦੇ ਬਹਾਨੇ ਹੀ ਸਹੀ, ਇਕ ਸਮਾਜ ਦੀ ਉਹ ਮਾਨਸਿਕਤਾ ਫਿਰ ਉਭਰ ਕੇ ਸਾਹਮਣੇ ਆਈ ਹੈ, ਜਿਸ ਨੇ ਸਦੀਆਂ ਪਹਿਲਾਂ ਭਾਰਤ ਦੇ ਮੂਲ ਨਿਵਾਸੀ ਜਿਹਨਾਂ ਨੂੰ ਅੱਜ ਦਲਿਤ ਕਿਹਾ ਜਾਂਦਾ ਹੈ, ਗੁਲਾਮ ਬਣਾ ਦਿੱਤੇ ਸਨ ਅਤੇ ਜਾਨਵਰਾਂ ਤੋਂ ਵੀ ਮਾੜੀ ਜ਼ਿੰਦਗੀ ਜਿਊਣ ਲਈ ਮਜਬੂਰ ਕਰ ਦਿੱਤੇ ਸਨ।ਇਸ ਸੌੜੀ ਸੋਚ ਦਾ ਪ੍ਰਗਟਾਵਾ ਹਾਲਾਂਕਿ ਪਹਿਲਾਂ ਵੀ ਰਹਿ-ਰਹਿ ਕੇ ਹੁੰਦਾ ਸੀ ਪਰ ਗੁਜਰਾਤ ਦੇ ਊਨਾ, ਮੱਧ ਪ੍ਰਦੇਸ ਅਤੇ , ਹਰਿਆਣਾ ਦੇ ਹਿਸਾਰ ਦੀ ਘਟਨਾ ਤੋਂ ਬਾਅਦ ਜੋ ਪ੍ਰਤੀ-ਕਿਰਿਆਵਾਂ ਆ ਰਹੀਆਂ ਹਨ, ਉਹਨਾਂ ਨੇ ਜਿੱਥੇ ਦਲਿਤ ਭਾਈਚਾਰੇ ਨੂੰ ਹਲੂਣਿਆ ਹੈ, ਉਥੇ ਹੀ ਮੁਲਕ ਦੀਆਂ ਉਹਨਾਂ ਤਾਕਤਾਂ ਨੂੰ ਵੀ ਹਲੂਣਿਆ ਹੈ, ਜਿਹੜੀਆਂ ਮੁਲਕ ਦੀ ਇਕ ਵੱਡੀ ਆਬਾਦੀ ਨੂੰ ਹਾਲੇ ਵੀ ਗੁਲਾਮਾਂ ਵਾਂਗ ਹੀ ਰੱਖਣਾ ਚਾਹੁੰਦੀ ਹੈ। ਭਾਰਤੀ ਸੰਵਿਧਾਨ ਜੋ ਇਹਨਾਂ ਤਾਕਤਾਂ ਨੂੰ ਪਹਿਲਾਂ ਹੀ ਹਜ਼ਮ ਨਹੀਂ ਹੋ ਰਿਹਾ, ਵਿਚ ਸੋਧਾਂ ਦੇ ਪ੍ਰਸਤਾਵਾਂ ਵਿਰੁੱਧ ਦਲਿਤ ਭਾਈਚਾਰੇ ਦੀ ਇੱਕਜੁਟਤਾ ਦੀ ਭੜਾਸ ਇਹ ਵਰਗ ਹੁਣ ਹੋਰ ਪਾਸੇ ਕੱਢਣ ਲਈ ਮਜਬੂਰ ਹੈ। ਉਤਰ ਪ੍ਰਦੇਸ਼ ਵਿਚ ਭਾਜਪਾ ਦੇ ਇਕ ਪ੍ਰਧਾਨ ਦਿਆ ਸ਼ੰਕਰ ਨੇ ਮਾਇਆਵਤੀ ਦੇ ਖਿਲਾਫ ਅਪਸ਼ਬਦ ਬੋਲੇ, ਹਰਿਆਣਾ ਤੋਂ ਵੀ ਅਜਿਹੀਆਂ ਆਵਾਜ਼ਾਂ ਆਈਆਂ। ਹਾਲਾਂਕਿ ਸੱਤਾਧਾਰੀ ਭਾਜਪਾ ਨੂੰ ਕੇਂਦਰ ਅਤੇ ਸੂਬਿਆਂ ਵਿਚ ਜਵਾਬ ਦੇਣਾ ਔਖਾ ਹੋ ਰਿਹਾ ਹੈ, ਪਰ ਇਹਨਾਂ ਘਟਨਾਵਾਂ ਨੇ ਉਤਰ ਪ੍ਰਦੇਸ਼ ਵਿਚ ਜਿੱਥੇ ਬਸਪਾ ਦੀ ਸਰਕਾਰ ਆਉਣੀ ਯਕੀਨੀ ਬਣਾ ਦਿੱਤੀ, ਉਥੇ ਹੀ ਮੁਲਕ ਭਰ ਵਿਚ ਭਾਜਪਾ ਦੇ ਖਿਲਾਫ ਵਿਰੋਧ ਦੀ ਲਹਿਰ ਨੂੰ ਵੀ ਬਲ ਮਿਲਿਆ ਹੈ ਅਤੇ ਵਿਰੋਧੀ ਪਾਰਟੀਆਂ ਨੂੰ ਇਕ ਵੱਡਾ ਮੁੱਦਾ ਵੀ ਮਿਲਿਆ ਹੈ। ਸਮੱਸਿਆ ਇਹ ਨਹੀਂ ਕਿ ਇਹ ਲੋਕੀ ਅਜਿਹਾ ਕਿਉਂ ਕਰਦੇ ਹਨ, ਕਿਉਂਕਿ ਇਹ ਉਹਨਾਂ ਦੀ ਮਾਨਸਿਕਤਾ ਦਾ ਪ੍ਰਤੀਕ ਹੈ ਪਰ ਸਮੱਸਿਆ ਤਾਂ ਇਹ ਹੈ ਕਿ ਭਾਰਤ ਵਿਚ ਅੱਜ ਵੀ ਧਰਮ ਨਿਰਪੱਖ ਅਤੇ ਬਰਾਬਰੀ ਦੇ ਹੱਕਦਾਰ ਲੋਕਾਂ ਦੀ ਤਾਦਾਦ ਕਾਫੀ ਹੈ। ਇਹਨਾਂ ਲੋਕਾਂ ਨੂੰ ਕਦੀ ਵੀ ਇੱਕਜੁਟ ਹੋਣ ਦਾ ਮੌਕਾ ਨਹੀਂ ਮਿਲਿਆ। ਇਹੀ ਕਾਰਨ ਹੈ ਕਿ ਇਕ ਵਰਗ ਵਿਸ਼ੇਸ਼ ਦੀਆਂ ਜ਼ਿਆਦਤੀਆਂ ਦਾ ਸਿਲਸਿਲਾ ਨਿਰੰਤਰ ਜਾਰੀ ਹੈ। ਦਲਿਤ ਵਰਗ ਭਾਰਤ ਦਾ ਮੂਲ ਨਿਵਾਸੀ ਤਾਂ ਹੈ ਹੀ, ਨਾਲ ਹੀ ਸਭ ਤੋਂ ਵੱਧ ਸਹਿਣਸ਼ੀਲ ਅਤੇ ਭਾਰਤ ਨੂੰ ਇੱਕਜੁਟ ਰੱਖਣ ਵਾਲਾ ਭਾਈਚਾਰਾ ਹੈ। ਇਸ ਭਾਈਚਾਰੇ ਨੇ ਤਮਾਮ ਜ਼ਿਆਦਤੀਆਂ ਦੇ ਬਾਵਜੂਦ ਕਦੀ ਵੱਖਵਾਦ ਦੀ ਗੱਲ ਨਹੀਂ ਕੀਤੀ, ਬਲਕਿ ਭਾਰਤ ਦਾ ਸਮਾਜਿਕ ਅਤੇ ਰਾਜਨੀਤਿਕ ਸਿਸਟਮ ਬਦਲਣ ਲਈ ਸੰਘਰਸ਼ ਕੀਤਾ ਹੈ।

ਅੱਜ ਜੋ ਹਾਲਾਤ ਅਤੇ ਮੁੱਦੇ ਪਣਪੇ ਹਨ, ਉਹਨਾਂ ਨੇ ਇਸ ਫਿਰਕੇ ਨੂੰ ਇਕ ਵਾਰ ਫਿਰ ਹਲੂਣਿਆ ਹੈ ਅਤੇ ਦਲਿਤ ਇੱਕਜੁਟਤਾ ਪੱਖੋਂ ਕਾਫੀ ਵੱਡਾ ਯੋਗਦਾਨ ਵੀ ਪਾਇਆ ਹੈ। ਭਾਰਤ ਵਿਚ ਜ਼ਿਆਦਾਤਰ ਸਿਆਸੀ ਪਾਰਟੀਆਂ ਦਲਿਤ ਵੋਟ ਵੱਲ ਲਲਚਾਈਆਂ ਰਹਿੰਦੀਆਂ ਹਨ। ਚੋਣਾਂ ਮੌਕੇ ਤਰ੍ਹਾਂ-ਤਰ੍ਹਾਂ ਦੇ ਸਬਜ਼ਬਾਗ ਦਿਖਾਏ ਜਾਂਦੇ ਹਨ ਅਤੇ ਵੋਟ ਲੈਣ ਲਈ ਹਰ ਹਰਬਾ ਵਰਤਿਆ ਜਾਂਦਾ ਹੈ। ਦਲਿਤ ਭਾਈਚਾਰਾ ਇਹਨਾਂ ਦੇ ਹਰਬਿਆਂ ਦਾ ਸ਼ਿਕਾਰ ਵੀ ਹੋ ਜਾਂਦਾ ਹੈ, ਪਰ ਦਲਿਤ ਵਰਗ ਦੀ ਮੂਲ ਸਮੱਸਿਆ ਸਮਾਜਿਕ ਸਮੱਸਿਆ ਹੈ, ਉਸ ਵੱਲ ਧਿਆਨ ਨਹੀਂ ਜਾਣ ਦਿੱਤਾ। ਹਾਲ ਦੀਆਂ ਘਟਨਾਵਾਂ ਨੇ ਦਲਿਤ ਵਰਗ ਨੂੰ ਇਕ ਵਾਰ ਫਿਰ ਹਲੂਣਿਆ ਹੈ ਅਤੇ ਇਹ ਹਲੂਣਾ ਭਵਿੱਖ ਵਿਚ ਇਕ ਵਾਰ ਫਿਰ ਨਵੀਂ ਨੀਲੀ ਕ੍ਰਾਂਤੀ ਦਾ ਪ੍ਰਤੀਕ ਬਣ ਸਕਦਾ ਹੈ। ਦਲਿਤ ਵਰਗ ਇਸ ਲਈ ਵੀ ਸ਼ੋਸ਼ਣ ਦਾ ਸ਼ਿਕਾਰ ਹੁੰਦਾ ਹੈ ਕਿਉਂਕਿ ਇਸ ਵਰਗ ਦੀ ਤਾਕਤ ਬਿਖਰੀ ਹੋਈ ਹੈ। ਇਸ ਤਾਕਤ ਨੂੰ ਇੱਕਜੁਟ ਕਰਨ ਲਈ ਦਲਿਤ ਭਾਈਚਾਰੇ ਨੂੰ ਇਕ ਪਲੇਟਫਾਰਮ ਦੇ ਟਰੈਕ 'ਤੇ ਲਿਆਉਣ ਲਈ ਅੱਜ ਫਿਰ ਤੋਂ ਇਸ ਨੂੰ ਗਦਰੀ ਬਾਬਾ ਮੰਗੂ ਰਾਮ ਮੁੱਗੋਵਾਲੀਆ ਅਤੇ ਉਹਨਾਂ ਦੇ ਮਰਜੀਵੜੇ ਸਾਥੀਆਂ ਵੱਲੋਂ ਚਲਾਈ ਗਈ ਆਦਿ ਧਰਮ ਮੰਡਲ ਦੀ ਲਹਿਰ ਦੀ ਫਿਰ ਤੋਂ ਲੋੜ ਹੈ।ਹੋਰਨਾਂ ਸਤਿਗੁਰੂ ਸਾਹਿਬਾਨ ਵਾਂਗ ਸਤਿਗੁਰੂ ਰਵਿਦਾਸ ਜੀ ਦੇ ਪਵਿੱਤਰ ਸ਼ਬਦ:

"ਐਸਾ ਚਾਹੂੰ ਰਾਜ ਮੈਂ, ਜਹਾਂ ਮਿਲੇ ਸਭਨ ਕੋ ਅੰਨ"
*ਇਸੇ ਵਿਚ ਹੀ ਨਜ਼ਰ ਆਏਗਾ*
"ਬਹੁਜਨ ਹਿਤਾਏ ਬਹੁਜਨ ਸੁਖਾਏ"

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮੇਵਾਰ ਹੋਣਗੇ। -ਸੰਪਾਦਕ



## ਪੁਣਛਾਣ

### ਸਿਆਸਤ ਦੀ ਪੁਣਛਾਣ

# ਕੀ ਮੀਡੀਆ ਮਾਇਆਵਤੀ ਤੇ ਸ਼ਵਾਤੀ ਵਿਚ ਕੋਈ ਫਰਕ ਨਹੀਂ ਸਮਝਦਾ



ਪੰਮੀ ਲਾਲੋ ਮਜਾਰਾ
91-95011-43755

ਸਾਹਿਬ ਕਾਂਸ਼ੀ ਰਾਮ ਜੀ ਆਪਣੀ ਸਾਰੀ ਜ਼ਿੰਦਗੀ ਵਿਚ ਮੀਡੀਆ ਤੋਂ ਇਸ ਕਰਕੇ ਹੀ ਨਰਾਜ਼ ਰਹੇ ਕਿ ਮੀਡੀਆ ਹਮੇਸ਼ਾ ਖੁਦ ਕਾਂਸ਼ੀ ਰਾਮ ਨੂੰ, ਬਸਪਾ ਨੂੰ ਤੇ ਦਲਿਤ ਸਮਾਜ ਦੀਆਂ ਸਮੱਸਿਆਵਾਂ ਨੂੰ ਨਜ਼ਰ-ਅੰਦਾਜ਼ ਕਰਦਾ ਰਿਹੈ। ਲੱਗਦਾ ਹੈ ਕਿ ਮੀਡੀਆ ਦੀ ਅੱਜ ਦੀ ਮਾਨਸਿਕਤਾ ਉਹੀ ਹੈ। ਜੇ ਅੱਜ ਦਾ ਮੀਡੀਆ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਦੀਆਂ ਰੈਲੀਆਂ ਤੇ ਪ੍ਰੈਸ ਕਾਨਫਰੰਸਾਂ ਦਾ ਸਿੱਧਾ ਪ੍ਰਸਾਰਣ ਦਿਖਾਉਂਦਾ ਹੈ ਤਾਂ ਇਸ ਕਰਕੇ ਨਹੀਂ ਕਿ ਉਹ ਇਕ ਦਲਿਤ ਦੀ ਬੇਟੀ ਹੈ, ਸਿਰਫ ਇਸ ਕਰਕੇ ਦਿਖਾਉਂਦਾ ਹੈ ਕਿ ਮਾਇਆਵਤੀ ਕੀ ਬੋਲਦੀ ਹੈ ਤੇ ਸ਼ਵਾਤੀ ਸਿੰਘ (ਦਯਾ ਸ਼ੰਕਰ ਦੀ ਪਤਨੀ) ਸੁਣੇ। ਫਿਰ ਉਸ ਭਾਸ਼ਣ 'ਚੋਂ ਨਕਾਰਾਤਮਕ ਅੰਸ਼ ਕੱਢੀਏ ਤੇ ਉਸ ਨੂੰ ਹਊਆ ਬਣਾ ਕੇ, ਚੈਨਲ ਦੀ ਬਰੇਕਿੰਗ ਨਿਊਜ਼ ਬਣਾਈਏ। ਮਤਲਬ ਮਾਇਆਵਤੀ ਆਪਣੇ ਸਮਾਜ ਲਈ ਕੀ ਬੋਲਦੀ ਹੈ, ਮੀਡੀਆ ਨੂੰ ਇਸ ਨਾਲ ਕੋਈ ਸਰੋਕਾਰ ਨਹੀਂ, ਉਹ ਦੂਸਰਿਆਂ ਬਾਰੇ ਕੀ ਬੋਲਦੀ ਹੈ, ਇਸ ਨਾਲ ਮਤਲਬ ਹੈ। ਦਯਾਸ਼ੰਕਰ ਨੇ ਜੋ ਅਭੱਦਰ ਟਿੱਪਣੀ ਮਾਇਆਵਤੀ ਬਾਰੇ ਕੀਤੀ ਸੀ, ਜਦ ਉਸ ਦਾ ਜਵਾਬ ਦੇਣ ਲਈ ਮਾਇਆਵਤੀ ਨੇ ਪ੍ਰੈਸ ਕਾਨਫਰੰਸ ਕੀਤੀ ਤਾਂ ਸ਼ਵਾਤੀ ਸਿੰਘ ਨੂੰ ਉਸ ਵਕਤ ਇਕ ਚੈਨਲ ਨੇ ਆਪਣੇ ਸਟੂਡੀਓ ਵਿਚ ਬਿਠਾਇਆ ਹੋਇਆ ਸੀ ਤਾਂ ਕਿ ਉਹ ਸ਼ਵਾਤੀ ਸਿੰਘ ਨੂੰ ਮਾਇਆਵਤੀ ਦੀ ਪ੍ਰੈਸ ਕਾਨਫਰੰਸ ਤੋਂ ਬਾਅਦ ਉਲਟ-ਪੁਲਟ ਸਵਾਲ ਪੁੱਛ ਸਕਣ। ਹੋਇਆ ਵੀ ਅਜਿਹਾ ਹੀ। ਕਿੱਥੇ ਮਾਇਆਵਤੀ ਤੇ ਕਿੱਥੇ ਸ਼ਵਾਤੀ ਸਿੰਘ। ਸ਼ਵਾਤੀ ਸਿੰਘ ਦੀ ਪਹਿਚਾਣ ਸਿਰਫ ਇਕ ਦਯਾਸ਼ੰਕਰ ਦੀ ਪਤਨੀ ਦੇ ਤੌਰ ਤੇ ਹੀ ਹੈ, ਜਦਕਿ ਮਾਇਆਵਤੀ ਇਸ ਮੁਲਕ ਦੇ 20 ਕਰੋੜ ਦਲਿਤਾਂ ਦੀ ਨੁਮਾਇੰਦਗੀ ਕਰਦੀ ਹੈ। ਇਸ ਸਾਰੇ ਡਰਾਮੇ ਦੀ ਸਕ੍ਰਿਪਟ ਸਿਆਸੀ ਪਰਦੇ ਦੇ ਪਿੱਛੇ ਬੈਕਫੁੱਟ ਤੇ ਆਈ ਭਾਜਪਾ ਲਿਖ ਰਹੀ ਹੈ। ਜਦ ਭਾਜਪਾ ਨੂੰ ਹੁਣ ਇਹ ਪਤਾ ਲੱਗਾ ਹੈ ਕਿ ਸ਼ਵਾਤੀ ਸਿੰਘ ਦੀ ਭਾਬੀ ਨੇ ਤਾਂ ਦਯਾਸ਼ੰਕਰ ਤੇ ਪਹਿਲਾਂ ਹੀ ਘਰੇਲੂ ਹਿੰਸਾ ਦੇ ਖ਼ਿਲਾਫ਼ ਲਖਨਊ ਥਾਣੇ ਵਿਚ ਕੇਸ ਦਰਜ ਕਰਵਾਇਆ ਹੋਇਆ ਹੈ ਤਾਂ ਭਾਜਪਾ ਦੇ ਸਿਆਸੀ ਗੁਬਾਰੇ ਦੀ ਇੱਕਦਮ ਫੂਕ ਨਿਕਲ ਗਈ ਹੈ, ਉਧਰ ਬਸਪਾ ਸੁਪਰੀਮੋ ਇਸ ਅਭੱਦਰ ਟਿੱਪਣੀ ਨੂੰ ਲੈ ਕੇ ਮੁਲਕ ਵਿਚ ਭਾਜਪਾ ਦੇ ਖ਼ਿਲਾਫ਼ ਸਿਆਸੀ ਜੰਗ ਛੇੜਨ ਜਾ ਰਹੀ ਹੈ ਤੇ ਸ਼ੁਰੂਆਤ ਕਰ ਰਹੀ ਹੈ 21 ਅਗਸਤ ਨੂੰ ਪੱਛਮੀ ਉਤਰ ਪ੍ਰਦੇਸ਼ ਤੋਂ।

**ਸਿੱਧੂ ਦੀ ਚੁੱਪ ਸਿਆਸੀ ਪਾਰਟੀਆਂ ਨੂੰ ਦੁੱਖ**

ਨਵਜੋਤ ਸਿੱਧੂ ਰਾਜ ਸਭਾ ਦੀ ਮੈਂਬਰੀ 'ਚੋਂ ਅਸਤੀਫਾ ਦੇਣ ਤੋਂ ਬਾਅਦ ਲੱਗਭੱਗ ਚੁੱਪ ਹੈ। ਪੰਜਾਬੀ ਦਾ ਇਕ ਇਨਕਲਾਬੀ ਸ਼ਾਇਰ ਲਿਖਦਾ ਹੈ ਕਿ ਚੁੱਪ ਖਤਰਨਾਕ ਹੁੰਦੀ ਹੈ ਤੇ ਸਭ ਤੋਂ ਖਤਰਨਾਕ ਹੁੰਦਾ ਹੈ ਕਿਸੇ ਦੇ ਸੁਪਨਿਆਂ ਦਾ ਮਰ ਜਾਣਾ। ਇਹ ਸ਼ਬਦ ਸਿੱਧੂ 'ਤੇ ਪੂਰੇ ਢੁੱਕਦੇ ਹਨ, ਕਿਉਂਕਿ ਸਿਆਸਤ ਵਿਚ ਉਹ ਜਿਹੜੇ ਸੁਪਨੇ ਸਿਰਜ ਕੇ ਆਇਆ ਸੀ, ਜਦ ਉਹ ਸੁਪਨੇ ਕਿਤੇ ਨਾ ਕਿਤੇ ਮਰਨ ਲੱਗੇ ਤਾਂ ਉਹਨੇ 3 ਮਹੀਨੇ ਪਹਿਲਾਂ ਨਰਿੰਦਰ ਮੋਦੀ ਦੇ ਕਹਿਣ ਤੇ ਜਿਹੜੀ ਰਾਜ ਸਭਾ ਦੀ ਸੀਟ ਜੁਆਇਨ ਕੀਤੀ ਸੀ, ਉਸ ਤੋਂ ਗੁੱਸੇ ਵਿਚ ਆ ਕੇ ਅਸਤੀਫਾ ਦੇ ਦਿੱਤਾ। ਉੱਧਰ ਸਿੱਧੂ ਦੀ ਚੁੱਪ ਤੋਂ ਕਈ ਰਾਜਸੀ ਪਾਰਟੀਆਂ ਭੰਬਲਭੂਬਸੇ ਵਿਚ ਪਈਆਂ ਹੋਈਆਂ ਹਨ। ਖਾਸ ਕਰਕੇ ਸਭ ਤੋਂ ਵੱਧ ਆਮ ਆਦਮੀ ਪਾਰਟੀ ਦਾ ਬੁਰਾ ਹਾਲ ਹੈ। ਅਗਰ ਥੋੜ੍ਹੇ ਕੁ ਦਿਨ ਸਿੱਧੂ ਨੇ ਆਪਣੀ ਚੁੱਪ ਨਾ ਤੋੜੀ ਤਾਂ ਲੱਗਦਾ ਹੈ ਕਿ ਕਿਤੇ ਇਹ ਪਾਰਟੀ ਕੋਮਾ ਵਿਚ ਨਾ ਚਲੀ ਜਾਵੇ, ਕਿਉਂਕਿ ਆਪ ਦੇ ਲੀਡਰਾਂ ਦੀ ਫੜੀ ਫੜੀ ਤੇ ਪਾਰਟੀ ਦੇ ਲੀਡਰਾਂ ਦੀ ਆਪਸੀ ਖਿੱਚੋਤਾਣ ਅਤੇ ਭਗਵੰਤ ਮਾਨ ਦੀਆਂ ਬੇਹੂਦਾ ਹਰਕਤਾਂ ਨੇ ਪਹਿਲਾਂ ਹੀ ਪਾਰਟੀ ਦੀ ਸਥਿਤੀ ਨੂੰ ਲਕਵਾ ਮਾਰਿਆ ਹੋਇਆ ਹੈ। ਸਿੱਧੂ ਦੀ ਚੁੱਪ ਦਾ ਸਭ ਤੋਂ ਵੱਡਾ ਰਾਜ਼ ਇਹੀ ਹੈ ਕਿ ਭਾਜਪਾ ਛੱਡਣ ਤੋਂ ਬਾਅਦ ਉਹਨੂੰ ਕਿਹੜੇ-ਕਿਹੜੇ ਗੰਭੀਰ ਨਤੀ-ਜਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਕਿਉਂਕਿ ਜਿਸ ਚੈਨਲ ਤੇ ਉਹ ਕਪਿਲ ਸ਼ਰਮਾ ਨਾਲ ਮਿਲ ਕੇ ਹਾਸਿਆਂ ਦੀਆਂ ਫੁਲਝੜੀਆਂ ਛੱਡਦਾ ਹੈ, ਉਸ ਚੈਨਲ ਤੋਂ ਭਾਜਪਾ ਸਰਕਾਰ ਉਹਦੀ ਛੁੱਟੀ ਕਰਵਾ ਸਕਦੀ ਹੈ ਤੇ ਦੂਸਰਾ ਇਕ ਗੈਰ ਇਰਾਦਤਨ ਕਤਲ ਕੇਸ ਵਿਚ ਸਿੱਧੂ ਨੂੰ ਸਜਾ ਹੋ ਚੁੱਕੀ ਹੈ। ਤੀਸਰਾ ਪਤਾ ਨਹੀਂ ਕਿ ਕਿਹੜੇ ਵੇਲੇ ਕਿਸੇ ਤੇ ਇਨਕਮ ਟੈਕਸ ਵਿਭਾਗ ਨੂੰ ਕਹਿ ਕੇ ਛਾਪੇ ਮਰਵਾ ਦੇਵੇ। ਲੱਗਦਾ ਹੈ ਕਿ ਭਾਜਪਾ ਵੀ ਸਿੱਧੂ ਦੀ ਚੁੱਪ ਨੂੰ ਗੌਰ ਨਾਲ ਵੇਖ ਰਹੀ ਹੈ। ਉਧਰ ਨਵਜੋਤ ਸਿੱਧੂ ਤੇ ਜਿਹੜੀ ਭਾਜਪਾ ਤੇ ਇਹ ਕੁਮੈਂਟ ਕੀਤਾ ਹੈ ਕਿ ਮੈਨੂੰ ਪੰਜਾਬ ਤੋਂ ਦੂਰ ਰੱਖਿਆ ਗਿਆ, ਇਸ ਕੁਮੈਂਟ ਨਾਲ ਸਿਆਸੀ ਮਾਹਿਰ ਇਤਫ਼ਾਕ ਨਹੀਂ ਰੱਖਦੇ, ਕਿਉਂਕਿ ਸਿੱਧੂ ਦੀ ਪਤਨੀ ਨੇ ਜਿਸ ਤਰ੍ਹਾਂ ਪੰਜਾਬ ਸਰਕਾਰ 'ਚ ਸੰਸਦੀ ਸਕੱਤਰ ਦੇ ਅਹੁਦੇ ਤੇ ਰਹਿ ਕੇ ਆਪਣੀ ਸਰਕਾਰ ਖ਼ਿਲਾਫ਼ ਹੀ ਜੰਗ ਛੇੜੀ ਹੋਈ ਹੋਈ ਹੈ, ਉਸੇ ਤਰ੍ਹਾਂ ਹੀ ਨਵਜੋਤ ਸਿੱਧੂ ਵੀ ਰਾਜ ਸਭਾ ਦੀ ਮੈਂਬਰੀ ਤੇ ਰਹਿ ਕੇ ਭਾਜਪਾ ਦੇ ਖ਼ਿਲਾਫ਼, ਪੰਜਾਬ, ਪੰਜਾਬੀ ਤੇ ਪੰਜਾਬੀਅਤ ਦੀ ਗੱਲ ਕਰ ਸਕਦਾ ਸੀ।

**ਦਾਲਾਂ ਤੇ ਦਲਿਤਾਂ ਨੇ ਕੀਤੀ ਭਾਜਪਾ ਦੀ ਨੀਂਦ ਹਰਾਮ**

ਦਲਿਤਾਂ 'ਤੇ ਜਿਸ ਤਰ੍ਹਾਂ ਭਾਜਪਾ ਸੂਬਿਆਂ ਦੀਆਂ ਸਰਕਾਰਾਂ ਵਿਚ ਅੱਤਿਆਚਾਰ ਵਧੇ ਹਨ, ਉਸ ਨੇ ਭਾਜਪਾ ਦੀ ਕੇਂਦਰ ਸਰਕਾਰ ਦੀ ਨੀਂਦ ਹਰਾਮ ਕੀਤੀ ਹੋਈ ਹੈ, ਜੇ ਇਸ ਤਰ੍ਹਾਂ ਨਾ ਹੁੰਦਾ ਤਾਂ ਨਿੱਕੀ ਤੇ ਨਿੱਕੀ ਘਟਨਾ ਬਾਰੇ ਬੋਲਣ ਵਾਲੇ ਪ੍ਰਧਾਨ ਮੰਤਰੀ ਹੁਣ ਤੱਕ ਬਹੁਤ ਕੁਝ ਬੋਲ ਗਏ ਹੁੰਦੇ। ਉਧਰ ਗਰੀਬ ਦੀ ਥਾਲੀ 'ਚੋਂ ਮਹਿੰਗੀ ਹੋਈ ਦਾਲ ਵੀ ਗਾਇਬ ਹੈ ਤੇ ਰੋਟੀ ਵੀ। ਕੇਂਦਰ ਸਰਕਾਰ ਨੇ ਨੀਲੇ ਕਾਰਡਾਂ ਵਾਲਿਆਂ ਨੂੰ ਹੁਣ ਗੈਸ ਸਿਲੰਡਰ ਦੇਣ ਦਾ ਫੈਸਲਾ ਕੀਤਾ ਹੈ, ਪਰ ਸਰਕਾਰ ਜ਼ਰਾ ਇਹ ਤਾਂ ਦੱਸ ਦੇਵੇ ਕਿ ਉਸ ਗੈਸ ਸਿਲੰਡਰ ਤੇ ਬਣੂਗਾ ਕੀ। ਕਿਉਂਕਿ ਦਾਲ ਤੇ ਰੋਟੀ ਗਰੀਬ ਦੀ ਪਹੁੰਚ ਤੋਂ ਬਾਹਰ ਹੋ ਗਈਆਂ ਹਨ। ਮਨਮੋਹਨ ਸਰਕਾਰ ਨੇ ਇਕ ਸਰਕੂਲੇਸ਼ਨ ਜਾਰੀ ਕਰਕੇ ਕਿਹਾ ਸੀ ਕਿ ਜਿਹੜਾ ਬੰਦਾ ਹਰ ਰੋਜ਼ 35 ਰੁਪਏ ਕਮਾਉਂਦਾ ਹੈ, ਉਸਨੂੰ ਸਰਕਾਰ ਗਰੀਬ ਨਹੀਂ ਮੰਨਦੀ। ਹੁਣ ਵੇਖਾਂਗੇ ਕਿ ਮੋਦੀ ਸਰਕਾਰ ਕਿੰਨੇ ਰੁਪਏ ਕਮਾਉਣ ਵਾਲੇ ਨੂੰ ਗਰੀਬ ਨਹੀਂ ਮੰਨਦੀ।

**ਪ੍ਰਧਾਨ ਮੰਤਰੀ ਵੀ ਹੈਰਾਨ-ਪ੍ਰੇਸ਼ਾਨ**

ਬਸਪਾ ਸੁਪਰੀਮੋ ਤੇ ਕੀਤੀ ਅਭੱਦਰ ਟਿੱਪਣੀ ਨੇ ਭਾਜਪਾ ਦੇ ਸਾਰੇ ਗਣਿਤ ਗੜਬੜਾ ਕੇ ਰੱਖ ਦਿੱਤੇ ਹਨ। ਇਸ ਸਿਆਸੀ ਫਿਜ਼ਾ ਵਿਚ ਖੁਦ ਪ੍ਰਧਾਨ ਮੰਤਰੀ ਲਈ ਵੀ ਸਾਹ ਲੈਣਾ ਔਖਾ ਹੋ ਰਿਹਾ ਹੈ। ਇਸ ਟਿੱਪਣੀ ਤੋਂ ਬਾਅਦ ਉਤਰ ਪ੍ਰਦੇਸ਼ ਦੀ ਸਿਆਸੀ ਆਬੋ-ਹਵਾ ਨੂੰ ਸਮਝਣ ਲਈ ਭਾਜਪਾ ਨੇ ਜੋ ਖੁਦ ਸਰਵੇ ਕਰਵਾਇਆ, ਉਸ ਸਰਵੇ ਨੇ ਭਾਜਪਾ ਦੀਆਂ ਚੂਲਾਂ ਹਿਲਾ ਕੇ ਰੱਖ ਦਿੱਤੀਆਂ ਹਨ।

2014 ਦੀਆਂ ਲੋਕ ਸਭਾ ਚੋਣਾਂ ਵਿਚ 35-36 ਫੀਸਦੀ ਦਲਿਤਾਂ (ਗੈਰ ਜਾਟਵ) ਦੀਆਂ ਵੋਟਾਂ ਭਾਜਪਾ ਨੂੰ ਮਿਲੀਆਂ ਸੀ, ਉਹ ਸਿਰਫ 8-9 ਫੀਸਦੀ ਰਹਿ ਗਈਆਂ ਹਨ। ਉਧਰ ਇਕ ਮੰਨੇ ਪ੍ਰਮੰਨੇ ਭਾਜਪਾ ਪੱਖੀ ਟੀ. ਵੀ. ਚੈਨਲ ਨੇ ਜੋ ਸਰਵੇ ਕਰਵਾਇਆ ਹੈ, ਉਸ ਵਿਚ ਬਸਪਾ ਨੂੰ 280, ਭਾਜਪਾ ਨੂੰ 60, ਸਮਾਜਵਾਦੀ ਪਾਰਟੀ ਨੂੰ 48, ਕਾਂਗਰਸ ਨੂੰ 10 ਤੇ ਬਾਕੀ ਜੋ ਆਜ਼ਾਦ ਉਮੀਦਵਾਰ ਖੜ੍ਹਨਗੇ, ਉਹਨਾਂ ਨੂੰ ਸਿਰਫ 5 ਕੁ ਸੀਟਾਂ ਹੀ ਮਿਲਣਗੀਆਂ।

# ਦਲਿਤਾਂ ਦੀ ਦੁਰਦਸ਼ਾ ਦਾ ਸੱਚ

ਡਾ. ਖਜਾਨ ਸਿੰਘ
91-9818897224

ਹਾਲ ਹੀ ਵਿਚ ਬਦਮਾਸ਼ਾਂ ਦੁਆਰਾ ਗੁਜਰਾਤ ਦੇ ਊਨਾ ਵਿਚ ਦਲਿਤਾਂ ਦੇ ਨਾਲ ਕੀਤਾ ਗਿਆ ਗੈਰ ਮਨੁੱਖੀ ਵਿਵਹਾਰ ਸਾਰੇ ਦੇਸ਼ ਦੇ ਬਹੁਜਨਾਂ ਨੂੰ ਹਿਲਾ ਗਿਆ। ਵੈਸੇ ਤਾਂ ਮੁਲਕ ਭਰ ਵਿਚ ਹਰ ਰੋਜ਼ ਇਸ ਕਿਸਮ ਦੀਆਂ ਘਟਨਾਵਾਂ ਦੇਖਣ ਅਤੇ ਸੁਣਨ ਨੂੰ ਮਿਲਦੀਆਂ ਹਨ। ਪਰ ਇਸ ਘਟਨਾ ਤੋਂ ਇਕ ਗੱਲ ਸਾਫ ਦਿਖਾਈ ਦਿੰਦੀ ਹੈ ਕਿ ਬਦਮਾਸ਼ਾਂ ਦੇ ਹੌਸਲੇ ਕਿੰਨੇ ਬੁਲੰਦ ਹਨ ਕਿ ਉਹ ਦਲਿਤਾਂ ਦੇ ਨਾਲ ਮਾਰ ਕੁੱਟ ਕਰਕੇ ਆਪਣੀ ਬਦਮਾਸ਼ੀ ਦਾ ਸਬੂਤ ਸੋਸ਼ਲ ਮੀਡੀਆ 'ਤੇ ਵਾਇਰਲ ਕਰਦੇ ਹਨ। ਉਹਨਾਂ ਨੂੰ ਕਾਨੂੰਨ ਦਾ ਬਿਲਕੁਲ ਵੀ ਭੈਅ ਨਹੀਂ ਹੈ, ਇਸ ਤੋਂ ਸਾਬਤ ਹੁੰਦਾ ਹੈ ਕਿ ਉਹ ਦੂਸ਼ਿਤ ਮਾਨਸਿਕਤਾ ਦੇ ਲੋਕ ਇਹ ਦਿਖਾਉਣਾ ਚਾਹੁੰਦੇ ਹਨ ਕਿ ਤੁਸੀਂ ਲੋਕ ਅੱਜ ਵੀ ਗੁਲਾਮ ਹੋ ਅਤੇ ਅਸੀਂ ਮਾਲਕ ਹੈ। ਅਸੀਂ ਇਸ ਦੇਸ਼ ਵਿਚ ਜਿਵੇਂ ਚਾਹਾਂਗੇ, ਅਜਿਹਾ ਹੀ ਕਰਾਂਗੇ, ਕੋਈ ਵੀ ਸਾਡਾ ਕੁਝ ਨਹੀਂ ਵਿਗਾੜ ਸਕਦਾ।

ਇਸ ਘਟਨਾ ਦੀ ਵੀਡੀਓ ਨੂੰ ਦੇਖ ਕੇ ਰੌਂਗਟੇ ਖੜ੍ਹੇ ਹੋ ਜਾਂਦ ਹਨ ਅਤੇ ਅਜਿਹਾ ਲੱਗਣ ਲੱਗਦਾ ਹੈ ਕਿ ਦੇਸ਼ ਵਿਚ ਸਰਕਾਰ ਨਾਂ ਦੀ ਕੋਈ ਚੀਜ਼ ਹੈ ਹੀ ਨਹੀਂ? ਅਤੇ ਜੇਕਰ ਹੈ ਤਾਂ ਉਹਨਾਂ ਦੀ ਇਹਨਾਂ ਬਦਮਾਸ਼ਾਂ ਨਾਲ ਮਿਲੀਭੁਗਤ ਹੈ। ਇਸ ਤਰ੍ਹਾਂ ਦੀ ਦੇਸ਼ ਵਿਚ ਇਹ ਪਹਿਲੀ ਘਟਨਾ ਨਹੀਂ, ਇਸ ਤੋਂ ਪਹਿਲਾਂ ਵੀ ਇਸ ਕਿਸਮ ਦੀਆਂ ਘਟਨਾਵਾਂ ਹੁੰਦੀਆਂ ਰਹੀਆਂ ਹਨ, ਜਿਵੇਂ ਕਿ ਅਕਤੂਬਰ 2002 ਵਿਚ ਹਰਿਆਣਾ ਦੇ ਜ਼ਿਲ੍ਹਾ ਝੱਜਰ ਵਿਚ ਹੋਈ, ਜਿਸ ਵਿਚ 5 ਦਲਿਤਾਂ ਨੂੰ ਗਾਂ ਦੀ ਖੱਲ ਉਤਾਰਨ ਦੇ ਬਹਾਨੇ ਬਦਮਾਸ਼ਾਂ ਨੇ ਬੁਰੀ ਤਰ੍ਹਾਂ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ।

ਇਹਨਾਂ ਬਦਮਾਸ਼ਾਂ ਨੇ ਸਮੇਂ-ਸਮੇਂ ਤੇ ਬਹੁਜਨ ਸਮਾਜ ਵਿਚ ਦਹਿਸ਼ਤ ਫੈਲਾਉਣ ਦਾ ਕੰਮ ਕੀਤਾ, ਜਿਸ ਕਾਰਨ ਉਹ ਦੇਸ਼ ਦੀ ਧਨ ਧਰਤੀ ਤੇ ਕਾਬਜ ਰਹਿ ਸਕੇ ਅਤੇ ਬਹੁਜਨ ਸਮਾਜ ਦੇ ਲੋਕ ਉਹਨਾਂ ਦੀ ਗੁਲਾਮੀ ਕਰਦੇ ਰਹੇ। ਹਾਲ ਹੀ ਵਿਚ ਹਰਿਆਣਾ ਦੇ ਰੋਹਤਕ ਜ਼ਿਲ੍ਹੇ ਵਿਚ ਇਕ ਦਲਿਤ ਲੜਕੀ ਨਾਲ ਸਮੂਹਿਕ ਬਲਾਤਕਾਰ ਕੀਤਾ ਗਿਆ। ਇਹਨਾਂ ਬਦਮਾਸ਼ਾਂ ਨੇ ਇਸ ਲੜਕੀ ਨਾਲ ਪਹਿਲਾਂ ਵੀ ਸਮੂਹਿਕ ਬਲਾਤਕਾਰ ਕੀਤਾ ਸੀ, ਜਿਸ ਕਰਕੇ ਇਹ ਜੇਲ੍ਹ ਵਿਚ ਸਨ ਅਤੇ ਹੁਣੇ ਜਮਾਨਤ ਤੇ ਆਏ ਸਨ।

ਪਿਛਲੇ ਸਾਲ ਉਤਰ ਪ੍ਰਦੇਸ਼ ਦੇ ਗੌਤਮ ਬੁੱਧ ਨਗਰ ਦੇ ਦਾਦਰੀ ਵਿਚ ਇਕ ਮੁਸਲਿਮ ਵਿਅਕਤੀ ਅਖਲਾਕ ਨੂੰ ਇਸ ਕਰਕੇ ਮੌਤ ਦੇ ਘਾਟ ਉਤਾਰ ਦਿੱਤਾ ਕਿ ਉਹਨਾਂ ਦੇ ਘਰ ਗਊ ਮਾਸ ਹੈ ਅਤੇ ਉਸਦੇ ਲੜਕ ਨੂੰ ਕੁੱਟ ਕੁੱਟ ਕੇ ਬੁਰੀ ਤਰ੍ਹਾਂ ਜ਼ਖਮੀ ਕਰ ਦਿੱਤਾ।

ਪਿਛਲੇ ਹੀ ਸਾਲ ਹਰਿਆਣਾ ਦੇ ਫਰੀਦਾਬਾਦ ਜ਼ਿਲ੍ਹੇ ਦੇ ਇਕ ਪਿੰਡ ਸੁਨਪੇਡ ਵਿਚ ਇਕ ਦਲਿਤ ਵਿਅਕਤੀ ਜਤਿੰਦਰ ਨੂੰ ਸੌਂਦੇ ਹੋਏ ਪਰਿਵਰ 'ਤੇ ਪਿੰਡ ਦੇ ਹੀ ਬਦਮਾਸ਼ਾਂ ਨੇ ਪੈਟਰੋਲ ਛਿੜਕ ਕੇ ਅੱਗ ਲਗਾ ਦਿੱਤੀ ਸੀ, ਜਿਸ ਕਾਰਨ ਉਹਨਾਂ ਦੇ ਦੋ ਮਾਸੂਮ ਬੱਚੇ ਸੜ ਕੇ ਮਰ ਗਏ ਸਨ ਅਤੇ ਜਤਿੰਦਰ ਦੀ ਪਤਨੀ ਰੇਖਾ ਬੁਰੀ ਤਰ੍ਹਾਂ ਸੜ ਗਈ ਸੀ, ਜਿਸਦਾ ਇਲਾਜ ਚੱਲ ਰਿਹਾ ਹੈ। ਪਤਾ ਲੱਗਿਆ ਕਿ ਇਸ ਗੁਜਰਾਤ ਦੀ ਘਟਨਾ ਤੋਂ ਘਬਰਾ ਕੇ ਹਰਿਆਣਾ ਦੀ ਭਾਜਪਾ ਸਰਕਾਰ ਨੇ ਚੋਰੀ ਜਿਹੇ ਜਤਿੰਦਰ ਨੂੰ ਸਰਕਾਰ ਨੌਕਰੀ ਦੀ ਆਫਰ ਦਿੱਤੀ ਕਿ ਕਿਤੇ ਇਹ ਮੁੱਦਾ ਫਿਰ ਨਾ ਉਠ ਖੜ੍ਹੇ।

ਪਿਛਲੇ ਹੀ ਸਾਲ ਦਲਿਤ ਵਿਦਿਆਰਥੀ ਰੋਹਿਤ ਵੇਮੁਲਾ ਦੀ ਮੌਤ ਤੇ ਪੂਰੇ ਮੁਲਕ ਵਿਚ ਹੰਗਾਮਾ ਹੋਇਆ, ਪਰ ਦੋਸ਼ੀਆਂ ਦਾ ਕੁਝ ਨਹੀਂ ਵਿਗੜਿਆ। ਦੇਸ਼ ਭਰ ਵਿਚ ਦਲਿਤਾਂ ਦੇ ਨਾਲ ਇਸ ਕਿਸਮ ਦੀਆਂ ਘਟਨਾਵਾਂ ਆਮ ਗੱਲ ਹਨ, ਜਿਹਨਾਂ ਦੀ ਖਬਰ ਤੱਕ ਨਹੀਂ ਬਣ ਪਾਉਂਦੀ।

ਗੁਜਰਾਤ ਦੀ ਇਸ ਘਟਨਾ ਨੂੰ ਥੋੜ੍ਹੀ ਹੋਰ ਡੂੰਘਾਈ ਨਾਲ ਦੇਖੀਏ ਤਾਂ ਅਸੀਂ ਪਾਉਂਦੇ ਹਾਂ ਕਿ ਦੇਸ਼ ਭਰ ਵਿਚ ਇਸ ਕਿਸਮ ਦੀਆਂ ਜਾਂ ਇਸ ਤੋਂ ਵੀ ਮਾੜੀਆਂ ਘਟਨਾਵਾਂ ਹੁੰਦੀਆਂ ਹਨ ਪਰ ਇਸ ਘਟਨਾ ਦੀ ਵੀਡੀਓ ਦਾ ਜਨਤਕ ਵਾਇਰਲ ਕਰਨ ਤੋਂ ਸਾਬਤ ਹੁੰਦਾ ਹੈ ਕਿ ਉਹ ਦੂਸ਼ਿਤ ਮਾਨਸਿਕਤਾ ਦੇ ਲੋਕ ਬਹੁਜਨ ਸਮਾਜ ਨੂੰ ਇਕ ਸੰਦੇਸ਼ ਦੇਣਾ ਚਾਹੁੰਦੇ ਹਨ ਕਿ ਉਹਨਾਂ ਦਾ ਬਦਮਾਸ਼ੀ ਵਿਚ ਦਬਦਬਾ ਹੈ।

ਗੁਜਰਾਤ ਦੀ ਇਸ ਘਟਨਾ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਉਹਨਾਂ ਨੇ ਇਕ ਵਿਅਕਤੀ, ਇਕ ਪਰਿਵਾਰ, ਇਕ ਜਾਤੀ ਅਤੇ ਇਕ ਸਮਾਜ ਨਹੀਂ ਪੂਰੇ ਬਹੁਜਨ ਸਮਾਜ ਨੂੰ ਮਾਰਿਆ ਹੈ। ਪਰ ਦਲਿਤ ਸਮਾਜ ਦੇ ਨੇਤਾਵਾਂ ਨੇ ਇਸ ਦੇ ਉਲਟ ਸਮਝਿਆ ਅਤੇ ਇਹ ਮੰਨ ਕੇ ਚੱਲੇ ਕਿ ਇਹ ਘਟਨਾ ਇਕ ਵਿਅਕਤੀ ਦੇ ਨਾਲ, ਇਕ ਪਰਿਵਾਰ ਨਾਲ ਅਤੇ ਇਕ ਜਾਤੀ ਨਾਲ ਹੋਈ ਹੈ ਅਤੇ ਇਹਨਾਂ ਗੁਲਾਮ ਦਲਿਤ ਨੇਤਾਵਾਂ ਦੀ ਜੁਬਾਨ ਤੱਕ ਨਹੀਂ ਖੁੱਲ੍ਹੀ, ਜਿਵੇਂ ਕਿ ਹਮੇਸ਼ਾ ਹੁੰਦਾ ਹੈ।

ਇਹਨਾਂ ਮਨੂੰਵਾਦੀਆਂ ਦੀ ਬਦਮਾਸ਼ੀ ਦੀ ਇਸ ਲੜੀ ਵਿਚ ਭਾਜਪਾ ਦੇ ਉਪ ਪ੍ਰਧਾਨ ਦਿਆਸ਼ੰਕਰ ਸਿੰਘ ਨੇ ਬਸਪਾ ਦੀ ਪ੍ਰਧਾਨ ਮਾਇਆਵਤੀ ਬਾਰ ਜੋ ਕਿਹਾ ਉਸ ਤੋਂ ਸਪਸ਼ਟ ਹੈ ਕਿ ਭਾਵੇਂ ਦਲਿਤ ਵਰਗ ਦਾ ਕੋਈ ਵਿਅਕਤੀ ਕਿਸੇ ਵੀ ਉਚੇ

(ਬਾਕੀ ਸਫਾ 18 ਤੇ)


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ





**Special Features**

Watch & Record
Make it a PVR (USB Required)
LED Screen
Know what your box is doing

Press & Play
Press a number to change the channel
Apps from Market

**Shahzad Choudury**
Cell. (770) 815-8315

# DEALERS IN CALIFORNIA USA

**Keney Rassul**
Cell. (909) 213-7081

Kenny (909)-213-7081, (909) 498 6132
S. Chauhdry (770) 815 8315
BOMBAY MUSIC (BERKELEY)
***
Mr. Anil Ajmany,
1006 University Ave., BERKELEY, CA 94710, USA
PHONE: 510-845-3311
E-MAIL; 1bombaymusic@gmail.com
***
HI-TECH INTERNATIONAL
(W. SACRAMANTO)
1449 SACRAMENTO AVENUE,
WEST SACRAMENTO, CA 95605
PHONE :916-995-8525
E-MAIL: sohaziz@gmail.com
***
INDIA BAZZAR (STOCKTON)
Mr. Happy, Mr. Jai Ram Ji
1304 E. Hammer Lane, Stockton, CA 95210
PHONE :209-478-0285 , 209-594-8473
***
MR. AVTAR SINGH PHONE :707-703-1451
(BSONS TRAVEL & TEXAS SERVICE)
1652 WEST TEXAS STREET 189, SUITE 205,
FAIRFIELD, CA 94533,
***
Shak (510-290-0786)
HALAL FOOD MARKET IN BERKELEY
***
Mr. Ali 1964 SAN PABLO AVE, BERKELEY,
CA 94702 (PH) :510 845 2000 , 925 914 1498
Mr. SINGH Phone:209-450-1365
Indian Grocery and General Store
C-3230 Mitchell Rd Ceres, CA 95307
bigdepotindian@hotmail.com
MR. ATUL MALIK (BERKELEY)
1962 San Pablo Avenue, Berkeley,CA 94702
Phone: 510 649 7777
E-mail: infinitytravels@sbcglobal.net
***
MR. KARIM,
SMOKE FOR LESS
1652 N. Texas Street, Fairfield, CA 94533
PHONE :510-684-9586E
mail:karimhotaki@gmail.com
***
MR. NAVEEN KHOSLA
(SHALIMAR INDIAN GROCERY)
32120 ALVARADO BLVD, UNION CITY, CA 94587
PHONE :510 487 7752 , 209 678 5004
***
MR. SHAFI (HALAL MEATS)
1538 S. DE ANZA BLVD, SAN JOSE, CA 95129,
PHONE :408 865 1222
***
RAVI
Phone: 661 835 8930
All India Sweet, 3150 Panama Slane # K,
Bakersfield, CA 93313 usakamboj@yahoo.com
****
SHARMA JI,
BOMBAY VIDEO (YUBA CITY)
1410 Bridge Street, Yuba City, CA 95993
PHONE :530-673-7150
***
TARIQ Phone # 315 542 5615
17 Sola Court, Sacramento, CA 95835
Email:hemo7863@gmail.com
***
Prince Barber Shop
37477 Fremont Blvd. suite C CA
Ph:5106779942, 5105059605
***
MR. PARSAD (FIJI INDIAN STORE)
117 WEST MAIN STREET, WOODLAND, CA 95695
PHONE : 530 668 8333
***
Mr. Shakeel Phone. 510 234 1700
BEST TIRES & WHEELS,
12826, SAN PABLO AVE. RICHMOND CA 94805
*****
SHUJA SIDDIQI Phone: 510 364 7595
Halal Meat and Grocery,
583 Saratoga Ave., Santa Clara, CA 95050
shuja_siddi@hotmail.com
*****
SMOKE ZONE, (FREEMONT)
Mir Wais
PHONE :510-656-9663 , 510-688-5878
46699 Mission Blvd, Freemont, CA 94534
Mr. Waqas,
CURRY KING , PAKISTAN AND INDIAN CUISINE,
34579 ALVARADO NILES ROAD,
UNION CITY, CA 94587
510 200 1730
waqaskhawaja85@yahoo.com
***
Amar Fashion Grocery Bazar
Lande Ave., Turlock CA
***
MadinaZabiha
Halal Foods Fremont 510 445 0786
***
Raavi Restaurant (San Francisco)
Jackson St. San Francisco
PH:510 290 0786
***
Rakesh
Phone: 925-778-7860,
Email: rakesh.sahni@yahoo.com
101 Railroad Ave. Antioch, CA 94509

www.shavatv.com
info@shavatv.com

# ਕੇਂਦਰੀ ਪੰਜਾਬੀ ਲੇਖਕ ਸਭਾ ਵਲੋਂ ਮਹਾਂਸ਼ਵੇਤਾ ਦੇਵੀ ਨੂੰ ਸ਼ਰਧਾਂਜਲੀ

**ਹੁਸ਼ਿਆਰਪੁਰ–** ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ) ਦੇ ਪ੍ਰਧਾਨ ਡਾ. ਲਾਭ ਸਿੰਘ ਖੀਵਾ, ਸੀਨੀਅਰ ਮੀਤ ਪ੍ਰਧਾਨ ਅਤਰਜੀਤ ਅਤੇ ਜਨਰਲ ਸਕੱਤਰ ਡਾ. ਕਰਮਜੀਤ ਸਿੰਘ ਨੇ ਕੇਂਦਰੀ ਸਭਾ ਵਲੋਂ ਵਿਸ਼ਵ ਪ੍ਰਸਿੱਧ ਨਾਵਲਕਾਰ, ਕਹਾਣੀਕਾਰ ਮਹਾਂਸ਼ਵੇਤਾ ਦੇਵੀ ਦੇ ਵਿਛੋੜੇ ਤੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਹੈ ਕਿ ਲੇਖਕਾਂ, ਕਵੀਆਂ, ਫਿਲਮਕਾਰਾਂ ਅਤੇ ਬੁੱਤ ਤਰਾਸ਼ਾਂ ਦੇ ਪਰਿਵਾਰ ਵਿਚ ਵਿਚਰੀ ਬੰਗਾਲ ਦੀ ਇਸ ਲੇਖਿਕਾ ਨੇ ਸਾਰੀ ਉਮਰ ਅਤਿ ਪਿਛੜੇ ਕਬੀਲਿਆਂ ਲਈ ਕੰਮ ਕੀਤਾ ਅਤੇ ਉਨ੍ਹਾਂ ਦੇ ਯਥਾਰਥਕ ਜੀਵਨ ਨੂੰ ਆਧਾਰ ਬਣਾ ਕੇ ਸਮੁੱਚੇ ਸਾਹਿਤ ਦੀ ਸਿਰਜਣਾ ਕੀਤੀ। ਮਹਾਂਸ਼ਵੇਤਾ ਦੇਵੀ ਨੇ ਦੋ ਦਰਜਣ ਤੋਂ ਉਪਰ ਨਾਵਲਾਂ ਅਤੇ ਕਹਾਣੀ ਸੰਗ੍ਰਹਿਆਂ ਦੀ ਰਚਨਾ ਕੀਤੀ ਜਿਨ੍ਹਾਂ ਵਿਚੋਂ ਹਜ਼ਾਰ ਚੌਰਾਸੀਵੇਂ ਦੀ ਮਾਂ ਨਾਲ਼ ਪੰਜਾਬੀ ਦੇ ਪਾਠਕ ਚੰਗੀ ਤਰ੍ਹਾਂ ਵਾਕਿਫ਼ ਹਨ। ਇਸ ਤੋਂ ਇਲਾਵਾ ਅਰਣਯੇਰ ਅਧਿਕਾਰ, ਅਗਨੀ ਗਰਭ, ਰੁਦਾਲ਼ੀ, ਅਤੇ ਕੁੱਲ ਪੁੱਤਰ ਆਦਿ ਉਨ੍ਹਾਂ ਦੀਆਂ ਪ੍ਰਸਿੱਧ ਰਚਨਾਵਾਂ ਹਨ।



ਇਨ੍ਹਾਂ ਰਚਨਾਵਾਂ ਉੱਪਰ ਛੇ ਫਿਲਮਾਂ ਦਾ ਨਿਰਮਾਣ ਵੀ ਹੋਇਆ ਜੋ ਕਲਾਸੀਕਲ ਫਿਲਮਾਂ ਦਾ ਦਰਜਾ ਰੱਖਦੀਆਂ ਹਨ। ਉਨ੍ਹਾਂ ਨੂੰ ਸਾਹਿਤ ਅਕਾਡਮੀ ਪੁਰਸਕਾਰ,ਪਦਮ ਸ਼੍ਰੀ, ਪਦਮ ਵਿਭੂਸ਼ਣ, ਗਿਆਨ ਪੀਠ ਪੁਰਸਕਾਰ ਅਤੇ ਮੈਗਸੈਸੇ ਅਵਾਰਡ ਸਮੇਤ ਦਸ ਵੱਡੇ ਭਾਰਤੀ ਤੇ ਵਿਸ਼ਵ ਦੇ ਅਵਾਰਡਾਂ ਨਾਲ਼ ਸਨਮਾਨਿਤ ਕੀਤਾ ਗਿਆ।

ਅਜਿਹੀ ਮਹਾਨ ਸ਼ਖ਼ਸੀਅਤ ਦੇ ਤੁਰ ਜਾਣ ਨਾਲ਼ ਸਾਹਿਤ ਨੂੰ ਕਦੇ ਨਾ ਪੂਰਾ ਹੋਣ ਵਾਲ਼ਾ ਘਾਟਾ ਪਿਆ ਹੈ ਜਿਸਨੇ ਬਹੁਤ ਵੱਡਾ ਖਲਾਅ ਪੈਦਾ ਕੀਤਾ ਹੈ। ਕੇਂਦਰੀ ਸਭਾ ਦੇ ਅਹੁਦੇਦਾਰ ਮਨਜੀਤ ਕੌਰ ਮੀਤ, ਜਸਵੀਰ ਝੱਜ, ਦੀਪ ਦੇਵਿੰਦਰ, ਤਰਲੋਚਨ ਝਾਂਡੇ, ਡਾ. ਮਾਨ ਸਿੰਘ ਢੀਂਡਸਾ, ਅੰਮ੍ਰਿਤਬੀਰ ਕੌਰ, ਸੁਰਿੰਦਰ ਪ੍ਰੀਤ ਘਣੀਆਂ, ਕਰਮ ਸਿੰਘ ਵਕੀਲ ਅਤੇ ਵਰਗਿਸ ਸਲਾਮਤ, ਕਾਰਜਕਾਰਨੀ ਅਤੇ ਕੇਂਦਰੀ ਸਭਾ ਦੇ ਸਾਰੇ ਮੈਂਬਰ ਮਹਾਂਸ਼ਵੇਤਾ ਦੇਵੀ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਨ। **–ਡਾ ਕਰਮਜੀਤ ਸਿੰਘ**

# ਬਜ਼ੁਰਗਾਂ ਨੂੰ ਸ਼ਿਕਾਇਤ ਲੈ ਕੇ ਥਾਣਿਆਂ 'ਚ ਜਾਣ ਦੀ ਲੋੜ ਨਹੀਂ . ਡੀ.ਐਸ.ਪੀ. ਫਿਲੌਰ

**ਗੁਰਾਇਆ (ਨਿਰਮਲ ਗੁੜਾ)–** ਬਜ਼ੁਰਗਾਂ ਨੂੰ ਥਾਣੇ ਜਾਂ ਚੌਂਕੀਆਂ ਵਿੱਚ ਸ਼ਿਕਾਇਤਾਂ ਲੈ ਕੇ ਜਾਣ ਦੀ ਕੋਈ ਲੋੜ ਨਹੀਂ ਹੈ ਉਹ ਘਰ ਬੈਠੇ ਫੋਨ ਤੇ ਪੁਲਿਸ ਨੂੰ ਦਸ ਸਕਦੇ ਹਨ, ਪੁਲਿਸ ਉਹਨਾਂ ਦੇ ਘਰ ਜਾ ਕੇ ਸ਼ਿਕਾਇਤ ਦੀ ਜਾਣਕਾਰੀ ਲਵੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ



ਸਬ ਡਵੀਜਨ ਫਿਲੌਰ ਵਿਖੇ ਡੀ.ਐਸ.ਪੀ ਹਰਬਿੰਦਰ ਸਿੰਘ ਨੇ ਚਾਰਜ ਸੰਭਾਲਣ ਵੇਲੇ ਪੱਤਰਕਾਰਾਂ ਨਾਲ਼ ਗਲਬਾਤ ਕਰਦੇ ਹੋਏ ਕੀਤਾ। ਉਹਨਾਂ ਅੱਗੇ ਕਿਹਾ ਕਿ ਕਿਸੇ ਵੀ ਬਜ਼ੁਰਗ ਆਦਮੀ ਜਾਂ ਔਰਤ ਨੂੰ ਕੋਈ ਪ੍ਰੇਸ਼ਾਨੀ ਹੋਵੇ ਜਾਂ ਕਿਸੇ ਵਿਰੁਧ ਕੋਈ ਸ਼ਿਕਾਇਤ ਹੋਵੇ ਤਾਂ ਉਹ ਕਿਸੇ ਵੇਲੇ ਵੀ ਹੈਲਪ ਲਾਇਨ ਨੰਬਰ 100 ਜਾਂ 78373-40006 ਜਾਂ ਫਿਰ ਸੰਬੰਧਤ ਥਾਣੇ ਜਾਂ ਪੁਲਿਸ ਚੌਕੀ ਦੇ ਨੰਬਰ ਤੇ ਦੱਸਿਆ ਜਾ ਸਕਦਾ ਹੈ। ਉਹਨਾਂ ਅੱਗੇ ਕਿਹਾ ਕਿ ਇਲਾਕੇ ਵਿੱਚ ਕਿਸੇ ਕਿਸਮ ਦੇ ਨਸ਼ਾ ਤਸਕਰ ਅਤੇ ਸਮਾਜ ਵਿਰੋਧੀ ਜਾਂ ਫਿਰ ਅਮਨ ਸ਼ਾਂਤੀ ਭੰਗ ਕਰਨ ਵਾਲ਼ੇ ਨੂੰ ਬਖਸ਼ਿਆ ਨਹੀਂ ਜਾਵੇਗਾ, ਪਰ ਇਸ ਲਈ ਲੋਕਾਂ ਦੇ ਸਹਿਯੋਗ ਦੀ ਖਾਸ ਜਰੂਰਤ ਹੈ।

# ਬੀਮਾ, ਬੈਂਕ ਅਤੇ ਕੇਂਦਰੀ ਸੇਵਾਵਾਂ ਦੀਆਂ ਪੋਸਟਾਂ ਲਈ ਅੰਬੇਡਕਰ ਭਵਨ ਵਿਖੇ ਮੁਫਤ ਕੋਚਿੰਗ ਦਾ ਦੂਜਾ ਬੈਚ ਆਰੰਭ

**ਜਲੰਧਰ–** ਆਈ. ਕੇ. ਜੀ. ਪੰਜਾਬ ਟੈਕਨੀਕਲ ਯੂਨੀਵਰਸਿਟੀ ਦੀ ਐਸ. ਸੀ. ਇੰਪਲਾਈਜ਼ ਵੈਲਫੇਅਰ ਐਸੋਸੀਏਸ਼ਨ (ਸੇਵਾ ਪੀ. ਟੀ. ਯੂ.) ਵੱਲੋਂ ਗਰੀਬ ਅਤੇ ਪੱਛੜੇ ਸਮਾਜ ਦੇ ਵਿਦਿਆਰਥੀਆਂ ਲਈ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ ਜਲੰਧਰ ਵਿਖੇ ਸਵੇਰ 7.30 ਵਜੇ ਤੋਂ 10.30 ਵਜੇ ਤੱਕ ਬੀਮਾ, ਬੈਂਕ, ਰੇਲਵੇ ਅਤੇ ਦੂਸਰੀਆਂ ਹੋਰ ਸਰਕਾਰੀ ਸੇਵਾਵਾਂ ਦੀਆਂ ਪੋਸਟਾਂ ਦੀ ਪ੍ਰੀਖਿਆ ਦੀ ਤਿਆਰੀ ਲਈ ਫ੍ਰੀ ਕੋਚਿੰਗ ਲਈ 24 ਜੁਲਾਈ ਤੋਂ ਦੂਸਰੇ ਬੈਚ ਦੀ ਸ਼ੁਰੂਆਤ ਕੀਤੀ ਗਈ। ਅੰਬੇਡਕਰ ਭਵਨ ਟਰੱਸਟ ਦੀ ਸਰਪ੍ਰਸਤੀ ਹੇਠ ਆਰੰਭ ਕੀਤੇ ਇਸ ਕੋਚਿੰਗ ਸੈਂਟਰ ਦਾ ਉਦਘਾਟਨ ਅਪ੍ਰੈਲ ਵਿਚ ਕੀਤਾ ਗਿਆ ਸੀ। ਦੂਸਰੇ ਬੈਚ ਦੀ ਸ਼ੁਰੂਆਤ ਕਰਦਿਆਂ ਮੁੱਖ ਮਹਿਮਾਨ ਸ੍ਰੀ ਅਨਿਲ ਕੁਮਾਰ ਸਹਾਇਕ ਜ਼ਿਲ੍ਹਾ ਅਟਾਰਨੀ ਅਤੇ ਵਿਸ਼ੇਸ਼ ਮਹਿਮਾਨ ਪ੍ਰੋ. ਅਕਸ਼ੈ ਕੁਮਾਰ ਜਿਲੋਵਾ ਅਤੇ ਡਾ. ਜਤਿੰਦਰ ਕੁਮਾਰ ਨੇ ਪੀ. ਟੀ. ਯੂ. ਦੀ ਮੁਲਾਜ਼ਮ ਜਥੇਬੰਦੀ ਦੀ ਪ੍ਰਸੰਸਾ ਕਰਦਿਆਂ ਕੋਚਿੰਗ ਲੈਣ ਵਾਲੇ ਵਿਦਿਆਰਥੀਆਂ ਨੂੰ ਮਿਹਨਤ, ਲਗਨ ਅਤੇ ਪੂਰੀ ਦ੍ਰਿੜ੍ਹਤਾ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਕਰਨ ਦੀ ਪ੍ਰੇਰਨਾ




ਦਿੱਤੀ। ਅੰਬੇਡਕਰ ਭਵਨ ਦੇ ਫਾਊਂਡਰ ਟਰੱਸਟੀ ਸ੍ਰੀ ਲਾਹੌਰੀ ਰਾਮ ਬਾਲੀ ਅਤੇ ਟਰੱਸਟ ਦੇ ਚੇਅਰਮੈਨ ਡਾ. ਜੀ. ਸੀ. ਕੌਲ ਨੇ ਸੰਸਥਾ ਵੱਲੋਂ ਆਰੰਭੇ ਇਸ ਉਪਰਾਲੇ ਲਈ ਮੈਂਬਰਾਂ ਦਾ ਧੰਨਵਾਦ ਕੀਤਾ ਅਤੇ ਵਿਦਿਆਰਥੀਆਂ ਨੂੰ ਸ਼ੁਭ ਕਾਮਨਾਵਾਂ ਦਿੰਦਿਆਂ ਅੱਗੇ ਵਧਣ ਲਈ ਉਤਸ਼ਾਹਿਤ ਕੀਤਾ। ਸੈਂਟਰ ਇੰਸਟੀਚਿਊਟ ਆਫ ਹੈਂਡ ਟੂਲਜ਼ ਦੇ ਸਹਾਇਕ ਡਾਇਰੈਕਟਰ ਸ੍ਰੀ ਐਮ. ਆਰ. ਸੱਲਣ, ਐਸੋਸੀਏਸ਼ਨ ਦੇ ਪ੍ਰਧਾਨ ਪਵਨ ਖਿੱਚੀ, ਜਨਰਲ ਸਕੱਤਰ ਇੰਜ: ਸੰਦੀਪ ਮਹਿਮੀ, ਸਹਾਇਕ ਰਜਿਸਟਰਾਰ ਸ੍ਰੀ ਨਰੇਸ਼ ਕੁਮਾਰ, ਸਹਾਇਕ ਰਜਿਸਟਰਾਰ ਸ੍ਰੀ ਜੁਮਿੰਦਰ ਸਿੰਘ ਪੀ. ਟੀ. ਯੂ., ਇੰਜੀ: ਸੰਜੀਵ ਕੁਮਾਰ, ਡਾ. ਤਰਸੇਮ ਸਾਗਰ ਅਤੇ ਸੇਵਾ ਪੀ. ਟੀ. ਯੂ. ਦੇ ਹੋਰ ਮੈਂਬਰ ਹਾਜ਼ਰ ਸਨ। ਸਟੇਜ ਸਕੱਤਰ ਵਜੋਂ ਬਾਖੂਬੀ ਡਿਊਟੀ ਨਿਭਾਉਂਦਿਆਂ ਇੰਜ: ਜਸਵੰਤ ਰਾਏ ਹੋਰਾਂ ਨੇ ਆਸ ਪ੍ਰਗਟਾਈ ਕਿ ਵਿਦਿਆਰਥੀ ਕੋਚਿੰਗ ਸੈਂਟਰ ਦੇ ਬੇਹੱਦ ਮਿਹਨਤੀ, ਯੋਗ ਅਤੇ ਲਾਇਕ ਸਟਾਫ ਦੇ ਤਜਰਬੇ ਅਤੇ ਐਸੋਸੀਏਸ਼ਨ ਦੇ ਇਸ ਉਦਮ ਦਾ ਪੂਰਾ ਫਾਇਦਾ ਉਠਾਉਣਗੇ। **–ਡਾ ਜੀ ਸੀ ਕੌਲ**

# ਸਟਾਕਟਨ ਵਿਖੇ ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਲਈ ਤਿਆਰੀ ਮੁਕੰਮਲ

**7 ਅਗਸਤ, 2016; ਦਿਨ ਐਤਵਾਰ**

ਸਮਾਂ – ਸਵੇਰੇ ਦਸ ਵਜੇ ਤੋਂ ਗਿਆਰਾਂ ਵਜੇ ਇਕਤ੍ਰਤਾ, ਗੁਫਤਗੂ ਅਤੇ ਚਾਹ ਪਾਣੀ ਹੋਵੇਗਾ।
ਫਿਰ ਸ਼ਾਮ ਛੇ ਵਜੇ ਤੱਕ ਤਿੰਨ ਸੈਸ਼ਨ: ਵਿਚਾਰ ਚਰਚਾ, ਪੇਪਰ ਰੀਡਿੰਗ, ਕਵੀ ਦਰਬਾਰ ਹੋਣਗੇ।
ਸਥਾਨ – Royal Indian Cuisine & Banquet, 7610 Pacific Ave. B-1, Stockton, CA 95207.

**ਲੰਚ: 230 ਵਜੇ ਤੋਂ ਤਿੰਨ ਵਜੇ ਤੱਕ ਲੰਚ ਬ੍ਰੇਕ ਹੋਵੇਗੀ।**
**ਇਸ ਦੌਰਾਨ ਪ੍ਰੋ.ਹਰਭਜਨ ਸਿੰਘ ਵੱਲੋਂ ਨਵ–ਪ੍ਰਕਾਸ਼ਿਤ ਪੁਸਤਕਾਂ ਦੀ ਸੇਲ ਲਾਈ ਜਾਵੇਗੀ।**
**ਤੀਜਾ ਸੈਸ਼ਨ – ਤਿੰਨ ਵਜੇ ਕਵੀ ਦਰਬਾਰ ਆਰੰਭ ਹੋਵੇਗਾ ਜੋ ਸ਼ਾਮ ਛੇ ਵਜੇ ਤੱਕ ਚੱਲੇਗਾ।**

ਇਸ ਕਾਨਫਰੰਸ ਵਿਚ ਸਰਗਰਮੀ ਨਾਲ ਰਚਨਾਤਮਕ ਅਤੇ ਉਸਾਰੂ ਹਿੱਸਾ ਲੈ ਕੇ ਸਫਲ ਬਣਾਉਣ ਲਈ ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। ਸਮੇਂ ਸਿਰ ਪਹੁੰਚਣ ਲਈ ਪ੍ਰਬੰਧਕੀ ਕਮੇਟੀ ਤਹਿ ਦਿਲੋਂ ਧੰਨਵਾਦੀ ਹੋਵੇਗੀ। ਵਧੇਰੇ ਜਾਣਕਾਰੀ ਲਈ ਹਰਜਿੰਦਰ ਪੰਧੇਰ (ਫੋਨ: 209-610- 5055) ਅਤੇ ਪ੍ਰੋ. ਹਰਭਜਨ ਸਿੰਘ (ਫੋਨ: 209-222- 3866) ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਖਾਣ ਪੀਣ ਅਤੇ ਚਾਹ ਪਾਣੀ ਦਾ ਉਚਿਤ ਪ੍ਰਬੰਧ ਹੋਵੇਗਾ।

**ਪ੍ਰੋਗਰਾਮ ਦੀ ਰੂਪ ਰੇਖਾ:**

ਪਹਿਲਾ ਸੈਸ਼ਨ – ਪੰਜਾਬੀ ਰੰਗ ਮੰਚ ਦੇ ਮਹਾਨ ਸਿਤਾਰੇ ਗੁਰਸ਼ਰਨ ਭਾਅ ਜੀ ਦੀ ਸਾਹਿਤਕ ਸਭਿਆਚਾਰਕ ਦੇਣ ਬਾਰੇ ਖੁੱਲ੍ਹਾ ਵਿਚਾਰ ਚਰਚਾ ਹੋਵੇਗਾ। ਬੁਲਾਰਿਆਂ ਵਿਚ: ਪ੍ਰੋ. ਹਰਭਜਨ ਸਿੰਘ, ਹਰਜਿੰਦਰ ਪੰਧੇਰ, ਸੁਖਵਿੰਦਰ ਕੰਬੋਜ, ਬਿੱਕਰ ਕੰਮੇਆਣਾ, ਮਹਿੰਗਾ ਸਿੰਘ ਸਰਪੰਚ, ਪਰਮਜੀਤ ਸਿੰਘ ਅਤੇ ਰੇਣੂ ਸਿੰਘ ਸ਼ਾਮਲ ਹੋਣਗੇ।

ਦੂਜਾ ਸੈਸ਼ਨ – ਪਹਿਲਾਂ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਅਤੇ ਹਰਜਿੰਦਰ ਪੰਧੇਰ ਵੱਲੋਂ ਸੰਪਾਦਿਤ ਅਤੇ ਪ੍ਰਕਾਸ਼ਿਤ ਪਰਵਾਸੀ ਪੰਜਾਬੀ ਕਹਾਣੀ ਸੰਗ੍ਰਹਿ 'ਦਿਸਹਦਿਆਂ ਦੇ ਆਰ-ਪਾਰ' ਲੋਕ ਅਰਪਿਤ ਕੀਤਾ ਜਾਵੇਗਾ। ਫਿਰ ਇਸ ਸੰਗ੍ਰਹਿ ਬਾਰੇ ਦੋ ਖੋਜ ਪੇਪਰ ਪੜ੍ਹੇ ਜਾਣਗੇ। ਪਹਿਲਾ ਪੇਪਰ: 'ਬਹੁਸਭਿਆਚਾਰਕ ਡਾਇਸਪੋਰਕ ਸੰਦਰਭਾਂ ਵਿੱਚ ਪੰਜਾਬੀ ਪਛਾਣ ਦੀ ਬਿਰਤਾਂਤਕਾਰੀ' ਡਾ. ਜਸਵਿੰਦਰ ਸਿੰਘ ਵੱਲੋਂ ਪੇਸ਼ ਕੀਤਾ ਜਾਵੇਗਾ। ਦੂਜਾ ਡਾ. ਧਨਵੰਤ ਕੌਰ ਦਾ ਪੇਪਰ: 'ਦਿਸਹਦਿਆਂ ਦੇ ਆਰ-ਪਾਰ: ਸਭਿਆਚਾਰਕ ਸੰਵਾਦਾਂ ਦਾ ਬਿਰਤਾਂਤਕ ਪ੍ਰਵਚਨ' ਪੜ੍ਹ ਕੇ ਸੁਣਾਇਆ ਜਾਵੇਗਾ। ਕੈਨੇਡਾ ਤੋਂ ਕਹਾਣੀਕਾਰ ਅਮਰਜੀਤ ਚਾਹਲ ਅਤੇ ਕਹਾਣੀਕਾਰਾ ਗੁਰਮੀਤ ਪਨਾਗ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਿਰਕਤ ਕਰਨਗੇ।

# ਨਾਟਕ 'ਚਿੜੀ ਦੀ ਅੰਬਰ ਵੱਲ ਉਡਾਣ' ਨੇ ਭਰੀ ਉੱਚੀ ਉਡਾਰੀ

## ਸ਼ਹੀਦ ਊਧਮ ਸਿੰਘ ਅਤੇ ਕਾਲਿਆਂ ਵਾਲੇ ਖੂਹ ਦੇ ਸ਼ਹੀਦਾਂ ਨੂੰ ਸਮਰਪਤ ਸਮਾਗਮ, ਮਹਾਸ਼ਵੇਤਾ ਦੇਵੀ ਨੂੰ ਦਿੱਤੀ ਸ਼ਰਧਾਂਜ਼ਲੀ


**ਜਲੰਧਰ–** ਸ਼ਹੀਦ ਊਧਮ ਸਿੰਘ ਅਤੇ ਕਾਲ਼ਿਆਂ ਵਾਲਾ ਖੂਹ ਅਜਨਾਲਾ ਦੇ ਕੌਮੀ ਆਜ਼ਾਦੀ ਸੰਗਰਾਮੀਆਂ ਦੀ ਯਾਦ 'ਚ ਅੱਜ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਸ਼ਰਧਾਂਜ਼ਲੀ ਅਤੇ ਨਾਟਕ ਸਮਾਗਮ ਕੀਤਾ ਗਿਆ। ਸਮਾਗਮ ਦਾ ਆਗਾਜ਼ ਸ਼ਹੀਦ ਊਧਮ ਸਿੰਘ, ਕਾਲ਼ਿਆਂ ਵਾਲਾ ਖੂਹ ਦੇ ਸ਼ਹੀਦਾਂ, ਜਿਨ੍ਹਾਂ ਨੇ 1857 'ਚ ਮੀਆਂ ਮੀਰ ਛਾਉਣੀ 'ਚ ਬਰਤਾਨਵੀ ਸਾਮਰਾਜੀ ਗ਼ੁਲਾਮੀ ਖਿਲਾਫ਼ ਆਜ਼ਾਦੀ ਦਾ ਪਰਚਮ ਉਠਾਇਆ ਸੀ ਉਹਨਾਂ ਨੂੰ ਅਤੇ ਭਾਰਤੀ ਲੋਕ-ਪੱਖੀ ਸਾਹਿਤ ਜਗਤ ਅੰਦਰ ਸਰਵ-ਸਰੇਸ਼ਟ ਰੁਤਬਾ ਰੱਖਦੀ ਮਹਾਸ਼ਵੇਤਾ ਦੇਵੀ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਇਆ। ਮਹਾਸ਼ਵੇਤਾ ਦੇਵੀ ਦੋ ਰੋਜ਼ ਪਹਿਲਾਂ ਸਦੀਵੀ ਵਿਛੋੜਾ ਦੇ ਗਏ। ਸਮਾਗਮ 'ਚ ਫੁਲਵਾੜੀ ਕਲਾ ਕੇਂਦਰ ਲੋਹੀਆਂ (ਨਿਰਦੇਸ਼ਕ ਜਗੀਰ ਜੋਸਣ) ਦੇ ਕਲਾਕਾਰਾਂ ਨੇ ਗੀਤ-ਸੰਗੀਤ ਦੀ ਪ੍ਰਭਾਵਸ਼ਾਲੀ ਵੰਨਵੀ ਪੇਸ਼ ਕੀਤੀ।

ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਵਿਸ਼ਨੂੰ ਗਣੇਸ਼ ਪਿੰਗਲੇ ਹਾਲ ਵਿੱਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਡਾ. ਰਘਬੀਰ ਕੌਰ ਨੇ ਕਿਹਾ ਕਿ ਸਾਡੇ ਮੁਲਕ ਦੇ ਆਜ਼ਾਦੀ ਸੰਗਰਾਮ ਦੇ ਅੰਬਰਾਂ 'ਤੇ ਚੰਨ ਸੂਰਜ ਬਣਕੇ ਚਮਕਦੇ ਇਹ ਕੌਮੀ ਨਾਇਕ ਅੱਜ ਸਾਡਾ ਰਾਹ ਰੁਸ਼ਨਾ ਰਹੇ ਹਨ।

ਉਹਨਾਂ ਅਮਰ ਸ਼ਹੀਦਾਂ ਨੇ ਜਿਸ ਸਾਮਰਾਜੀ ਦਾਬੇ, ਦੇਸੀ ਗ਼ੁਲਾਮੀ ਤੋਂ ਮੁਕਤ ਆਜ਼ਾਦ, ਜਮਹੂਰੀ ਅਤੇ ਸਾਂਝੀਵਾਲਤਾ ਵਾਲੇ ਨਿਜ਼ਾਮ ਦੀ ਸਿਰਜਣਾ ਲਈ ਅਹੂਤੀ ਦਿੱਤੀ ਉਹ ਸੁਪਨੇ ਅਜੇ ਅਧੂਰੇ ਹਨ। ਅੱਜ ਪੂਰੇ ਦੇਸ਼ ਅੰਦਰ ਲੁੱਟ-ਖਸੁੱਟ, ਨਾਬਰਾਬਰੀ, ਜਾਤ-ਪਾਤ, ਫ਼ਿਰਕਾਪ੍ਰਸਤੀ ਅਤੇ ਜ਼ਬਰ ਸਿਤਮ ਦਾ ਨਾਗ ਡੰਗ ਮਾਰ ਰਿਹਾ ਹੈ। ਅੱਜ ਇਹ ਅਹਿਦ ਕਰਨਾ ਬਣਦਾ ਹੈ ਕਿ ਅਸੀਂ ਲੋਕਾਂ ਦੀ ਪੁੱਗਤ ਵਾਲੇ ਸਮਾਜ ਲਈ ਸੰਗਰਾਮ ਜਾਰੀ ਰੱਖੀਏ।







ਇਸ ਮੌਕੇ ਸੁਚੇਤਕ ਰੰਗ ਮੰਚ ਮੋਹਾਲੀ ਵੱਲੋਂ ਅਦਾਕਾਰਾ ਅਨੀਤਾ ਸ਼ਬਦੀਸ਼ ਦੁਆਰਾ ਨਿਰਦੇਸ਼ਤ ਕੀਤਾ ਨਾਟਕ 'ਚਿੜੀ ਦੀ ਅੰਬਰ ਵੱਲ ਉਡਾਨ' ਖੇਡਿਆ ਗਿਆ।

ਇਹ ਨਾਟਕ ਡਾ. ਗੁਰਮਿੰਦਰ ਸਿੱਧੂ ਦੀਆਂ ਮੂਲ ਕਵਿਤਾਵਾਂ 'ਤੇ ਅਧਾਰਤ ਹੈ ਅਤੇ ਇਸ ਨੂੰ ਸਕਰਿਪਟ ਦਾ ਰੂਪ ਦੇਣ ਅਤੇ ਕਾਵਿਕ ਰੰਗ 'ਚ ਰੰਗਣ ਦਾ ਕੰਮ ਸ਼ਬਦੀਸ਼ ਨੇ ਕੀਤਾ। ਨਾਟਕ ਨੂੰ ਸੰਗੀਤਕ ਰੰਗ ਨਾਲ ਸ਼ਿੰਗਾਰਿਆ ਜਤਿੰਦਰ ਲਾਂਹ ਨੇ।

ਨਾਟਕ 'ਚਿੜੀ ਦੀ ਅੰਬਰ ਵੱਲ ਉਡਾਨ' 'ਚ ਭਾਰਤੀ ਇਤਿਹਾਸ ਮਿਥਿਹਾਸ ਦੇ ਜੀਵਨ ਸੰਘਰਸ਼ ਦੀ ਕਥਾ ਪੇਸ਼ ਕੀਤੀ ਗਈ। ਨਾਟਕ ਇਹ ਦਰਸਾਉਣ 'ਚ ਸਫ਼ਲ ਰਿਹਾ ਕਿ ਸਦੀਆਂ ਤੋਂ ਔਰਤ ਕਿਵੇਂ ਮਰਦ-ਪ੍ਰਧਾਨ ਸਮਾਜ ਦਾ ਜ਼ੁਲਮੋ ਸਿਤਮ ਪਿੰਡੇ 'ਤੇ ਹੰਢਾਉਂਦੀ ਆ ਰਹੀ ਹੈ।

ਇਹ ਕਾਵਿ-ਨਾਟਕ ਆਧੁਨਿਕ ਜੀਵਨ ਦੇ ਨਾਲ ਨਾਲ ਰਵਾਇਤੀ ਸਿਤਮ ਭੋਗਦੀ ਮੁਟਿਆਰ ਦੇ ਮਾਨਸਕ ਸੰਘਰਸ਼ ਦੀ ਬਾਖ਼ੂਬ ਕਥਾ ਬਿਆਨ ਕਰ ਗਿਆ। ਔਰਤ ਹਰ ਮੋੜ, ਹਰ ਕਦਮ 'ਤੇ ਜਿਆਦਤੀਆਂ ਦੀ ਸੂਲੀ ਚਾੜ੍ਹੀ ਜਾਂਦੀ ਹੈ ਜਿਸਦਾ ਸਿਖ਼ਰ ਹੈ ਕੁੱਖ ਵਿੱਚ ਹੀ ਆਪਣੀ ਧੀ ਦਾ ਕਤਲ ਕਰਨ ਲਈ ਮਜ਼ਬੂਰ ਹੋਣਾ।

ਵਾਲ ਤੋਂ ਨਿੱਕਾ ਅਤੇ ਖੰਡਿਓਂ ਤਿੱਖਾ ਅਜੇਹਾ ਜੀਵਨ ਸਫ਼ਰ ਔਰਤ ਅੰਦਰ ਨਵੀਂ ਚੇਤਨਾ ਦੇ ਬੀਜਾਂ ਨੂੰ ਪੁੰਗਰਨ ਦਾ ਕੰਮ ਕਰਦਾ ਹੈ ਉਹ ਬਗਾਵਤਾਂ ਦਾ ਰਾਗ ਛੇੜਦੀ ਹੈ।

ਉਹ ਇਤਿਹਾਸ ਮਿਥਿਹਾਸ ਦੀਆਂ ਔਰਤਾਂ ਦੇ ਹਵਾਲੇ ਨਾਲ ਅਨਿਆਂ ਦੀ ਵਿਆਪਕਤਾ ਨੂੰ ਕੇਂਦਰ ਬਿੰਦੂ ਬਣਾਉਂਦੀ ਜਾਂਦੀ ਹੈ।

ਇਸ ਇੱਕ ਪਾਤਰੀ ਕਾਵਿ ਨਾਟਕ ਵਿੱਚ ਅਨੀਤਾ ਸ਼ਬਦੀਸ਼ ਨੇ ਅਦਾਕਾਰੀ ਦੀਆਂ ਬੁਲੰਦੀਆਂ ਛੋਹੀਆਂ ਅਤੇ ਬਾਰ ਬਾਰ ਤਾੜੀਆਂ ਦੀ ਗੂੰਜ ਪੈਂਦੀ ਰਹੀ। ਇਸ ਸਮਾਗਮ ਦਾ ਮੰਚ ਸੰਚਾਲਨ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ। **–ਤਰਸੇਮ ਜਲੰਧਰੀ**

# ਸਰੋਵਰਾਂ ਦਾ ਪਾਣੀ ਜਾਂ ਪੈਰਾਂ ਦਾ ਗੰਦਾ ਧੋਣ ਅੰਮ੍ਰਿਤ ਹੈ?



ਅਵਤਾਰ ਸਿੰਘ ਮਿਸ਼ਨਰੀ
510-432-5827

ਪੁਰਾਣੇ ਸਮੇਂ ਤੀਰਥ, ਸਰੋਵਰ ਅਤੇ ਖੂਹ ਪਾਣੀ ਦੀ ਲੋੜ ਨੂੰ ਮੁੱਖ ਰੱਖ ਕੇ ਬਣਾਏ ਤੇ ਲਵਾਏ ਜਾਂਦੇ ਸਨ। ਹਿੰਦੂ ਤੀਰਥਾਂ, ਸਰੋਵਰਾਂ ਅਤੇ ਖੂਹਾਂ ਉੱਤੇ ਬ੍ਰਾਹਮਣ ਵੱਲੋਂ ਬਣਾ ਦਿੱਤੀਆਂ ਗਈਆਂ ਸ਼ੂਦਰ ਜਾਤੀਆਂ ਨੂੰ ਨਹਾਉਣ ਦਾ ਕੋਈ ਹੱਕ ਨਹੀਂ ਸੀ। ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਨੇ ਬ੍ਰਾਹਮਣ ਦਾ ਇਹ ਛੂਆ-ਛਾਤੀ ਸੁੱਚ-ਭਿੱਟ ਰਾਹੀਂ ਦੂਜਿਆਂ ਨੂੰ ਨੀਵਾਂ ਦਿਖਾ ਕੇ ਜਲੀਲ ਕਰਨ ਵਾਲਾ ਵਹਿਮ ਸਰਬਸਾਂਝੇ ਸਰੋਵਰ ਅਤੇ ਖੂਹ ਲਵਾ ਕੇ ਦੂਰ ਕੀਤਾ ਜਿੱਥੇ ਅਮੀਰ ਗਰੀਬ ਹਰ ਜਾਤੀ ਦੇ ਇਨਸਾਨ ਬਿਨਾਂ ਵਿਤਕਰੇ ਨਹਾਂ ਧੋ ਅਤੇ ਖੂਹਾਂ ਬਾਉਲੀਆਂ ਦਾ ਪਾਣੀ ਪੀ ਸਕਦੇ ਸਨ। ਗੁਰੂ ਜੀ ਨੇ ਇਸ ਪਾਣੀ ਨੂੰ ਕਿਤੇ ਵੀ ਅੰਮ੍ਰਿਤ ਨਹੀਂ ਕਿਹਾ ਸਗੋਂ ਅਸਲ ਅੰਮ੍ਰਿਤ ਸੱਚ ਪ੍ਰਮਾਤਮਾਂ, ਰੱਬੀ ਹੁਕਮ, ਸ਼ਬਦ, ਨਾਮ ਗੁਰਬਾਣੀ ਅਤੇ ਚੰਗੇ ਗੁਣਾਂ ਨੂੰ ਦਰਸਾਇਆ ਜੋ ਉਪਦੇਸ਼ ਗੁਰੂ ਗ੍ਰੰਥ ਸਾਹਿਬ ਵਿਖੇ ਅੰਕਿਤ ਹਨ।

ਨਾਮ ਬਾਣੀ ਦਾ ਅੰਮ੍ਰਿਤ ਪੀਣ ਵਾਲੀ ਕੌਮ ਨੂੰ, ਸਾਧਾਂ, ਸੰਪ੍ਰਦਾਈ ਅਖੌਤੀ ਟਕਸਾਲੀਆਂ ਨੇ, ਆਪਣੀਆਂ ਕਥਾਵਾਂ ਵਿੱਚ ਚਰਨਾਂਮ੍ਰਿਤ ਪਾਣੀ ਪੀਣਾਂ ਹੀ ਸਿਖਾਇਆ ਹੈ। ਧੋਣ ਤਾਂ ਹਮੇਸ਼ਾਂ ਗੰਦਾ ਹੁੰਦਾ ਹੈ ਭਾਵੇਂ ਉਹ ਕਪੜਿਆਂ ਦਾ ਹੋਵੇ ਤੇ ਭਾਵੇਂ ਪੈਰਾਂ ਦਾ। ਇਹ ਕੰਮ ਉੱਚ ਜਾਤੀਏ ਬ੍ਰਾਹਮਣ ਅਤੇ ਸਨਾਤਨੀ ਹਿੰਦੂ ਭਗਵੇ ਸਾਧ ਕਰਦੇ ਸਨ, ਜਿਸ ਨੂੰ ਸੰਤੋਖ ਸਿੰਘ ਵਰਗੇ ਸਾਧ ਸੇਵੀ ਕਵੀ ਲਿਖਾਰਈਆਂ ਨੇ, ਸਿੱਖ ਗੁਰੂਆਂ ਨਾਲ ਜੋੜਦੇ ਹੋਏ, ਸੂਰਜ ਪ੍ਰਕਾਸ਼ ਵਰਗੇ ਗ੍ਰੰਥਾਂ ਵਿੱਚ ਅੰਕਿਤ ਕਰ ਦਿੱਤਾ। ਇਸ ਬ੍ਰਾਹਮਣੀ ਕਰਮਾਂ ਨਾਲ ਭਰੇ ਪਏ ਗ੍ਰੰਥ ਦੀ ਕਥਾ, ਬੜੇ ਚਟਕਾਰੇ ਲੈ ਲੈ ਗੁਰਦੁਆਰਿਆਂ ਵਿੱਚ ਹੁੰਦੀ ਰਹੀ ਅਤੇ ਕਿਤੇ ਕਿਤੇ ਹੁਣ ਵੀ ਹੋ ਰਹੀ ਹੈ। ਮਿਸ਼ਨਰੀ ਪ੍ਰਚਾਰਕਾਂ ਦੇ ਵੱਡੀ ਗਿਣਤੀ ਨਾਲ, ਪ੍ਰਚਾਰ ਖੇਤਰ ਵਿੱਚ ਆਉਣ ਅਤੇ ਇਲੈਕਟ੍ਰੌਨਿਕ ਮੀਡੀਆ ਸਰਗਰਮ ਹੋ ਜਾਣ ਕਰਕੇ, ਹੁਣ ਸੂਰਜ ਪ੍ਰਕਾਸ਼ ਦੀ ਕਥਾ ਬਹੁਤਿਆਂ ਗੁਰਦੁਆਰਿਆਂ ਵਿੱਚ ਨਹੀਂ ਹੁੰਦੀ ਪਰ ਅਜੇ ਵੀ ਵਿੱਚ ਵਿਚਾਲੇ ਡੇਰਿਆਂ ਸੰਪ੍ਰਦਾਵਾਂ ਦੇ ਕਥਾਵਾਚਕ ਮਨਘੜਤ ਕਹਾਣੀਆਂ ਸੁਣਾ ਹੀ ਜਾਂਦੇ ਹਨ। ਕੌਮ ਨੂੰ ਅੱਜ ਗਿਆਨਵਾਨ, ਉੱਚੇ ਜੀਵਨ ਵਾਲੇ, ਕਹਿਣੀ, ਕਥਨੀ ਅਤੇ ਕਰਨੀ ਦੇ ਮਾਲਕ, ਨਿਧੱੜਕ ਪ੍ਰਚਾਰਕਾਂ ਦੀ ਲੋੜ ਹੈ ਜੋ ਗੁਰਬਾਣੀ ਅਤੇ ਸਿੱਖ ਇਤਿਹਾਸ ਦੀ ਖੋਜ ਭਰਪੂਰ ਵਿਖਆਖਿਆ ਕਰਦੇ ਹਨ। ਦਾਸ ਨਾਲ ਵੀ ਇੱਕ ਵਾਰ ਅਮ-ਰੀਕਾ ਵਿਖੇ, ਇੱਕ ਤੀਰ ਵਾਲੇ ਬਾਬੇ ਨਾਲ ਵਾਹ ਪਿਆ ਸੀ ਜੋ ਕਥਾ ਵਿੱਚ ਕਹਿ ਰਿਹਾ ਸੀ ਕਿ ਸੰਗਤੇ ਦੇਖੋ! ਗੁਰੂ ਰਾਮ ਦਾਸ ਵਿੱਚ ਕਿੰਨੀ ਨਿਮਰਤਾ ਸੀ ਜੋ ਆਈ ਸੰਗਤ ਦੇ ਪੈਰ ਦੋ ਧੋ ਕੇ ਪੀਂਦੇ ਸਨ। ਇਸ ਤੋਂ ਬਾਅਦ ਦਾਸ ਦਾ ਸਮਾਂ ਸੀ ਜਿਸ ਵਿੱਚ ਮੈਂ ਉਸ ਨੂੰ ਕਿਹਾ ਕਿ ਜੇ ਤੇਰੇ ਮੁਤਾਬਿਕ ਇਹ ਠੀਕ ਹੈ ਤਾਂ ਉਪਦੇਸ਼ ਆਪ ਵੀ ਕਮਾਉਣਾਂ ਚਾਹੀਦਾ ਹੈ, ਇਸ ਲਈ ਆਪ ਜੀ ਵੀ, ਆ ਰਹੀਆਂ ਸੰਗਤਾਂ ਦੇ ਗੰਦੇ ਪੈਰ ਧੋ ਕੇ, (ਚਰਨਧੂੜ) ਪੈਰਾਂ ਅਤੇ ਜੁੱਤੀਆਂ ਦੀ ਰਾਖ ਪਾਣੀ ਵਿੱਚ ਘੋਲ ਕੇ ਪੀਣ ਦੀ ਸੇਵਾ, ਸੰਗਤਾਂ ਦੇ ਸਾਹਮਣੇ ਕਰੋ ਤਾਂ ਕਿ ਆਪ ਜੀ ਵਿੱਚ ਵੀ ਨਿਮਰਤਾ ਆ ਜਾਵੇ, ਜੋ ਗੁਰਬਾਣੀ ਪੜ੍ਹਨ ਵਿਚਾਰਨ ਤੇ ਵੀ ਨਹੀ ਆਈ ਕਿਉਂਕਿ ਅਮਲ ਤਾਂ ਸੰਪ੍ਰਾਦਾਈ ਸਾਧਾਂ ਦੀਆਂ ਮਨਘੜਤ ਕਹਾਣੀਆਂ ਤੇ ਹੀ ਕੀਤਾ ਹੈ। ਸੋ ਦਾਸ ਨੇ ਕਿਹਾ ਭਲਿਓ ਨਹਾਉਣ ਜਾਂ ਪੈਰ ਧੋਣ ਵਾਲਾ ਪਾਣੀ ਅੰਮ੍ਰਿਤ ਨਹੀਂ ਅਤੇ ਨਾਂ ਹੀ ਪੀਣ ਵਾਸਤੇ ਹੁੰਦਾ ਹੈ। ਲੋਕਾਂ ਨੂੰ ਬਿਲਕੁਲ ਸਾਫ ਸੁਥਰਾ ਪਾਣੀ ਹੀ ਪੀਣਾ ਚਾਹੀਦਾ ਹੈ। ਅਕਲ ਤੋਂ ਕੰਮ ਲੈਣ ਦੀ ਲੋੜ ਹੈ- ਅਕਲੀ ਸਾਹਿਬੁ ਸੇਵੀਐ ਅਕਲੀ ਪਾਈਐ ਮਾਨੁ॥ ਅਕਲੀ ਪੜ੍ਹਿ ਕੈ ਬੁਝੀਐ ਅਕਲੀ ਕੀਚੈ ਦਾਨੁ॥ ਨਾਨਕੁ ਆਖੈ ਰਾਹੁ ਏਹੁ ਹੋਰਿ ਗੱਲਾਂ ਸੈਤਾਨੁ॥ (੧੨੪੫)

# ਬਾਲ ਗੁਰੂ ਹਰਕ੍ਰਿਸ਼ਨ ਸਾਹਿਬ ਦੀ ਮਹਾਨਤਾ ਉੱਪਰ ਚਮਤਕਾਰੀ ਗਿਲਾਫ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਭਗਤ ਅਤੇ ਸਿੱਖ ਗੁਰੂ ਸਾਹਿਬਾਨ, ਚਿੰਤਾ ਫਿਕਰ ਦੂਰ ਕਰਨ ਦਾ ਉਪਦੇਸ਼ ਦਿੰਦੇ ਸਨ-ਨਾ ਕਰਿ ਚਿੰਤ ਚਿੰਤਾ ਹੈ ਕਰਤੇ॥ ਹਰਿ ਦੇਵੈ ਜਲਿ ਥਲਿ ਜੰਤਾ ਸਭਤੈ॥....(1070) ਕਹਾਵਤ ਹੈ "ਮਨ ਤੋਂ ਵਿਸਾਰਿਆ ਰੋਗ ਤਨ ਤੋਂ ਵੀ ਦੂਰ ਹੋ ਜਾਂਦਾ ਹੈ" ਜਿਵੇਂ ਸਿ-ਰਪੀੜ ਅਤੇ ਬਲੱਡ ਪ੍ਰੈਸ਼ਰ ਆਦਿਕ। ਦੁਨਿਆਵੀ ਵਿਸ਼ੇ ਵਿਕਾਰਾਂ ਅਤੇ ਔਗਣਾਂ ਵਿੱਚ ਗ੍ਰਸਤ ਹੋ ਕੇ, ਖਸਮ ਕਰਤਾਰ ਨੂੰ ਭੁੱਲਣਾ ਹੀ ਬਹੁਤ ਸਾਰੇ ਰੋਗਾਂ ਨੂੰ ਸੱਦਾ ਦੇਣਾ ਹੈ-ਖਸਮੁ ਵਿਸਾਰਿ ਕੀਏ ਰਸ ਭੋਗ॥ ਤਾਂ ਤਨਿ ਉਠਿ ਖਲੋਏ ਰੋਗ॥ (੧੨੫੬) ਸੋ ਬਾਲ ਉੱਮਰੇ ਹੋਣਹਾਰਤਾ, ਚੰਗੀ ਵਿਦਿਆ, ਲਗਨ, ਲੋਕ ਸੇਵਾ ਅਤੇ ਰੱਬੀ ਰਹਿਮਤ ਆਦਿਕ ਸ਼ੁਭ ਗੁਣ ਹੀ ਉਨ੍ਹਾਂ ਦੀ ਮਹਾਨਤਾ ਦੇ ਕਾਰਨ ਸਨ ਨਾਂ ਕਿ ਕੋਈ ਕਰਾਮਾਤ ਜਾਂ ਅਣਹੋਣੇ ਚਮਤਕਾਰ। ਸਾਨੂੰ ਛੋਟੀ ਉੱਮਰ ਵਿੱਚ, ਵੱਡੇ ਕਾਰਨਾਮੇ ਕਰਨ ਦੀ, ਬਾਲ ਗੁਰੂ ਹਰਿ ਕ੍ਰਿਸ਼ਨ ਸਾਹਿਬ ਦੇ ਜੀਵਨ ਤੋਂ ਸਿਖਿਆ ਲੈਣੀ ਚਾਹੀਦੀ ਹੈ ਨਾਂ ਕਿ ਅਣਹੋਣੇ ਚਮਤਕਾਰਾਂ ਦੇ ਗਿਲਾਫ ਹੀ ਉਨ੍ਹਾਂ ਦੀ ਮਹਾਨਤਾ ਤੇ ਚੜਾਈ ਜਾਣੇ ਚਾਹੀਦੇ ਹਨ। ਨੋਟ-ਅਖੌਤੀ ਦਸਮ ਗ੍ਰੰਥ ਜੋ ਅਜਿਹੇ ਚਮਤਾਰਾਂ, ਵਿਭਚਾਰਾਂ, ਵਿਕਾਰਾਂ, ਮਾਰੂ ਨਸ਼ਿਆਂ ਅਤੇ ਔਰਤਾਂ ਦੇ ਰੇਪਾਂ ਦੀ ਸਿਖਿਆ ਦਿੰਦਾ ਹੈ, ਦੇ ਮਗਰ ਲੱਗ ਕੇ, ਇਹ ਕਹੀ ਜਾਣਾ ਕਿ-ਸ੍ਰੀ ਹਰਿ ਕ੍ਰਿਸ਼ਨ ਧਿਆਈਐ ਜਿਸ ਡਿੱਠੈ ਸਭ ਦੁੱਖ ਜਾਇ॥ (ਦੁਰਗਾ ਕੀ ਵਾਰ) ਜੋ ਅਜੋਕੀ ਅਰਦਾਸ ਬਣਾ ਦਿੱਤੀ ਗਈ ਹੈ।

ਹੁਣ ਇੱਥੇ ਸਵਾਲ ਪੈਦਾ ਹੁੰਦਾ ਹੈ ਕਿ ਦੁੱਖ ਭੰਜਨ ਪ੍ਰਮਾਤਮਾਂ ਹੈ ਜਾਂ ਕਿਸੇ ਵਿਸ਼ੇਸ਼ ਵਿਅਕਤੀ ਨੂੰ ਦੇਖਣ ਨਾਲ ਹੀ ਦੁੱਖ ਦੂਰ ਹੁੰਦੇ ਹਨ? ਜੇ ਅਜਿਹਾ ਹੈ ਤਾਂ ਬਾਲ ਗੁਰੂ ਹਰਿਕ੍ਰਿਸ਼ਨ, ਹਰ ਵੇਲੇ ਆਪਣੇ ਆਪ ਨੂੰ ਦੇਖਦੇ ਸਨ ਫਿਰ ਉਨ੍ਹਾਂ ਦਾ ਚੇਚਕ ਦਾ ਰੋਗ ਦੂਰ ਕਿਉਂ ਨਾ ਹੋਇਆ? ਕੀ ਇਕੱਲੇ ਅਠਵੇਂ ਬਾਲ ਗੁਰੂ ਨੂੰ ਦੇਖਣ ਨਾਲ ਹੀ ਦੁੱਖ ਦੂਰ ਹੁੰਦੇ ਸਨ ਜਾਂ ਹਨ? ਕੀ ਬਾਕੀ ਰੱਬੀ ਭਗਤਾਂ ਅਤੇ ਸਿੱਖ ਗੁਰੂਆਂ ਵਿੱਚ ਇਹ ਸ਼ਕਤੀ ਨਹੀਂ ਸੀ? ਗੁਰੂ ਗ੍ਰੰਥ ਸਾਹਿਬ ਤਾਂ ਗੁਰੂਆਂ ਭਗਤਾਂ ਦੀ ਜੋਤ ਹਨ, ਫਿਰ ਉਨ੍ਹਾਂ ਦੇ ਦਰਸ਼ਨ ਨਾਲ ਕਿਉਂ ਨਹੀਂ?

ਫਿਰ ਬਹੁਤੇ ਗੁਰਦੁਆਰਿਆਂ ਵਿੱਚ ਸੁਹਿਰਦ ਪ੍ਰਬੰਧਕਾਂ ਅਤੇ ਸੰਗਤਾਂ ਨੇ ਦਵਾਖਾਨੇ ਅਤੇ ਵੱਡੇ ਵੱਡੇ ਹਸਪਤਾਲ ਕਿਉਂ ਖੋਲ੍ਹੇ ਹੋਏ ਹਨ? ਫਿਰ ਐਡੀਆਂ ਵੱਡੀਆਂ ਮਹਿੰਗੀਆਂ ਬਿਲਡਿੰਗਾਂ ਬਣਾ, ਡਾਕਟਰ, ਕੰਪੋਡਰ, ਸੇਵਾਦਾਰ ਅਤੇ ਕੀਮਤੀ ਦਵਾਈਆਂ ਉੱਤੇ ਕੌਮ ਦਾ ਅਰਬਾਂ ਖਰਬਾਂ ਰੁਪਿਆ, ਕਿਉਂ ਬਰਬਾਦ ਕੀਤਾ ਜਾ ਰਿਹਾ ਹੈ?

ਫਿਰ ਤਾਂ ਦੁਨੀਆਂ ਭਰ ਵਿੱਚ ਸਾਰੇ ਹਸਪਤਾਲ ਬੰਦ ਕਰਕੇ, ਗੁਰੂ ਦੇ ਦਰਸ਼ਨ ਕਰਾ ਕਰਾ ਕੇ ਰੋਗੀ ਠੀਕ ਕਰੀ ਜਾਣੇ ਚਾਹੀਦੇ ਹਨ। ਕੀ ਅਜਿਹੇ ਅਣਹੋਣੇ ਚਮਤਕਾਰਾਂ ਵਿੱਚ ਅੰਧ ਵਿਸ਼ਵਾਸ਼ ਰੱਖਣ ਵਾਲੇ, ਆਪ ਰੋਟੀ ਪਾਣੀ ਅਤੇ ਦਵਾਈਆਂ ਨਹੀਂ ਖਾਂਦੇ, ਪੀਂਦੇ ਅਤੇ ਵਰਤਦੇ? ਕੀ ਸਾਰੇ ਦਰਸ਼ਨ ਕਰਕੇ ਹੀ ਠੀਕ ਹੋ ਰਹੇ ਹਨ? ਜਿਸ ਡਿੱਠੇ ਸਭ ਦੁੱਖ ਜਾਏ ਗੁਰਬਾਣੀ ਨਹੀਂ ਸਗੋਂ ਦੁਰਗਾ ਕੀ ਵਾਰ ਦੀ ਪਹਿਲੀ ਪਾਉੜੀ ਹੈ। ਹੁਣ ਸੁਹਿਰਦ ਸਿੱਖਾਂ ਨੇ ਸੋਚਣਾ ਹੈ ਕਿ ਉਨ੍ਹਾਂ ਦਾ ਸ਼ਬਦ ਗੁਰੂ "ਗੁਰੂ ਗ੍ਰੰਥ ਸਾਹਿਬ" ਹੈ ਜਾਂ ਕੋਈ ਬਾਹਰੀ ਗ੍ਰੰਥ? ਜੋ ਸਿੱਖਾਂ ਨੂੰ ਗੁਰੂ ਦੇ ਕਿਰਤੀ ਸਿਧਾਂਤਾਂ ਗੁਰਮਤਿ ਤੋਂ ਤੋੜ ਕੇ, ਅਣਹੋਣੇ ਚਮਤਕਾਰਾਂ ਨਾਲ ਜੋੜਦਾ ਹੈ।

ਗੁਰੂ ਪਿਆਰਿਓ ਬਚ ਜਾਓ! ਨਾ ਚੜ੍ਹਾਓ ਅੰਨੀਂ ਸ਼ਰਧਾ ਦੇ ਗਿਲਾਫੀ ਚਮਤਕਾਰ ਗੁਰੂਆਂ ਭਗਤਾਂ ਦੇ ਕ੍ਰਾਂਤੀਕਾਰੀ ਜੀਵਨ ਅਤੇ ਸਿਖਿਆਵਾਂ ਉੱਤੇ, ਜੋ ਦੁਨੀਆਂ ਦੇ ਹਰੇਕ ਮਾਈ ਭਾਈ ਲਈ ਕਲਿਆਣਕਾਰੀ ਹਨ।

ਬਾਲ ਗੁਰੂ ਦੇ ਅਮਲੀ (ਪ੍ਰੈਕਟੀਕਲ) ਕਾਰਨਾਮੇ, ਧਰਮ ਦੀ ਕਿਰਤ, ਵਿਰਤ, ਪਰਉਕਾਰ, ਲੋਕ ਭਲਾਈ ਦੇ ਕੰਮ, ਦੀਨ ਦੁਖੀਆਂ ਦੀ ਹੱਥੀਂ ਸੇਵਾ, ਕਾਦਰ ਦੀ ਕੁਦਰਤਿ ਅਤੇ ਰੱਬੀ ਰਜਾ ਵਿੱਚ ਰਾਜੀ ਰਹਿਣ ਦੇ, ਮਹਾਨ ਕਾਰਨਾਮਿਆਂ ਨੂੰ ਸਦਾ ਸਲਾਮ ਹੈ।

# ਸ੍ਰੀ ਲਸ਼ਮਣ ਦਾਸ ਬੱਧਣ ਨਵੇਂ ਪ੍ਰਧਾਨ

**ਜਲੰਧਰ (ਤਰਸੇਮ ਜਲੰਧਰੀ)-** ਭਾਰਤ ਸਰਕਾਰ ਦੇ ਐਮ. ਈ. ਐਸ. ਦੇ ਡਿਪਟੀ ਡਾਇਰੈਕਟਰ ਅਹੁਦੇ ਤੋਂ ਸੇਵਾ ਮੁਕਤ ਸ੍ਰੀ ਲਸ਼ਮਣ ਦਾਸ ਬੱਧਣ ਜੀ ਨੂੰ ਪਿੰਡ ਦੀ ਪੰਚਾਇਤ ਤੇ ਸਮੂਹ ਨਗਰ ਨਿਵਾਸੀਆਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਗੁਰੂ ਘਰ ਦੀ ਸਮੂਹ ਪ੍ਰਬੰਧਕ ਕਮੇਟੀ ਨੇ ਇਕ ਅਹਿਮ ਫੈਸਲਾ ਲੈਂਦਿਆਂ, ਸਰਬ-ਸੰਮਤੀ ਨਾਲ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਪ੍ਰਧਾਨ ਚੁਣ ਲਿਆ ਗਿਆ ਹੈ।



ਸ੍ਰੀ ਬੱਧਣ ਜੀ ਨੇ ਸਮੂਹ ਨਗਰ ਨਿਵਾਸੀਆਂ ਤੇ ਪੰਚਾਇਤ ਅਤੇ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦਾ ਫੈਸਲਾ ਬੜੀ ਹੀ ਨਿਮਰਤਾ ਨਾਲ ਪ੍ਰਵਾਨ ਕਰਦਿਆਂ ਸਭ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਦਾਸ ਸੱਚੇ ਦਿਲੋਂ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਨਾਲ ਰਲ ਕੇ ਸਰਬੱਤ ਦੇ ਭਲੇ ਹਿੱਤ ਕਾਰਜ ਕਰਨਗੇ।

ਇੱਥੇ ਇਹ ਵਰਣਨਯੋਗ ਹੈ ਕਿ ਸ੍ਰੀ ਬੱਧਣ ਜੀ ਨੇ ਸਰਕਾਰੀ ਉਚ ਅਹੁਦੇ ਤੋਂ ਸੇਵਾ ਮੁਕਤ ਹੋਣ ਉਪਰੰਤ ਆਪਣੇ ਜੱਦੀ ਪਿੰਡ 'ਚ ਸਥਾਈ ਰਹਿਣ ਦਾ ਮਨ ਬਣਾਇਆ। ਸ੍ਰੀ ਬੱਧਣ ਤੇ ਮਿਸਿਜ਼ ਬੱਧਣ ਦਾ ਸਮੂਹ ਪਰਿਵਾਰ ਪੜ੍ਹਿਆ-ਲਿਖਿਆ ਪਰਿਵਾਰ ਹੈ। ਇਹੋ ਜਿਹੇ ਪਰਿਵਾਰ ਤੇ ਘਰ ਦੇ ਪੜ੍ਹੇ-ਲਿਖੇ ਮੁਖੀਆ ਤੇ ਸੂਝਵਾਨ ਇਨਸਾਨ ਦੀ ਸਮਾਜ ਨੂੰ ਲੋੜ ਹੈ। ਅਦਾਰਾ 'ਦੇਸ਼ ਦੁਆਬਾ' ਸ੍ਰੀ ਬੱਧਣ ਸਾਹਿਬ ਨੂੰ ਇਹ ਸੇਵਾ ਪ੍ਰਵਾਨ ਕਰਨ 'ਤੇ ਹਾਰਦਿਕ ਵਧਾਈ ਦਿੰਦਾ ਹੈ।

# ਗੁਜਰਾਤ ਮਸਲੇ 'ਤੇ ਭਾਜਪਾ 'ਤੇ ਵਰ੍ਹੇ ਲਾਲੂ ਯਾਦਵ

**ਪਟਨਾ-** ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਨੇ ਗੋਵੰਸ਼ ਸੁਰੱਖਿਆ ਦੇ ਮੁੱਦੇ 'ਤੇ ਭਾਜਪਾ 'ਤੇ ਕਰਾਰਾ ਹਮਲਾ ਕੀਤਾ ਹੈ। ਸਮਰਥਕਾਂ ਨੂੰ ਅਪੀਲ ਕੀਤੀ ਕਿ ਜੇਕਰ ਭਾਜਪਾ ਅਤੇ ਆਰ. ਐਸ. ਐਸ. ਦੇ ਨੇਤਾ ਚਮੜੇ ਦੇ ਜੁੱਤੇ ਪਾ ਕੇ ਦਿੱਸਣ ਤਾਂ ਹਮਲਾ ਬੋਲ ਦਿਓ। ਉਹਨਾਂ ਨੂੰ ਪੁੱਛੋ ਕਿ ਉਹ ਚਮੜੇ ਦੇ ਬਣ ਜੁੱਤੇ ਕਿਉਂ ਪਾ ਰਹੇ ਹਨ। ਆਪਣੀ ਰਿਹਾਇਸ਼ ਤੇ ਮੀਡੀਆ ਨਾਲ ਗੱਲਬਾਤ ਕਰਦਿਆਂ ਲਾਲੂ ਨੇ ਕਿਹਾ ਕਿ ਭਾਜਪਾਈ ਭਾਸ਼ਣ ਤਾਂ ਦਿੰਦੇ ਹਨ ਗਾਂ ਦੇ ਪੱਖ ਵਿਚ ਪਰ ਪਾਉਂਦੇ ਹਨ ਚਮੜੇ ਦੇ ਜੁੱਤੇ। ਲਾਲੂ ਨੇ ਪ੍ਰਧਾਨ ਮੰਤਰੀ ਨੂੰ ਵੀ ਕੱਪੜੇ ਦੇ ਜੁੱਤੇ ਪਾਉਣ ਦੀ ਸਲਾਹ ਦਿੱਤੀ। ਕਿਹਾ ਕਿ ਉਹ ਖੁਦ ਕੱਪੜੇ ਦੇ ਜੁੱਤੇ ਪਾਉਂਦੇ ਹਨ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੁਆਰਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਲਗਾਏ ਗਏ ਦੋਸ਼ਾਂ ਨੂੰ ਲਾਲੂ ਨੇ ਗੰਭੀਰ ਦੱਸਿਆ। ਕਿਹਾ ਕਿ ਮੁੱਖ ਮੰਤਰੀ ਹੋ ਕੇ ਜੇਕਰ ਕੇਜਰੀਵਾਲ ਦੋਸ਼ ਲਗਾ ਰਹੇ ਹਨ ਤਾਂ ਉਹਨਾਂ ਦੀ ਉੱਚ ਪੱਧਰੀ ਜਾਂਚ ਕਰਵਾਉਣੀ ਚਾਹੀਦੀ ਹੈ। ਬਿਹਾਰ ਵਿਚ ਦਲਿਤਾਂ 'ਤੇ ਅੱਤਿਆਚਾਰ ਨੂੰ ਲਾਲੂ ਨੇ ਭਾਜਪਾ ਦੀ ਸਾਜ਼ਿਸ਼ ਕਿਹਾ।



# ਹਿੰਸਕ ਹਮਲਿਆਂ ਵਿਰੁੱਧ ਜਾਗਰੂਕ ਹੋਇਆ ਦਲਿਤ ਸਮਾਜ

**ਮੇਰਠ-** ਦਲਿਤਾਂ ਤੇ ਰੋਜ਼ ਹੁੰਦੇ ਹਮਲਿਆਂ ਦੀਆਂ ਘਟਨਾਵਾਂ ਕਾਰਨ ਦਲਿਤ ਸਮਾਜ ਹੁਣ ਜਾਗਰੂਕ ਹੁੰਦਾ ਜਾ ਰਿਹਾ ਹੈ। ਜਦੋਂ ਤੱਕ ਇਹਨਾਂ ਤੇ ਉਲਟ ਵਾਰ ਨਹੀਂ ਹੁੰਦਾ, ਸੁਧਰਨ ਦਾ ਨਾਂ ਨਹੀਂ ਲੈਣਗੇ। ਇਸ ਤਰ੍ਹਾਂ ਸ਼ਰਮਸਾਰ ਹੋ ਕੇ ਰੋਜ਼ ਰੋਜ਼ ਮਰਨ ਨਾਲੋਂ ਚੰਗਾ ਹੈ ਹਮਲਾਵਰਾਂ ਤੇ ਸਮੂਹਿਕ ਹਮਲੇ ਕੀਤੇ ਜਾਣ। ਘਰਾਂ ਵਿਚ ਕੁਲਹਾੜੀ, ਬਰਛਾ, ਦਾਂਤ ਆਦਿ ਰੱਖਿਆ ਜਾਵੇ।

ਕੁਝ ਦਿਨ ਪਹਿਲਾਂ ਮੇਰਠ ਦੇ ਫਲਾਵਦਾ ਥਾਣਾ ਦੇ ਇਕ ਪਿੰਡ ਵਿਚ ਅਨੁਸੂਚਿਤ ਜਾਤੀ ਦੇ ਨੌਜਵਾਨ ਦੀ ਹੱਤਿਆ ਗੋਲੀ ਮਾਰ ਕੇ ਕਰ ਦਿੱਤੀ ਗਈ। ਲਾਸ਼ ਸੜਕ ਤੇ ਰੱਖ ਕੇ ਜਾਮ ਲਗਾਇਆ, ਪ੍ਰਸ਼ਾਸਨਿਕ ਅਧਿਕਾਰੀ ਮੌਕੇ ਤੇ ਪਹੁੰਚੇ। ਲੋਕਾਂ ਨੇ ਉਸ ਗੁੰਡੇ ਨੂੰ ਪਕੜ ਕੇ ਲਿਆਉਣ ਦੀ ਮੰਗ ਕੀਤੀ। ਮੁਆਵਜਾ ਦੇਣ ਦੀ ਪੇਸ਼ਕਸ਼ ਹੋਈ ਤਾਂ ਔਰਤਾਂ ਨੇ ਚੀਖ ਕੇ ਕਿਹਾ ਕਿ ਸਾਨੂੰ ਸਹਾਇਤਾ ਨਹੀਂ, ਕਤਲ ਦਾ ਬਦਲਾ ਕਤਲ ਨਾਲ ਚਾਹੀਦਾ ਹੈ। ਅਜਿਹੀ ਹੀ ਇਕ ਹੋਰ ਘਟਨਾ ਮੇਰਠ ਦੇ ਇਨਚੌਲੀ ਥਾਣੇ ਦੀ ਹੈ, ਜਿੱਥੇ ਦਲਿਤ ਜਵਾਨ ਲੜਕੀ ਦਾ ਇਕ ਗੁੰਡੇ ਨੇ ਚਾਕੂ ਦੀ ਨੋਕ ਤੇ ਬਲਾਤਕਾਰ ਕੀਤਾ। ਲੜਕੀ ਨੇ ਹੁਸ਼ਿਆਰੀ ਕੀਤੀ, ਹਿੰਮਤ ਕੀਤੀ ਅਤੇ ਲੜਕੇ ਦਾ ਚਾਕੂ ਖੋਹ ਕੇ ਉਸ ਦਾ ਗੁਪਤ ਅੰਗ ਕੱਟ ਦਿੱਤਾ।

ਤੀਜੀ ਘਟਨਾ ਬਾਗਪਤ ਦੇ ਪਿੰਡ ਟਟੀਰੀ ਦੀ ਹੈ, ਜਿੱਥੇ ਮਾਮੂਲੀ ਗੱਲ ਤੇ ਘੱਟ ਗਿਣਤੀ ਜਾਤੀ ਦੇ 30-35 ਗੁੰਡਿਆਂ ਨੇ ਦਲਿਤ ਮੁਹੱਲੇ ਵਿਚ ਵੜ ਕੇ ਹਮਲਾ ਕੀਤਾ ਅਤੇ 3-4 ਦੇ ਨਾਲ ਮਾਰਕੁੱਟ ਕੀਤੀ। ਦਲਿਤ ਲੋਕਾਂ ਨੇ ਇੱਕਜੁਟ ਹੋ ਕੇ ਉਹਨਾਂ ਨੂੰ ਘੇਰ ਲਿਆ। ਬਚਾਅ ਕਰਕੇ ਹਮਲਾਵਰ ਭੱਜੇ ਪਰ ਉਹਨਾਂ ਨੂੰ ਘਰਾਂ ਵਿਚ ਵੜ ਕੇ ਕੁੱਟਿਆ। ਡਰ ਕੇ ਸਾਰੇ ਰਾਜਪੂਤਾਂ ਨੇ ਦਰਵਾਜੇ ਬੰਦ ਕਰ ਲਏ। ਔਰਤਾਂ ਨੇ ਗੁੰਡਿਆਂ ਦੀਆਂ ਗੱਡੀਆਂ ਹੀ ਸਾੜ ਦਿੱਤੀਆਂ।

# ਅਮਰੀਕੀ ਪੰਜਾਬੀ ਕਵੀਆਂ ਵੱਲੋਂ ਧਾਰਮਿਕ ਕਵੀ ਦਰਬਾਰ ਸਜਾਇਆ



**ਪਿਟਸਬਰਗ-** ਸਥਾਨਕ ਅਮਰੀਕੀ ਪੰਜਾਬੀ ਕਵੀਆਂ ਵੱਲੋਂ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਪ੍ਰਕਾਸ਼ ਦਿਹਾੜੇ ਸਮਰਪਿਤ ਧਾਰਮਿਕ ਕਵੀ ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ। ਪ੍ਰਵਾਨਾ ਵੱਲੋਂ ਗੁਰੂ ਜੀ ਦੇ ਜੀਵਨ 'ਤੇ ਚਾਨਣ ਪਾਉਂਦਿਆਂ ਕਿਹਾ ਕਿ ਢਾਈ ਕੁ ਸਾਲ ਦੀ ਗੁਰੂਤਾ ਨੂੰ ਉਹਨਾਂ ਨੇ ਬੜੀ ਸਿਆਣਪ ਅਤੇ ਨਿਰਭੈਤਾ ਨਾਲ ਨਿਭਾਇਆ। ਧਾਰਮਿਕ ਕਵੀ ਦਰਬਾਰ ਦੇ ਦੌਰ ਵਿਚ ਕਵੀ ਸ਼ਾਮਲ ਸਨ: ਤਰਸੇਮ ਸਿੰਘ ਸੁੰਮਨ, ਗੁਰਦਿਆਲ ਸਿੰਘ ਨੂਰਪੁਰੀ, ਜਸਦੀਪ ਸਿੰਘ ਫਰੀਮਾਂਟ, ਮਹਿੰਦਰ ਸਿੰਘ ਰਾਜਪੂਤ, ਮਹਿੰਦਰਪਾਲ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ ਆਦਿ ਵੱਲੋਂ ਸਿੱਖ ਇਤਿਹਾਸ ਦੀਆਂ ਕਵਿਤਾਵਾਂ ਕਹੀਆਂ ਗਈਆਂ। ਪ੍ਰਬੰਧਕਾਂ ਵੱਲੋਂ ਕਵੀਆਂ ਦਾ ਸਨਮਾਨ ਕੀਤਾ ਗਿਆ। ਪ੍ਰਬੰਧਕਾਂ ਵੱਲੋਂ ਸਮੇਂ ਸਮੇਂ ਕਵੀ ਦਰਬਾਰ ਦਾ ਸੱਦਾ ਦਿੱਤਾ ਜਾਂਦਾ ਹੈ। 1986 ਵਿਚ ਸਥਾਪਤ ਹੋਏ ਗੁਰਦੁਆਰੇ ਦੀ ਸਥਾਪਤੀ ਲਈ ਯਤਨ ਜਾਰੀ ਹਨ।

**- ਪ੍ਰਮਿੰਦਰ ਸਿੰਘ ਪ੍ਰਵਾਨਾ**

# ਹੁਣ ਛੂਤਛਾਤ ਦੇ ਸ਼ਿਕਾਰ ਹੋਏ ਰਜਨੀਕਾਂਤ, ਫਿਲਮ ਕਬਾਲੀ ਨੂੰ ਫਲਾਪ ਕਰਨ ਦੀ ਸਾਜ਼ਿਸ਼

**ਨਵੀਂ ਦਿੱਲੀ-** ਰਜਨੀਕਾਂਤ ਦੀ ਫਿਲਮ ਬਾਲੀ ਬਾਕਸ ਆਫਿਸ ਤੇ ਕਮਾਈ ਦੇ ਸਾਰੇ ਰਿਕਾਰਡ ਤੋੜਦੀ ਨਜ਼ਰ ਆ ਰਹੀ ਹੈ। ਰਿਲੀਜ਼ ਦੇ ਪਹਿਲੇ ਦਿਨ ਹੀ ਫਿਲਮ ਕਮਾਈ ਦੇ ਮਾਮਲੇ ਵਿਚ ਟੌਪ ਥ੍ਰੀ ਵਿਚ ਸ਼ਾਮਲ ਹੋ ਗਈ। ਰਿਕਾਰਡ ਕਮਾਈ ਦੇ ਬਾਵਜੂਦ ਵੀ ਫਿਲਮ ਸਮੀਖਿਅਕ ਇਸ ਫਿਲਮ ਨੂੰ ਪੰਚ ਵਿਚੋਂ ਦੋ ਜਾਂ ਤਿੰਨ ਸਟਾਰ ਦੇ ਰਹੇ ਹਨ। ਫਿਲਮ ਦੇ ਬਾਰੇ ਮੁੱਖ ਚੀਜ਼ਾਂ ਨੂੰ ਕੱਟ ਕੇ ਬਾਕੀ ਸਾਰੀਆਂ ਚੀਜ਼ਾਂ ਦੱਸੀਆਂ ਜਾ ਰਹੀਆਂ ਹਨ। ਫਿਲਮ ਵਿਚ ਐਕਸ਼ਨ ਅਤੇ ਮਾਰ ਕੁਟਾਈ ਬਾਰੇ ਦੱਸਿਆ ਜਾ ਰਿਹਾ ਹੈ। ਫਿਲਮ ਦੀ ਕਹਾਣੀ ਵਿਚ ਦੱਸਿਆ ਜਾ ਰਿਹਾ ਹੈ ਪਰ ਸੱਪ ਬਿੱਛੂ ਦਾ ਰਿਵਿਊ ਕਰਨ ਵਿਚ ਪੂਰੀ ਤਾਕਤ ਲਗਾਉਣ ਵਾਲੇ ਮਾਹਿਰਾਂ ਨੂੰ ਇਸ ਫਿਲਮ ਵਿਚ ਨਹੀਂ ਦਿੱਸਦਾ ਸਮਾਜਿਕ ਮੁੱਦਾ। ਇਸ ਫਿਲਮ ਵਿਚ ਨਹੀਂ ਦਿੱਸਦੇ ਅੰਬੇਡਕਰ ਦੇ ਵਿਚਾਰ। ਇਸ ਫਿਲਮ ਵਿਚ ਨਹੀਂ ਦਿੱਸਦਾ ਦਲਿਤ ਦਰਸ਼ਨ। ਹਮੇਸ਼ਾ ਦਲਿਤਾਂ ਬਾਰੇ ਆਮ ਧਾਰਨਾ ਰਹੀ ਹੈ ਕਿ ਇਹਨਾਂ ਨੂੰ ਕੁਝ ਨਹੀਂ ਆਉਂਦਾ ਪਰ ਕਬਾਲੀ ਨੇ ਇਸ ਭਰਮ ਨੂੰ ਇਕ ਵਾਰ ਫਿਰ ਤੋੜਿਆ ਹੈ। ਦਰਅਸਲ ਇਸ ਫਿਲਮ ਦੇ ਸਾਰੇ ਕਰੂ ਮੈਂਬਰ ਦਲਿਤ ਹਨ ਅਤੇ ਉਹਨਾਂ ਨੇ ਆਪਣੀ ਪ੍ਰਤਿਭਾ ਨਾਲ ਸਮੀਖਿਅਕਾਂ ਦਾ ਮੂੰਹ ਬੰਦ ਕਰ ਦਿੱਤਾ ਹੈ।



ਫਿਲਮ ਦੇ ਹੀਰੋ ਰਜਨੀਕਾਂਤ ਅੰਬੇਡਕਰ ਨੂੰ ਆਪਣਾ ਆਦਰਸ਼ ਮੰਨਦੇ ਹਨ। ਰਜਨੀਕਾਂਤ ਜੋ ਸਕੂਲ ਚਲਾਉਂਦਾ ਹੈ, ਉਸ ਵਿਚ ਸਭ ਤੋਂ ਵੱਡੀ ਤਸਵੀਰ ਬਾਬਾ ਸਾਹਿਬ ਦੀ ਹੈ। ਫਿਲਮ ਦਾ ਹੀਰੋ ਕਾਲਾ ਹੈ ਅਤੇ ਇਸ ਗੱਲ ਨੂੰ ਉਹ ਮਾਣ ਨਾਲ ਕਹਿੰਦਾ ਹੈ। ਹੀਰੋ ਕਹਿੰਦਾ ਹੈ ਕਿ ਭਾਰਤ ਦੇ ਲੋਕ ਵਿਦੇਸ਼ ਪਹੁੰਚ ਗਏ, ਪਰ ਜਾਤੀ ਲੈ ਕੇ ਗਏ। ਹੀਰੋਇਨ ਜਾਤੀ ਤੋੜ ਕੇ ਪ੍ਰੇਮ ਅਤੇ ਫਿਰ ਵਿਆਹ ਕਰਦੀ ਹੈ।

## ਵੇਲਾ ਆਣ ਢੁੱਕਾ ਹੈ ਇਹ ਸੁਆਲ ਕਰਨ ਦਾ ਕਿ

# ਆਏ ਹੋ ਤਾਂ ਕੀ ਲੈ ਕੇ ਆਏ ਹੋ.?



ਗੁਰਮੀਤ ਸਿੰਘ ਪਲਾਹੀ
91-98158-02070

ਪੰਜਾਬੀਆਂ ਕੋਲ ਸਿਆਸਤਦਾਨਾਂ ਕੋਲੋਂ ਇਹ ਪੁੱਛਣ ਦਾ ਸਹੀ ਮੌਕਾ ਤੇ ਵੇਲਾ ਹੈ ਕਿ ਸਾਡੇ ਕੋਲ ਆਏ ਹੋ ਤਾਂ ਕੀ ਲੈ ਕੇ ਆਏ ਹੋ? ਰੰਗ-ਬਿਰੰਗੇ ਸਿਆਸਤਦਾਨ ਹਰਲ-ਹਰਲ ਕਰਦੇ ਪੰਜਾਬੀਆਂ ਦੇ ਵਿਹੜਿਆਂ, ਗਲੀਆਂ-ਮੁਹੱਲਿਆਂ, ਚੌਰਾਹਿਆਂ, ਪਬਲਿਕ ਥਾਂਵਾਂ 'ਤੇ ਧੜਾ-ਧੜ ਆਉਣ ਲੱਗੇ ਹਨ। ਵਿਧਾਨ ਸਭਾ ਚੋਣਾਂ ਤੋਂ ਛਿਮਾਹੀ ਪਹਿਲਾਂ ਹੀ ਇਨ੍ਹਾਂ ਧੁਰੰਤਰ ਸਿਆਸੀ ਲੋਕਾਂ ਨੇ ਆਪਣੇ ਪਰ ਤੋਲਣੇ ਸ਼ੁਰੂ ਕਰ ਦਿੱਤੇ ਹਨ ਅਤੇ ਲਾਰੇ-ਲੱਪੇ, ਰੰਗੀਨ ਸੁਫ਼ਨੇ, ਵਿਰੋਧੀਆਂ ਖ਼ਿਲਾਫ਼ ਨਾਹਰਿਆਂ ਤੇ ਤੋਹਮਤਾਂ ਦਾ ਦੌਰ ਸ਼ੁਰੂ ਕਰ ਦਿੱਤਾ ਹੈ, ਪਰ ਨੰਗੇ ਧੜ ਸਮੱਸਿਆਵਾਂ ਨਾਲ ਜੂਝ ਰਹੇ ਪੰਜਾਬੀਆਂ ਦੇ ਪੱਲੇ ਪਾਉਣ ਲਈ ਕੀ ਉਹ ਕੁਝ ਆਪਣੇ ਨਾਲ ਲੈ ਕੇ ਆਏ ਹਨ?

ਸੂਬਾ ਪੰਜਾਬ ਉੱਤੇ ਅਗਸਤ 1947 ਤੋਂ ਵੱਖੋ-ਵੱਖਰੇ ਸਮੇਂ ਕਾਂਗਰਸ ਅਤੇ ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਬੰਧਨ ਨੇ ਰਾਜ ਕੀਤਾ ਹੈ। ਸੰਯੁਕਤ ਪੰਜਾਬ ਦੇ ਪਹਿਲੇ ਮੁੱਖ ਮੰਤਰੀ ਗੋਪੀ ਚੰਦ ਭਾਰਗਵ ਤੋਂ ਲੈ ਕੇ ਭੀਮ ਸੈਨ ਸੱਚਰ, ਪ੍ਰਤਾਪ ਸਿੰਘ ਕੈਰੋਂ ਤੇ ਰਾਮ ਕ੍ਰਿਸ਼ਨ ਰਹੇ। ਪੰਜਾਬੀ ਸੂਬਾ ਬਣਨ ਤੋਂ ਬਾਅਦ ਗਿਆਨੀ ਗੁਰਮੁਖ ਸਿੰਘ ਮੁਸਾਫ਼ਰ, ਲਛਮਣ ਸਿੰਘ ਗਿੱਲ, ਜਸਟਿਸ ਗੁਰਨਾਮ ਸਿੰਘ ਤੇ ਫਿਰ ਗਿਆਨੀ ਜ਼ੈਲ ਸਿੰਘ, ਦਰਬਾਰਾ ਸਿੰਘ, ਸੁਰਜੀਤ ਸਿੰਘ ਬਰਨਾਲਾ, ਬੇਅੰਤ ਸਿੰਘ, ਰਜਿੰਦਰ ਕੌਰ ਭੱਠਲ, ਹਰਚਰਨ ਸਿੰਘ ਬਰਾੜ, ਅਮਰਿੰਦਰ ਸਿੰਘ ਅਤੇ ਪ੍ਰਕਾਸ਼ ਸਿੰਘ ਬਾਦਲ ਸਮੇਤ 11 ਮੁੱਖ ਮੰਤਰੀ ਬਣੇ ਹਨ। ਪ੍ਰਕਾਸ਼ ਸਿੰਘ ਬਾਦਲ ਪੰਜ ਵੇਰ ਪੰਜਾਬ ਦੇ ਮੁੱਖ ਮੰਤਰੀ ਬਣੇ।

ਆਜ਼ਾਦੀ ਤੋਂ ਲੈ ਕੇ ਹੁਣ ਤੱਕ ਦੇ ਸੱਤਰ ਵਰ੍ਹਿਆਂ 'ਚੋਂ ਕਾਂਗਰਸ ਨੇ 45 ਵਰ੍ਹੇ ਅਤੇ 25 ਵਰ੍ਹੇ ਅਕਾਲੀਆਂ ਤੇ ਇਨ੍ਹਾਂ ਦੇ ਗੱਠਜੋੜ ਨੇ ਪੰਜਾਬ ਉੱਤੇ ਰਾਜ ਕੀਤਾ। ਇਨ੍ਹਾਂ ਵਰ੍ਹਿਆਂ 'ਚ ਇਨ੍ਹਾਂ ਸਰਕਾਰਾਂ ਨੇ ਪੰਜਾਬ ਅਤੇ ਇਥੋਂ ਦੇ ਬਾਸ਼ਿੰਦਿਆਂ ਦੇ ਪੱਲੇ ਕੀ ਪਾਇਆ, ਕੀ ਇਹ ਜਾਣਨ ਦਾ ਹੱਕ ਪੰਜਾਬੀਆਂ ਨੂੰ ਨਹੀਂ ਹੈ? ਕੀ ਪੰਜਾਬੀਆਂ ਨੂੰ ਇਹ ਪੁੱਛਣ ਦਾ ਹੱਕ ਹੈ ਇਨ੍ਹਾਂ ਸਿਆਸਤਦਾਨਾਂ ਕੋਲੋਂ ਕਿ ਪੰਜਾਬ ਦਾ ਕਿਹੋ ਜਿਹਾ ਵਿਕਾਸ ਉਨ੍ਹਾਂ ਨੇ ਕੀਤਾ-ਕਰਵਾਇਆ ਹੈ ਕਿ ਪੰਜਾਬ ਉਚਾਈਆਂ ਵੱਲ ਨਹੀਂ, ਨੀਵਾਣਾਂ ਵੱਲ ਗਿਆ ਹੈ? ਕਿਉਂ ਪੰਜਾਬ ਦਾ ਅਰਥਚਾਰਾ ਟੁੱਟਿਆ ਹੈ? ਕਿਉਂ ਖੇਤੀ ਅੱਧਮੋਈ ਹੋਈ ਹੈ? ਕਿਉਂ ਪੰਜਾਬ ਦਾ ਉਦਯੋਗ ਤਹਿਸ-ਨਹਿਸ ਹੋਇਆ ਹੈ? ਕਿਉਂ ਸਰਕਾਰੀ ਸਿੱਖਿਆ, ਸਿਹਤ ਸੇਵਾਵਾਂ ਨਾਂਹ ਦੇ ਤੁਲ ਰਹਿ ਗਈਆਂ ਹਨ? ਕਿਉਂ ਪਾਣੀ ਪੰਜਾਬ ਦੇ ਪੱਲੇ ਨਹੀਂ ਪੈ ਰਿਹਾ, ਦਰੱਖ਼ਤ ਰੁੰਡ-ਮਰੁੰਡ ਹੋ ਗਏ ਹਨ, ਵਾਤਾਵਰਣ ਦੂਸ਼ਿਤ ਹੋਇਆ ਹੈ? ਕਿਉਂ ਸਰਕਾਰੀ ਅਫ਼ਸਰਾਂ, ਸਿਆਸਤਦਾਨਾਂ ਤੋਂ ਲੋਕਾਂ ਦੀ ਦੂਰੀ ਵਧੀ ਹੈ ਅਤੇ ਨਾਲ ਹੀ ਵਧਿਆ ਹੈ ਸਿਆਸਤ ਅਤੇ ਪ੍ਰੋਫੈਸ਼ਨ ਵਿੱਚ ਪਰਵਾਰਵਾਦ?

ਪੰਜਾਬ ਇਨ੍ਹਾਂ ਵਰ੍ਹਿਆਂ 'ਚ ਰਾਜਸੀ ਅਰਾਜਕਤਾ ਵੱਲ ਵਧਿਆ ਹੈ। ਭ੍ਰਿਸ਼ਟਾਚਾਰ, ਮਹਿੰਗਾਈ, ਮੁਨਾਫਾਖੋਰੀ, ਖਣਨ, ਟਰਾਂਸਪੋਰਟ, ਨਸ਼ਾ ਮਾਫੀਏ ਨੇ ਪੰਜਾਬ ਦਾ ਲੱਕ ਤੋੜ ਦਿੱਤਾ ਹੈ। ਸਿਆਸਤ ਸੇਵਾ ਲਈ ਨਹੀਂ, ਕਿੱਤੇ ਵਜੋਂ ਅਪਣਾਈ ਜਾਣ ਲੱਗੀ ਹੈ, ਜਿਸ ਵਿੱਚ ਦਿਆਨਤਦਾਰ, ਸਿਆਣੇ, ਪੰਜਾਬ-ਹਿਤੈਸ਼ੀ ਲੋਕ ਮਨਫ਼ੀ ਹੀ ਕਰ ਦਿੱਤੇ ਗਏ ਹਨ। ਜੇਕਰ ਇੰਝ ਨਹੀਂ ਤਾਂ 1920 'ਚ ਜਨਮਿਆ ਸ਼੍ਰੋਮਣੀ ਅਕਾਲੀ ਦਲ ਹੁਣ ਕਿਸੇ ਵਿਅਕਤੀ ਵਿਸ਼ੇਸ਼ ਦੇ ਨਾਮ ਉੱਤੇ 'ਬਾਦਲ ਦਲ' ਵਜੋਂ ਹੀ ਕਿਉਂ ਜਾਣਿਆ ਜਾਂਦਾ ਹੈ? ਪਿਛਲੇ 36 ਸਾਲਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚੋਂ ਟਕਸਾਲੀ ਅਕਾਲੀ ਕਿਉਂ ਅਲੋਪ ਹੋ ਗਏ ਜਾਂ ਕਿਉਂ ਅਲੋਪ ਕਰ ਦਿੱਤੇ ਗਏ? ਕਿਉਂ ਇਨ੍ਹਾਂ ਸਾਲਾਂ ਵਿੱਚ ਸਮੇਂ-ਸਮੇਂ ਲੌਂਗੋਵਾਲ ਅਕਾਲੀ ਦਲ (ਸੰਤ ਹਰਚੰਦ ਸਿੰਘ ਲੌਂਗੋਵਾਲ), ਅਕਾਲੀ ਦਲ ਅੰਮ੍ਰਿਤਸਰ (ਸਿਮਰਨਜੀਤ ਸਿੰਘ ਮਾਨ, ਜਸਵੰਤ ਸਿੰਘ ਮਾਨ), ਤਲਵੰਡੀ ਅਕਾਲੀ ਦਲ (ਜਗਦੇਵ ਸਿੰਘ ਤਲਵੰਡੀ), ਅਮਰਿੰਦਰ ਸਿੰਘ ਪੰਥਕ ਅਕਾਲੀ ਦਲ, ਰਵੀਇੰਦਰ ਸਿੰਘ ਅਕਾਲੀ ਦਲ 1920, ਸੁਰਜੀਤ ਸਿੰਘ ਬਰਨਾਲਾ ਦਾ ਅਕਾਲੀ ਦਲ, ਕੁਲਦੀਪ ਸਿੰਘ ਵਡਾਲਾ ਦਾ ਅਕਾਲੀ ਦਲ ਡੈਮੋਕਰੇਟਿਕ, ਟੌਹੜਾ ਇੰਟਰਨੈਸ਼ਨਲ ਅਕਾਲੀ ਦਲ, ਯੂਨਾਈਟਿਡ ਅਕਾਲੀ ਦਲ (ਮੋਹਕਮ ਸਿੰਘ) ਇਸੇ ਅਕਾਲੀ ਦਲ ਵਿੱਚੋਂ ਪੈਦਾ ਹੋਏ? ਜੇਕਰ ਸ਼੍ਰੋਮਣੀ ਅਕਾਲੀ ਦਲ ਲੋਕਤੰਤਰੀ ਹੁੰਦਾ, ਇਸ ਦੀ ਲੀਡਰਸ਼ਿਪ ਲੋਕਤੰਤਰਿਕ ਹੁੰਦੀ ਅਤੇ ਸਾਰੀਆਂ ਸੋਚਾਂ ਵਾਲੇ ਪਾਰਟੀ ਵਰਕਰਾਂ ਤੇ ਨੇਤਾਵਾਂ ਨੂੰ ਨਾਲ ਲੈ ਕੇ ਤੁਰਨ ਵਾਲੀ ਹੁੰਦੀ ਤਾਂ ਅੱਜ ਆਪਣੀ ਕੁਰਸੀ ਪੰਜਾਬ 'ਚ ਕਾਇਮ ਰੱਖਣ ਲਈ ਉਹ ਹਥਿਆਰ ਵਰਤਣ ਲਈ ਮਜਬੂਰ ਨਾ ਹੁੰਦੀ, ਜਿਹੜੇ ਕਿਸੇ ਲੋਕ-ਰਾਜ ਵਿੱਚ ਕਿਸੇ ਸਿਆਸੀ ਧਿਰ ਨੂੰ ਵਰਤਣ ਦੀ ਲੋੜ ਨਹੀਂ ਪੈਂਦੀ।

ਪੰਜਾਬ ਕਾਂਗਰਸ, ਜਿਹੜੀ ਸਦਾ ਹੀ ਇਹ ਦੋਸ਼ ਆਪਣੇ ਪਿੰਡੇ 'ਤੇ ਝੱਲਦੀ ਰਹੀ ਹੈ ਕਿ ਉਸ ਨੇ ਪੰਜਾਬ ਦੇ ਹਿੱਤਾਂ ਦੀ ਰਾਖੀ ਨਹੀਂ ਕੀਤੀ, ਇਸ ਦੇ ਨੇਤਾ ਸਦਾ ਕੇਂਦਰ ਸਰਕਾਰ ਦਾ ਹੱਥ-ਠੋਕਾ ਬਣਦੇ ਰਹੇ ਅਤੇ ਉੱਪਰਲੇ ਨੇਤਾਵਾਂ ਦੇ ਪਿੱਛ-ਲੱਗ ਬਣ ਕੇ ਪੰਜਾਬ ਦੇ ਪਾਣੀਆਂ ਦੇ ਸੌਦੇ ਵੀ ਉਨ੍ਹਾਂ ਕੀਤੇ। ਪੰਜਾਬੀ ਸੂਬਾ ਬਣਨ ਵੇਲੇ ਚੰਡੀਗੜ੍ਹ ਤੇ ਹੋਰ ਪੰਜਾਬੀ ਬੋਲਦੇ ਇਲਾਕੇ ਪੰਜਾਬ ਕੋਲੋਂ ਉਨ੍ਹਾਂ ਕਾਰਨ ਹੀ ਖੁੱਸੇ। ਕਾਂਗਰਸੀਆਂ ਦੀ ਆਪਣੀ ਲੜਾਈ ਨੇ ਪੰਜਾਬ ਨੂੰ ਉਹ ਦਿਨ ਦਿਖਾਏ, ਜਿਨ੍ਹਾਂ ਨੂੰ ਪੰਜਾਬੀ ਭੁੱਲ ਨਹੀਂ ਸਕਦੇ। ਸਾਬਕਾ ਮੁੱਖ ਮੰਤਰੀ ਦਰਬਾਰਾ ਸਿੰਘ ਅਤੇ ਗਿਆਨੀ ਜ਼ੈਲ ਸਿੰਘ ਦੀ ਆਪਸੀ ਸੌਂਕਣਬਾਜ਼ੀ ਤੋਂ ਕੌਣ ਵਾਕਿਫ ਨਹੀਂ?

ਅੱਜ ਵੀ ਕੁਰਸੀ ਯੁੱਧ ਦੀ ਖ਼ਾਤਰ ਕਾਂਗਰਸੀਆਂ ਦੇ ਆਪਸੀ ਕਾਟੋ-ਕਲੇਸ਼ ਨੇ ਪੰਜਾਬੀਆਂ ਦਾ ਉਨ੍ਹਾਂ ਪ੍ਰਤੀ ਭਰੋਸਾ ਤੋੜਿਆ ਹੈ। ਜਗਮੀਤ ਸਿੰਘ ਬਰਾੜ ਦਾ ਕਾਂਗਰਸ ਪਾਰਟੀ 'ਚੋਂ ਬਾਹਰ ਨਿਕਲ ਕੇ ਪੰਜਾਬ-ਹਿਤੈਸ਼ੀ ਹੋਣ ਦਾ ਨਾਹਰਾ, ਮਨਪ੍ਰੀਤ ਬਾਦਲ ਦਾ ਪੀ ਪੀ ਪੀ ਬਣਾਉਣਾ ਤੇ ਫਿਰ ਕਾਂਗਰਸ 'ਚ ਮਿਲਣ, ਬਲਵੰਤ ਸਿੰਘ ਰਾਮੂਵਾਲੀਏ ਵੱਲੋਂ ਕਦੇ ਆਪਣੀ ਪਾਰਟੀ ਬਣਾਉਣਾ, ਬਾਦਲਾਂ ਨਾਲ ਰਲਣਾ ਤੇ ਫਿਰ ਪੰਜਾਬ ਦੇ ਨਕਸ਼ੇ ਤੋਂ ਅਲੋਪ ਹੋ ਜਾਣਾ, ਸਿੱਧੂ ਜੋੜੀ ਦਾ ਬਾਦਲਾਂ ਵਿਰੁੱਧ ਪ੍ਰਚਾਰ, ਭਾਜਪਾ ਤੋਂ ਤੋੜ-ਵਿਛੋੜਾ ਅਤੇ ਫਿਰ ਪੰਜਾਬ-ਹਿਤੈਸ਼ੀ ਹੋਣ ਦਾ ਵੱਡਾ ਫੱਟਾ ਲਾ ਕੇ ਤਾਬੜ-ਤੋੜ ਪ੍ਰਚਾਰ, ਬਸਪਾ ਦਾ ਅਨੁਸੂਚਿਤ ਜਾਤੀਆਂ ਲਈ ਲੋੜੋਂ ਵੱਧ ਹੇਜ, ਜਿਹੀਆਂ ਘਟਨਾਵਾਂ ਨੇ ਸਿਆਸਤਦਾਨਾਂ ਤੋਂ ਆਮ ਲੋਕਾਂ ਨੂੰ ਦੂਰ ਕੀਤਾ ਹੈ।

ਹਨੇਰੀ ਦੀ ਤਰ੍ਹਾਂ ਆਮ ਆਦਮੀ ਪਾਰਟੀ ਦੀ ਵਗੀ ਵਾਅ ਕਾਰਨ ਬੱਝਿਆ ਲੋਕਾਂ 'ਚ ਭਰੋਸਾ ਉਦੋਂ ਚੂਰ-ਚੂਰ ਹੋਇਆ, ਜਦੋਂ ਉਨ੍ਹਾਂ ਦੇ ਲੋਕ ਸਭਾ ਲਈ ਚੁਣੇ ਗਏ ਮੈਂਬਰਾਂ 'ਚੋਂ ਅੱਧੇ ਪਾਰਲੀਮੈਂਟ ਮੈਂਬਰ ਆਪਣੀ ਢਾਈ ਪਾ ਖਿਚੜੀ ਵੱਖਰੀ ਪਕਾਉਣ ਦੇ ਰਾਹ ਤੁਰ ਪਏ ਜਾਂ ਉਸ ਪਾਰਟੀ ਵੱਲੋਂ ਪੰਜਾਬ ਦੇ ਪਾਣੀਆਂ ਜਿਹੇ ਮਸਲੇ ਉੱਤੇ ਅਜੀਬੋ-ਗ਼ਰੀਬ ਸਟੈਂਡ ਲੈ ਲਿਆ ਗਿਆ। ਇਹੋ ਜਿਹੀਆਂ ਹਾਲਤਾਂ ਵਿੱਚ ਜਦੋਂ ਪੰਜਾਬੀਆਂ ਨੂੰ ਸਿਆਸੀ ਲੋਕਾਂ ਤੋਂ ਪੰਜਾਬ-ਹਿਤੈਸ਼ੀ ਹੋਣ ਦੀ ਜਾਂ ਲੋਕ ਸਮੱਸਿਆਵਾਂ, ਮੁੱਦਿਆਂ ਨੂੰ ਹੱਲ ਕਰਨ ਲਈ ਆਸ ਦੀ ਕੋਈ ਬੱਝਵੀਂ ਕਿਰਨ ਦਿਖਾਈ ਹੀ ਨਾ ਦੇ ਰਹੀ ਹੋਵੇ, ਤਦ ਕੀ ਪੰਜਾਬੀਆਂ ਦਾ ਆਪਣੇ ਵਿਹੜੇ ਆਉਣ ਵਾਲੇ ਸਿਆਸਤਦਾਨਾਂ ਨੂੰ ਇਹ ਸਵਾਲ ਕਰਨ ਦਾ ਹੱਕ ਨਹੀਂ ਬਣਦਾ:

* ਪਹਿਲਾ ਇਹ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੇ ਵਿਕਾਸ ਦਾ ਕਿਹੜਾ ਮਾਡਲ ਅਪਣਾਏਗੀ? ਉਹ ਮਾਡਲ, ਜਿਹੜਾ ਸਿਰਫ਼ ਵੱਡਿਆਂ ਦੇ ਘਰ ਭਰੇਗਾ ਜਾਂ ਛੋਟਿਆਂ ਦੇ ਪੇਟ ਵੀ ਭਰੇਗਾ?
* ਦੂਜਾ, ਉਨ੍ਹਾਂ ਦੀ ਪਾਰਟੀ ਚੰਡੀਗੜ੍ਹ ਤੇ ਪੰਜਾਬੀ ਬੋਲਦੇ ਇਲਾਕੇ, ਜੋ ਪੰਜਾਬ ਤੋਂ ਬਾਹਰ ਰਹਿ ਗਏ ਹਨ, ਪੰਜਾਬ 'ਚ ਸ਼ਾਮਲ ਕਰਨ ਲਈ ਜਾਂ ਕਰੇਗੀ?
* ਤੀਜਾ, ਉਨ੍ਹਾਂ ਦੀ ਪਾਰਟੀ ਪੰਜਾਬ ਦੇ ਪਾਣੀਆਂ ਦੇ ਮੁੱਦੇ 'ਤੇ ਕੀ ਸਟੈਂਡ ਰੱਖਦੀ ਹੈ? ਕੀ ਐੱਸ ਵਾਈ ਐੱਲ ਬਣਾਉਣ ਦੇ ਹੱਕ 'ਚ ਹੈ ਜਾਂ ਵਿਰੋਧ ਵਿੱਚ? ਪੰਜਾਬ ਦੇ ਧਰਤੀ ਹੇਠਲੇ ਮੁੱਕ ਰਹੇ ਪਾਣੀ ਦੇ ਸੁਧਾਰ ਲਈ ਉਸ ਦੀਆਂ ਯੋਜਨਾਵਾਂ ਕੀ ਹੋਣਗੀਆਂ?
* ਚੌਥਾ, ਉਨ੍ਹਾਂ ਦੀ ਪਾਰਟੀ ਦੀ ਖੇਤੀ ਪ੍ਰਧਾਨ ਸੂਬੇ ਪੰਜਾਬ ਦੀ ਮਰ ਰਹੀ ਖੇਤੀ ਨੂੰ ਮੁੜ ਲੀਹਾਂ 'ਤੇ ਲਿਆਉਣ ਲਈ ਤੇ ਖੇਤੀ ਨੂੰ ਲਾਹੇਵੰਦ ਧੰਦਾ ਬਣਾਉਣ ਲਈ ਕੀ ਯੋਜਨਾ ਹੋਵੇਗੀ?
* ਪੰਜਵਾਂ, ਉਨ੍ਹਾਂ ਦੀ ਪਾਰਟੀ ਦੀਆਂ ਸੂਬੇ ਦੇ ਸੰਕਟ ਗ੍ਰਸਤ ਉਦਯੋਗ ਦੀ ਮੁੜ ਸੁਰਜੀਤੀ ਤੇ ਖੇਤੀ ਉਦਯੋਗ ਦੀ ਪ੍ਰਫੁੱਲਤਾ ਲਈ ਕੀ ਤਰਜੀਹਾਂ ਹੋਣਗੀਆਂ?
* ਛੇਵਾਂ, ਉਨ੍ਹਾਂ ਦੀ ਪਾਰਟੀ ਦੀ ਸੂਬੇ 'ਚੋਂ ਬੇਰੁਜ਼ਗਾਰੀ ਖ਼ਤਮ ਕਰਨ ਲਈ ਕੀ ਸਮਾਂ-ਬੱਧ ਯੋਜਨਾ ਹੋਵੇਗੀ?
* ਸੱਤਵਾਂ, ਉਨ੍ਹਾਂ ਦੀ ਪਾਰਟੀ ਕੀ ਸੂਬੇ 'ਚ ਵਧ ਰਹੇ ਸਿੱਖਿਆ ਦੇ ਨਿੱਜੀਕਰਨ ਨੂੰ ਖ਼ਤਮ ਕਰਨ ਲਈ ਅਲਾਹਾਬਾਦ ਹਾਈ ਕੋਰਟ ਦਾ ਫ਼ੈਸਲਾ ਲਾਗੂ ਕਰੇਗੀ, ਜਿਸ ਅਧੀਨ ਸਭਨਾਂ ਲਈ ਬਰਾਬਰ ਦੀ ਸਿੱਖਿਆ ਦੀ ਵਿਵਸਥਾ ਹੈ?
* ਅੱਠਵਾਂ, ਉਨ੍ਹਾਂ ਦੀ ਪਾਰਟੀ ਸੂਬੇ 'ਚ ਸਿਹਤ ਸੁਵਿਧਾਵਾਂ ਆਮ ਲੋਕਾਂ ਤੱਕ ਪਹੁੰਚਾਉਣ ਲਈ ਕੀ ਕਰੇਗੀ?
* ਨੌਂਵਾਂ, ਉਨ੍ਹਾਂ ਦੀ ਪਾਰਟੀ ਦੀ ਨਸ਼ਿਆਂ ਤੇ ਸੂਬੇ 'ਚ ਫੈਲੇ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਪ੍ਰਤੀ ਕੀ ਪਾਲਿਸੀ ਹੋਵੇਗੀ?
* ਦਸਵਾਂ, ਉਨ੍ਹਾਂ ਦੀ ਪਾਰਟੀ ਦੀ ਪੰਜਾਬ ਨੂੰ ਪ੍ਰਦੂਸ਼ਣ-ਮੁਕਤ ਕਰਨ ਦੀ ਕੀ ਯੋਜਨਾ ਹੋਵੇਗੀ?
* ਗਿਆਰ੍ਹਵਾਂ ਸਵਾਲ ਇਹ ਕਿ ਉਨ੍ਹਾਂ ਦੀ ਪਾਰਟੀ ਪੰਜਾਬ ਦੇ ਟੁੱਟ ਰਹੇ ਅਰਥਚਾਰੇ ਨੂੰ ਥਾਂ ਸਿਰ ਕਰਨ ਤੇ ਗ਼ਰੀਬ ਲੋਕਾਂ ਨੂੰ ਕਰਜ਼ਾ-ਮੁਕਤ ਕਰਨ ਲਈ ਕੀ ਕਦਮ ਚੁੱਕੇਗੀ?

ਇਹ ਸਵਾਲ ਸੁਖਬੀਰ ਬਾਦਲ ਤੋਂ ਪੁੱਛੇ ਜਾਣੇ ਚਾਹੀਦੇ ਹਨ, ਜਿਹੜਾ ਪਾਣੀ 'ਚ ਬੱਸਾਂ ਚਲਾਉਣੀਆਂ ਚਾਹੁੰਦਾ ਹੈ। ਸਾਬਕਾ ਮੁੱਖ ਮੰਤਰੀ ਅਮਰਿੰਦਰ ਸਿੰਘ ਤੋਂ ਪੁੱਛੇ ਜਾਣ ਦੀ ਲੋੜ ਹੈ, ਜਿਹੜਾ ਇੱਕ ਮਹੀਨੇ 'ਚ ਹੀ ਨਸ਼ੇ ਖ਼ਤਮ ਕਰਨ ਦਾ ਦਾਅਵਾ ਕਰਦਾ ਹੈ। ਇਹ ਸਵਾਲ ਕੇਜਰੀਵਾਲ ਤੋਂ ਵੀ ਪੁੱਛੇ ਜਾਣ ਦੀ ਜ਼ਰੂਰਤ ਹੈ, ਜਿਹੜਾ ਸਿਰਫ਼ ਸੇਵਾ ਧਰਮ ਨੂੰ ਹੀ ਔਖ ਵੇਲੇ ਇੱਕੋ-ਇੱਕ ਹੱਲ ਸਮਝਦਾ ਹੈ। ਇਹ ਸਵਾਲ ਨਵਜੋਤ ਸਿੰਘ ਸਿੱਧੂ ਤੋਂ ਕਿਉਂ ਨਾ ਪੁੱਛੇ ਜਾਣ? ਅਤੇ ਕਿਉਂ ਨਾ ਇਹ ਸਵਾਲ ਪੁੱਛੇ ਜਾਣ ਖੱਬੀਆਂ ਧਿਰਾਂ ਨੂੰ ਵੀ, ਜਿਹੜੀਆਂ ਲੋਕ ਮੁੱਦਿਆਂ ਨੂੰ ਹੱਲ ਕਰਵਾਉਣ ਲਈ ਹਮੇਸ਼ਾ ਸੰਘਰਸ਼ਸ਼ੀਲ ਰਹੀਆਂ ਹਨ?

ਅਸਲ ਵਿੱਚ ਪੰਜਾਬੀਆਂ ਦਾ ਹੱਕ ਬਣਦਾ ਹੈ ਕਿ ਉਹ ਸਾਰੀਆਂ ਸਿਆਸੀ ਪਾਰਟੀਆਂ ਨੂੰ ਸਵਾਲ ਕਰਨ, ਸਾਰਿਆਂ ਨੇਤਾਵਾਂ ਤੋਂ ਜਵਾਬ ਮੰਗਣ ਕਿ ਉਨ੍ਹਾਂ ਪੱਲੇ ਪੰਜਾਬੀਆਂ ਨੂੰ ਦੇਣ ਲਈ ਕੀ ਹੈ, ਕਿਉਂਕਿ ਪੰਜਾਬ ਦੀ ਵਿਗੜੀ ਤਾਣੀ ਨੂੰ ਸੁਲਝਾਉਣ ਲਈ ਕੋਈ ਵੀ ਸਿਆਸੀ ਪਾਰਟੀ ਰਾਤੋ-ਰਾਤ ਕੋਈ ਕ੍ਰਿਸ਼ਮਾ ਨਹੀਂ ਕਰ ਸਕਦੀ?

ਹਰ ਸਿਆਸੀ ਪਾਰਟੀ ਨੂੰ ਪੰਜਾਬ ਦੇ ਲੋਕਾਂ, ਨੌਜਵਾਨਾਂ, ਬਜ਼ੁਰਗਾਂ, ਔਰਤਾਂ, ਕਿਸਾਨਾਂ, ਮਜ਼ਦੂਰਾਂ, ਮੁਲਾਜ਼ਮਾਂ, ਵਪਾਰੀਆਂ, ਦੁਕਾਨਦਾਰਾਂ ਦੀਆਂ ਉਨ੍ਹਾਂ ਸਮੱਸਿਆਵਾਂ ਦੇ ਹੱਲ ਲੱਭਣੇ ਪੈਣਗੇ, ਜਿਨ੍ਹਾਂ ਨੇ ਉਨ੍ਹਾਂ ਦੀ ਪਿਛਲੇ ਲੰਮੇ ਸਮੇਂ ਤੋਂ ਨੀਂਦ ਹਰਾਮ ਕੀਤੀ ਹੋਈ ਹੈ। ਪੰਜਾਬ ਦੇ ਲੋਕਾਂ ਨੂੰ ਸਿਆਸੀ ਲੋਕਾਂ ਨੇ ਵੱਡੇ ਵਿਕਾਸ ਦੇ ਨਾਹਰਿਆਂ, ਉਨ੍ਹਾਂ ਦੀ ਤਰੱਕੀ ਦੇ ਨਾਮ ਉੱਤੇ ਪੂਰੀ ਤਰ੍ਹਾਂ ਗੁੰਮਰਾਹ ਕੀਤਾ ਹੈ। ਹੁਣ ਨੇਤਾਵਾਂ ਤੋਂ ਪੁੱਛਣ ਦਾ ਵੇਲਾ ਹੈ ਕਿ ਸਾਡੇ ਵਿਹੜੇ ਆਏ ਹੋ ਤਾਂ ਕੀ ਲੈ ਕੇ ਆਏ ਹੋ? ਜੇਕਰ ਪਿੱਠ ਮੋੜ ਕੇ ਜਾਂ ਖੁਸ਼ ਹੋ ਕੇ ਸਾਡੇ ਵਿਹੜਿਓਂ ਚੱਲੇ ਹੋ ਤਾਂ ਦੱਸ ਕੇ ਜਾਉ ਕਿ ਸਾਨੂੰ ਕੀ ਦੇ ਕੇ ਚੱਲੇ ਹੋ?

# ਕੇਂਦਰੀ ਮੰਤਰੀ ਮੰਡਲ 'ਚ ਕਰੋੜਪਤੀ 'ਤੇ ਅਪਰਾਧੀ?



ਜਸਵੰਤ ਸਿੰਘ 'ਅਜੀਤ'
91-95827-198 90

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਵਲੋਂ ਬੀਤੇ ਦਿਨੀਂ ਆਪਣੇ ਮੰਤਰੀ ਮੰਡਲ ਵਿੱਚ ਜੋ ਵਿਸਥਾਰ ਅਤੇ ਫੇਰ-ਬਦਲ ਕੀਤਾ ਗਿਆ ਹੈ, ਉਸ ਅਨੁਸਾਰ ਪੰਜ ਮੰਤਰੀਆਂ ਨੂੰ ਮੰਤਰੀ ਮੰਡਲ ਵਿਚੋਂ ਬਾਹਰ ਦਾ ਰਸਤਾ ਵਿਖਾਏ ਜਾਣ ਅਤੇ 29 ਨਵਿਆਂ ਨੂੰ ਰਾਜ-ਮੰਤਰੀ ਵਜੋਂ ਸ਼ਾਮਲ ਕਰ ਲਏ ਜਾਣ ਨਾਲ, ਕੇਂਦਰੀ ਮੰਤਰੀ ਮੰਡਲ ਦੇ ਮੈਂਬਰਾਂ ਦੀ ਗਿਣਤੀ 78 ਹੋ ਗਈ ਹੈ। ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮਸ (ਏਡੀਆਰ) ਅਨੁਸਾਰ ਨਵੇਂ ਮੰਤਰੀਆਂ ਦੀ ਔਸਤ ਐਲਾਨੀ ਸੰਪਤੀ (ਜਾਇਦਾਦ) 8.13 ਕਰੋੜ ਰੁਪਏ ਹੈ, ਜਦਕਿ ਸਮੁਚੇ ਰੂਪ ਵਿੱਚ ਮੰਤਰੀ ਮੰਡਲ ਦੇ ਮੈਂਬਰਾਂ ਦੀ ਔਸਤ ਐਲਾਨੀ ਸੰਪਤੀ 12.94 ਕਰੋੜ ਰੁਪਏ ਬਣਦੀ ਹੈ। ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਕੀਤੇ ਗਏ ਨਵੇਂ ਮੰਤਰੀਆਂ ਵਿਚੋਂ, ਮੱਧ ਪ੍ਰਦੇਸ਼ ਤੋਂ ਰਾਜਸਭਾ ਦੇ ਮੈਂਬਰ ਐਮ ਜੇ ਅਕਬਰ, ਜੋ ਪਹਿਲਾਂ ਕਾਂਗ੍ਰਸ ਵਿੱਚ ਸਨ, ਪਾਸ ਨਵੇਂ ਸ਼ਾਮਲ ਕੀਤੇ ਮੰਤਰੀਆਂ ਵਿਚੋਂ ਸਭ ਤੋਂ ਵੱਧ ਐਲਾਨੀ ਸੰਪਤੀ 44.90 ਕਰੋੜ ਰੁਪਏ ਹੈ, ਜਦਕਿ ਦੂਸਰੇ ਨੰਬਰ ਤੇ ੩੫.੩੫ ਕਰੋੜ ਰੁਪਏ ਦੀ ਐਲਾਨੀ ਸੰਪਤੀ ਨਾਲ ਪੀਪੀ ਚੌਧਰੀ ਅਤੇ ਤੀਸਰੇ ਨੰਬਰ ਤੇ 29.9 ਕਰੋੜ ਰੁਪਏ ਦੀ ਐਲਾਨੀ ਸੰਪਤੀ ਨਾਲ ਵਿਜੈ ਗੋਇਲ ਹਨ। ਇਨ੍ਹਾਂ 19 ਮੰਤਰੀਆਂ ਵਿੱਚ 9 ਮੰਤਰੀ ਅਜਿਹੇ ਹਨ, ਜਿਨ੍ਹਾਂ ਦੀ ਐਲਾਨੀ ਸੰਪਤੀ ੩੦-੩੦ ਕਰੋੜ ਰੁਪਏ ਹੈ। ਅਰੁਣ ਜੇਤਲੀ ਪਾਸ 113 ਕਰੋੜ ਰੁਪਏ, ਹਰਸਿਮਰਤ ਕੌਰ ਪਾਸ 108 ਕਰੋੜ ਰੁਪਏ ਅਤੇ ਪੀਯੂਸ਼ ਗੋਇਲ ਪਾਸ 95 ਕਰੋੜ ਰੁਪਏ ਦੀ ਐਲਾਨੀ ਸੰਪਤੀ ਹੈ।

ਅਪਰਾਧਕ ਮਾਮਲੇ : ਇਥੇ ਇਹ ਗਲ ਜ਼ਿਕਰ-ਯੋਗ ਹੈ ਕਿ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਕੀਤੇ ਗਏ ਨਵੇਂ ਮੰਤਰੀਆਂ ਵਿਚੋਂ 7 ਨੇ ਸਵੀਕਾਰ ਕੀਤਾ ਹੈ ਕਿ ਉਨ੍ਹਾਂ ਵਿਰੁਧ ਅਪਰਾਧਕ ਮਾਮਲੇ ਦਰਜ ਹਨ। ਇਸਤਰ੍ਹਾਂ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ 78 ਮੰਤਰੀਆਂ ਵਿੱਚ ੨੪ ਅਜਿਹੇ ਮੰਤਰੀ ਹੋ ਗਏ ਹਨ, ਜਿਨ੍ਹਾਂ ਦੇ ਵਿਰੁਧ ਅਪਰਾਧਕ ਮਾਮਲੇ ਦਰਜ ਹਨ। ਇਹ ਵੀ ਚਰਚਾ ਹੈ ਕਿ ਭਾਜਪਾ ਸਾਂਸਦਾਂ ਵਿੱਚ 60 ਸਾਂਸਦ ਤੋਂ ਵੱਧ ਅਜਿਹੇ ਸਾਂਸਦ ਹਨ, ਜਿਨ੍ਹਾਂ ਵਿਰੁਧ ਅਪਰਾਧਕ ਮਾਮਲੇ ਦਰਜ ਹਨ। ਮੰਤਰੀ ਮੰਡਲ ਦੇ 78 ਮੰਤਰੀਆਂ ਵਿੱਚੋਂ ੧੪ ਮੰਤਰੀ ਬਾਰ੍ਹਵੀਂ ਪਾਸ ਜਾਂ ਇਸਤੋਂ ਘਟ ਪੜ੍ਹੇ ਹੋਏ ਹਨ, ਜਦਕਿ 63 ਮੰਤਰੀ ਗ੍ਰੈਜੁਏਟ ਜਾਂ ਇਸਤੋਂ ਵੱਧ ਪੜ੍ਹੇ ਹੋਏ ਹਨ।

ਦਾਅਵਾ ਬਨਾਮ ਸੱਚਾਈ : ਆਮ ਤੋਰ ਤੇ ਕੇਂਦਰੀ ਮੰਤਰੀ ਮੰਡਲ ਵਿੱਚ ਸ਼ਾਮਲ ਭਾਜਪਾ ਅਤੇ ਸਹਿਯੋਗੀ ਪਾਰਟੀਆਂ ਦੇ ਆਗੂਆਂ ਵਲੋਂ ਸਮੇਂ-ਸਮੇਂ ਇਹ ਦਾਅਵਾ ਕੀਤਾ ਜਾਂਦਾ ਰਹਿੰਦਾ ਹੈ ਕਿ ਵਿਰੋਧੀਆਂ ਵਲੋਂ ਨਰੇਂਦਰ ਮੋਦੀ ਪੁਰ ਜੋ ਇਹ ਦੋਸ਼ ਲਾਇਆ ਜਾਂਦਾ ਹੈ ਕਿ ਉਨ੍ਹਾਂ ਦੇ ਮੰਤਰੀਆਂ ਨੂੰ ਆਪੋ-ਆਪਣੇ ਵਿਭਾਗ ਨਾਲ ਸੰਬੰਧਤ ਕੰਮ-ਕਾਜ ਸੁਤੰਤਰ ਰੂਪ ਵਿੱਚ ਕਰਨ ਦਾ ਕੋਈ ਅਧਿਕਾਰ ਨਹੀਂ, ਬਿਲਕੁਲ ਗਲਤ ਤੇ ਬੇਬੁਨਿਆਦ ਹੈ, ਹਰ ਮੰਤਰੀ ਸੁਤੰਤਰ ਰੂਪ ਵਿੱਚ ਆਪਣੇ ਵਿਭਾਗ ਦੇ ਕੰਮ-ਕਾਜ ਨੂੰ ਵੇਖ ਰਿਹਾ ਹੈ। ਪ੍ਰਧਾਨ ਮੰਤਰੀ ਦਾ ਉਨ੍ਹਾਂ ਦੇ ਕੰਮ-ਕਾਜ ਵਿੱਚ ਕੋਈ ਦਖਲ ਨਹੀਂ। ਉਨ੍ਹਾਂ ਦਾ ਜੇ ਕੋਈ ਦਖਲ ਹੈ ਵੀ ਤਾਂ ਬਸ ਇਤਨਾ ਕਿ ਉਹ ਕੇਵਲ ਸਮੇਂ-ਸਮੇਂ ਉਨ੍ਹਾਂ ਦੇ ਕੰਮ-ਕਾਜ ਦੀ ਰਿਪੋਰਟ ਲੈਂਦੇ ਰਹਿੰਦੇ ਹਨ।

ਇਸਦੇ ਵਿਰੁੱਧ ਇਨ੍ਹਾਂ ਦਿਨਾਂ ਵਿੱਚ ਇੱਕ ਕਾਲਮ ਲੇਖਕ ਤ੍ਰਿਦੇਵ ਰਮਣ ਨੇ ਆਪਣੇ ਕਾਲਮ ਵਿੱਚ ਕੁਝ ਅਜਿਹੀਆਂ ਖਬਰਾਂ ਦਾ ਜ਼ਿਕਰ ਕੀਤਾ ਹੈ, ਜੋ ਉਹ ਉਪ੍ਰੋਕਤ ਦਾਅਵਿਆਂ ਪੁਰ ਪ੍ਰਸ਼ਨ-ਚਿੰਨ੍ਹ ਲਾ ਦਿੰਦੀਆਂ ਹਨ। ਇਨ੍ਹਾਂ ਵਿੱਚ ਇੱਕ ਅਜਿਹੀ ਖਬਰ ਦਾ ਜ਼ਿਕਰ ਕੀਤਾ ਗਿਆ ਹੈ, ਜਿਸ ਵਿੱਚ ਦਸਿਆ ਗਿਆ ਹੈ ਕਿ ਬੀਤੇ ਦਿਨੀਂ ਕੇਂਦਰੀ ਵਣਜ ਮੰਤਰੀ ਨਿਰਮਲਾ ਸੀਤਾਰਮਣ ਦੇ ਵਿਭਾਗੀ ਸਕਤੱਰ ਨੂੰ ਪੀਐਮਓ ਤੋਂ ਫੋਨ ਆਇਆ ਕਿ ਉਸ ਨਾਲ ਪੀਐਮ ਗਲ ਕਰਨਗੇ। ਦਸਿਆ ਗਿਆ ਹੈ ਕਿ ਇਸ ਗਲਬਾਤ ਦੌਰਾਨ ਪੀਐਮ ਨੇ ਸਕਤੱਰ ਪਾਸੋਂ ਉਸਦੇ ਵਿਭਾਗ ਨਾਲ ਸੰਬੰਧਤ ਕਈ ਮਹੱਤਵਪੂਰਣ ਮਾਮਲਿਆਂ ਬਾਰੇ ਪੁੱਛ-ਪੜਤਾਲ ਕੀਤੀ ਅਤੇ ਫਿਰ ਫੋਨ ਰਖਦਿਆਂ-ਰਖਦਿਆਂ ਇਹ ਵੀ ਕਿਹਾ ਕਿ 'ਕਦੀ ਅਉਂਦਾ ਹਾਂ, ਤੁਹਾਡੇ ਵਿਭਾਗ ਵਿੱਚ'। ਪ੍ਰਧਾਨ ਮੰਤਰੀ ਦੇ ਫੋਨ ਰਖਦਿਆਂ ਹੀ, ਸਕੱਤਰ ਸਾਹਿਬ ਦੌੜੇ-ਦੌੜੇ ਆਪਣੇ ਵਿਭਾਗ ਦੇ ਮੰਤਰੀ ਪਾਸ ਜਾ ਪੁਜੇ ਤੇ ਉਸਨੂੰ ਸਾਰੀ ਗਲ ਜਾ ਦਸੀ। ਦਸਿਆ ਗਿਆ ਹੈ ਕਿ ਸਾਰੀ ਗਲ ਸੁਣ ਨਿ-ਰਮਲਾ ਸੀਤਾਰਮਣ ਹੈਰਾਨ ਰਹਿ ਗਈ ਅਤੇ ਉਸਨੂੰ ਇਹ ਜਾਣ ਕੇ ਕਿੱਤੇ ਹੋਰ ਵੀ ਵਧੇਰੇ ਹੈਰਾਨੀ ਹੋਈ ਕਿ ਪ੍ਰਧਾਨ ਮੰਤਰੀ ਨੇ ਆਪ ਉਨ੍ਹਾਂ ਦੇ ਦਫਤਰ ਆਉਣ ਦੀ ਗਲ ਕਹੀ ਹੈ। ਕਿਹਾ ਜਾਂਦਾ ਹੈ ਕਿ ਜਦੋਂ ਮੰਤਰੀ ਨਿਰਮਲਾ ਸੀਤਾਰਮਣ ਤੋਂ ਰਿਹਾ ਨਾ ਗਿਆ ਤਾਂ ਉਨ੍ਹਾਂ ਤੁਰੰਤ ਪੀਐਮਓ ਨੂੰ ਫੋਨ ਲਾ ਦਿੱਤਾ ਅਤੇ ਇਹ ਜਾਣਨਾ ਚਾਹਿਆ ਕਿ ਪ੍ਰਧਾਨ ਮੰਤਰੀ ਉਨ੍ਹਾਂ ਦੇ ਵਿਭਾਗ ਦਾ ਕਦੋਂ ਵਿਜ਼ਿਟ ਕਰਨ ਵਾਲੇ ਹਨ? ਜਵਾਬ ਵਿੱਚ ਉਨ੍ਹਾਂ ਨੂੰ ਦਸਿਆ ਗਿਆ ਕਿ ਪੀਐਮ ਕਹਿ ਰਹੇ ਹਨ ਕਿ ਇਹ ਵਿਭਾਗ ਦੇ ਸਕੱਤਰ ਤੇ ਉਨ੍ਹਾਂ ਦੀ ਆਪਸੀ ਗਲਬਾਤ ਹੈ, ਇਸ ਨਾਲ ਮੰਤਰੀ ਦਾ ਕੋਈ ਲੈਣਾ-ਦੇਣਾ ਨਹੀਂ।

ਇਸੇਤਰ੍ਹਾਂ ਉਨ੍ਹਾਂ ਇੱਕ ਹੋਰ ਘਟਨਾ ਦਾ ਜ਼ਿਕਰ ਕੀਤਾ, ਜਿਸ ਅਨੁਸਾਰ ਉਮਾ ਭਾਰਤੀ ਦੇ ਵਿਭਾਗ ਦੇ ਸਕੱਤਰ ਨੂੰ ਵੀ ਪੀਐਮਓ ਤੋਂ ਫੋਨ ਆਇਆ ਤੇ ਉਸਨੂੰ ਪੀਐਮਓ ਨੇ ਆਪਣੇ ਪਾਸ ਤਲਬ ਕਰ ਲਿਆ, ਜਿਥੇ ਸਕੱਤਰ ਦੀ ਪ੍ਰਧਾਨ ਮੰਤਰੀ ਨਾਲ ਰੂ-ਬ-ਰੂ ਲੰਮੀ ਤੇ ਵਿਸਥਾਰ ਨਾਲ ਗਲਬਾਤ ਹੋਈ। ਜਾਣਕਾਰ ਹਲਕਿਆਂ ਅਨੁਸਾਰ ਜਦੋਂ ਸਕੱਤਰ ਸਾਹਿਬ ਪ੍ਰਧਾਨ ਮੰਤਰੀ ਨਾਲ ਗਲਬਾਤ ਕਰ ਵਾਪਸ ਆਪਣੇ ਵਿਭਾਗ ਪੁਜੇ, ਉਮਾ ਭਾਰਤੀ ਉਨ੍ਹਾਂ ਦਾ ਬੜੀ ਹੀ ਬੇਸਬਰੀ ਨਾਲ ਇੰਤਜ਼ਾਰ ਕਰ ਰਹੀ ਸੀ। ਦਫਤਰ ਪੁਜਦਿਆਂ ਹੀ ਉਮਾ ਭਾਰਤੀ ਨੇ ਉਸਨੂੰ ਆਪਣੇ ਕਮਰੇ ਵਿੱਚ ਤਲਬ ਕਰ, ਇਹ ਜਾਣਨਾ ਚਾਹਿਆ ਕਿ ਪ੍ਰਧਾਨ ਮੰਤਰੀ ਨਾਲ ਉਸਦੀ ਕੀ ਗਲਬਾਤ ਹੋਈ ਹੈ। ਦਸਿਆ ਗਿਐ ਕਿ 'ਚਤੁਰ' ਸਕੱਤਰ ਨੇ ਸਾਰੇ ਮਾਮਲੇ ਨੂੰ ਗੋਲਮੋਲ ਕਰ ਕੇ ਜਵਾਬ ਦੇ ਮੰਤਰੀ ਨੂੰ ਸੰਤੁਸ਼ਟ ਕਰ ਦਿੱਤਾ।

ਇਸੇਤਰ੍ਹਾਂ ਦੀ ਇੱਕ ਹੋਰ ਘਟਨਾ ਕੇਂਦਰੀ ਮੰਤਰੀ ਰਾਮ ਵਿਲਾਸ ਪਾਸਵਾਨ ਨਾਲ ਹੋਣ ਦਾ ਵੀ ਜ਼ਿਕਰ ਕੀਤਾ ਗਿਆ। ਉਹ ਇਸਤਰ੍ਹਾਂ ਕਿ ਇੱਕ ਦਿਨ ਉਨ੍ਹਾਂ ਦੇ ਵਿਭਾਗ ਦੇ ਸਕੱਤਰ ਨੇ ਉਨ੍ਹਾਂ ਨੂੰ ਦਸਿਆ ਕਿ ਉਸਦੀ ਪ੍ਰਧਾਨ ਮੰਤਰੀ ਨਾਲ ਵਿਭਾਗੀ ਮਾਮਲਿਆਂ ਨਾਲ ਸੰਬੰਧਤ ਲੰਮੀ ਗਲਬਾਤ ਹੋਈ ਹੈ। ਦਸਿਆ ਜਾਂਦਾ ਹੈ ਕਿ ਰਾਜਨੀਤੀ ਦੇ ਮਾਹਿਰ ਖਿਡਾਰੀ ਰਾਮ ਵਿਲਾਸ ਪਾਸਵਾਨ ਨੇ ਇਹ ਆਖ ਉਸਨੂੰ ਹੈਰਾਨ ਕਰ ਦਿਤਾ ਕਿ ਉਸਨੂੰ ਪਤਾ ਹੈ। ਕੈਬੀਨੱਟ ਮੀਟਿੰਗ ਤੋਂ ਬਾਅਦ ਜਦੋਂ ਅਸੀਂ ਕਮਰੇ ਤੋਂ ਬਾਹਰ ਨਿਕਲੇ ਤਾਂ ਪ੍ਰਧਾਨ ਮੰਤਰੀ ਨੇ ਚਲਦਿਆਂ-ਚਲਦਿਆਂ ਦਸਿਆ ਸੀ ਕਿ ਉਹ ਅਗਲੇ ਕੁਝ ਦਿਨਾਂ ਵਿੱਚ ਤੇਰੇ ਨਾਲ ਗਲ ਕਰਨ ਵਾਲੇ ਹਨ। ਦਸਿਆ ਜਾਂਦਾ ਹੈ ਕਿ ਪਾਸਵਾਨ ਨੇ ਸਕੱਤਰ ਪਾਸੋਂ ਇਹ ਪੁਛਣ ਦੀ ਵੀ ਲੋੜ ਨਹੀਂ ਸਮਝੀ ਕਿ ਉਸ ਨਾਲ ਪ੍ਰਧਾਨ ਮੰਤਰੀ ਦੀ ਕੀ ਗਲ ਹੋਈ ਹੈ।

ਗਲ ਕਸ਼ਮੀਰ ਦੀ : ਕਸ਼ਮੀਰ ਦੀ ਸਮੱਸਿਆ ਇਤਨੀ ਬੁਰੀ ਤਰ੍ਹਾਂ ਉਲਝ ਗਈ ਹੈ, ਕਿ ਹੁਣ ਤਾਂ ਲੋਕੀ ਇਸ ਸਮੱਸਿਆ ਦਾ ਜ਼ਿਕਰ 'ਕਸ਼ਮੀਰ' ਕਹਿ ਕੇ ਹੀ ਕਰਨ ਲਗੇ ਹਨ। ਰਾਜਸੀ ਟਿੱਪਣੀਕਾਰਾਂ ਅਨੁਸਾਰ ਇਹ ਗਲ ਕਿਸੇ ਹਦ ਤਕ ਠੀਕ ਵੀ ਹੈ। ਹੁਣ ਤਾਂ ਇਹ ਵੀ ਮੰਨਿਆ ਜਾਣ ਲਗਾ ਹੈ ਕਿ ਇਸ ਸਮੱਸਿਆ ਸੰਬੰਧੀ ਗਲ ਕਰਨ ਲਈ ਸਰਕਾਰ ਪਾਸ ਕੋਈ ਅਜਿਹਾ ਚਿਹਰਾ ਵੀ ਨਹੀਂ ਰਹਿ ਗਿਆ ਹੋਇਆ, ਜਿਸ ਪੁਰ ਕਸ਼ਮੀਰ ਦੇ ਲੋਕੀ ਵਿਸ਼ਵਾਸ ਕਰ ਸਕਣ। ਇੱਕ ਰਾਜਸੀ ਸਜਣ ਨੇ ਇਸ ਸੰਬੰਧੀ ਗਲ ਕਰਦਿਆਂ ਇੱਕ ਘਟਨਾ ਦਾ ਜ਼ਿਕਰ ਕਰਦਿਆਂ ਦਸਿਆ ਕਿ ਗਲ ਉਸ ਸਮੇਂ ਦੀ ਹੈ, ਜਦੋਂ ਵੀਪੀ ਸਿੰਘ ਦੀ ਸਰਕਾਰ ਸੀ। ਉਨ੍ਹਾਂ ਦੀ ਸਰਕਾਰ ਵਿੱਚ ਚੌਧਰੀ ਦੇਵੀਲਾਲ ਉਪ-ਪ੍ਰਧਾਨ ਮੰਤਰੀ ਸਨ। ਚੌਧਰੀ ਦੇਵੀਲਾਲ ਦੀ ਅਗਵਾਈ ਵਿੱਚ ਇੱਕ ਸਰਬ-ਪਾਰਟੀ ਪ੍ਰਤੀਨਿਧੀ ਮੰਡਲ ਕਸ਼ਮੀਰ ਗਿਆ ਸੀ। ਕਸ਼ਮੀਰ ਦੇ ਰਾਜਪਾਲ ਜਗਮੋਹਨ ਸਨ। ਫੌਜ ਦੇ ਸੁਰਖਿਆ ਘੇਰੇ ਵਿੱਚ ਸਰਕਟ ਹਾਊਸ ਵਿੱਚ ਗਲਬਾਤ ਸ਼ੁਰੂ ਹੋਈ। ਦਸਿਆ ਗਿਆ ਕਿ ਗਲਬਾਤ ਸ਼ੁਰੂ ਹੁੰਦਿਆਂ ਹੀ ਜਗਮੋਹਨ ਨੂੰ ਜਾਰਜ ਫਰਨਾਂਡੀਜ਼ ਪਾਸੋਂ ਡਾਂਟ ਪੈ ਗਈ। ਕਾਰਣ ਇਹ ਸੀ ਕਿ ਇੱਕ ਤਾਂ ਬੈਠਕ ਦਾ ਪ੍ਰਬੰਧ ਫੌਜ ਦੇ ਘੇਰੇ ਵਿੱਚ ਕੀਤਾ ਗਿਆ, ਦੂਸਰਾ ਉਹ ਪ੍ਰੋਟੋਕੋਲ ਨੂੰ ਅਣਗੋਲਿਆਂ ਕਰ ਰਾਜੀਵ ਗਾਂਧੀ ਨੂੰ ਬਹੁਤੀ ਮਹਤੱਤਾ ਦੇ ਰਹੇ ਸਨ। ਜਾਰਜ ਨੇ ਜਗਮੋਹਨ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਉਪ-ਪ੍ਰਧਾਨ ਮੰਤਰੀ ਦੀ ਅਗਵਾਈ ਵਿੱਚ ਉਹ ਇੱਥੇ (ਕਸ਼ਮੀਰ) ਆਏ ਹਨ। ਇਸ ਸਜਣ ਨੇ ਹੋਰ ਦਸਿਆ ਕਿ ਬੈਠਕ ਅਜੇ ਚਲ ਹੀ ਰਹੀ ਸੀ ਕਿ ਜਾਰਜ ਫਰਨਾਂਡੀਜ਼ ਬੈਠਕ ਵਿਚੋਂ ਬਿਨਾਂ ਦਸੇ ਖਿਸਕ ਗਏ ਅਤੇ ਇੱਕ ਮਸਜਿਦ, ਜਿੱਥੇ ਅੱਤਵਾਦੀਆਂ ਦੀ ਮੀਟਿੰਗ ਚਲ ਰਹੀ ਸੀ, ਵਿੱਚ ਜਾ ਪੁਜੇ। ਇੱਕਲੇ, ਨਿਹੱਥੇ ਅਤੇ ਬਿਨਾਂ ਕਿਸੇ ਡਰ-ਭਉ ਦੇ ਪੁਜੇ ਜਾਰਜ ਨੂੰ ਵੇਖਦਿਆਂ ਮੀਟਿੰਗ ਕਰ ਰਹੇ

(ਬਾਕੀ ਸਫਾ 18 ਤੇ)









ਜੈ ਭੀਮ — ਜੈ ਕਾਂਸ਼ੀ ਰਾਮ

# ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ ਬਹੁਜਨ ਸਮਾਜ ਪਾਰਟੀ ਦੇ ਸਮਰਥਕਾਂ ਦੀ ਵਿਸ਼ਾਲ ਮੀਟਿੰਗ

**ਮਿਤੀ 6 ਅਗਸਤ, 2016, ਦੁਪਹਿਰ 2 ਤੋਂ 5 ਵਜੇ ਤੱਕ**

## 378 ਅਟਲਾਂਟਿਕ ਐਵੇਨਿਊ, ਪਿਟਸਬਰਗ (ਕੈਲੇਫੋਰਨੀਆ) 94565 ਵਿਖੇ

**ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ ਬਹੁਜਨ ਸਮਾਜ ਪਾਰਟੀ ਦੇ 'ਮਿਸ਼ਨ ਪੰਜਾਬ ਵਿਧਾਨ ਸਭਾ 2017' ਦਾ ਭਰਪੂਰ ਸਮਰਥਨ**

*ਸਰਵਜਨ ਹਿਤਾਏ*
*ਸਰਵਜਨ ਸੁਖਾਏ*

ਮਹਾਤਮਾ ਜੋਤੀਬਾ ਰਾਓ ਫੂਲੇ ਜੀ, ਛੱਤਰਪਤੀ ਸ਼ਾਹੂ ਜੀ ਮਹਾਰਾਜ, ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਅਤੇ ਗੁਰੂ ਸਾਹਿਬਾਨ ਦੀ ਬਰਾਬਰਤਾ ਦੀ ਵਿਚਾਰਧਾਰਾ ਨੂੰ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਬਹੁਜਨ ਸਮਾਜ ਪਾਰਟੀ ਬਣਾ ਕੇ ਭਾਰਤ ਵਰਸ਼ ਦੇ ਵਿਚ ਸੰਘਰਸ਼ ਕੀਤਾ ਤਾਂ ਜੋ ਬਹੁਜਨ ਸਮਾਜ ਦੇ ਲੋਕ ਦੇਸ਼ ਦਾ ਰਾਜ ਭਾਗ ਆਪਣੇ ਹੱਥਾਂ ਵਿਚ ਲੈ ਕੇ ਹਜ਼ਾਰਾਂ ਸਾਲਾਂ ਤੋਂ ਗਲ਼ ਪਈ ਗੁਲਾਮੀ ਤੋਂ ਛੁਟਕਾਰਾ ਪਾ ਸਕਣ। ਇਸ ਵਿਚਾਰਧਾਰਾ ਨੂੰ ਅੱਗੇ ਵਧਾਉਂਦੇ ਹੋਏ ਅਤੇ ਮਿਸ਼ਨ 2017 ਦੀ ਕਾਮਯਾਬੀ ਵਾਸਤੇ ਇੰਟਰਨੈਸ਼ਨਲ ਬਹੁਜਨ ਆਰਗੇਨਾਈਜੇਸ਼ਨ ਕੈਲੇਫੋਰਨੀਆ ਵੱਲੋਂ ਬਹੁਜਨ ਸਮਾਜ ਦੇ ਸਮਰਥਕਾਂ ਦੀ ਇਕ ਹੰਗਾਮੀ ਮੀਟਿੰਗ, 378 Atlantic Ave. Pittsburg. CA 94565 ਵਿਖੇ ਸਨਿਚਰਵਾਰ, ਅਗਸਤ 6, 2016 ਨੂੰ ਦੁਪਹਿਰ 2 ਤੋਂ 5 ਵਜੇ ਤੱਕ ਕੀਤੀ ਜਾ ਰਹੀ ਹੈ।

**ਹੋਰ ਜਾਣਕਾਰੀ ਲਈ ਕਾਲ ਕਰੋ**

**925-642-6122, 925-303-6606, 925-759-0398, 925-431-9290**





# Teeyan Da Mela

## Punjabi Multicultural Pittsburg, CA

**Saturday, August 13, 2016**
**Time : 1:00 PM - 5:00 PM**

**Location: Pittsburg Senior Community Center (300 Presido Lane, Pittsburg, CA 94565)**

**Performances: Bhangra, Gidha, DJ, Hip-Hop, Bollywood and much more!**

**Entry Fee: $5**
**Children 5 and under are free!**

**A Ladies and children event only**

**Contact**

Kashmir Kaur - 925-329-9835
Balvir Kaur - 925-864-3855
Ruby Raju - 925-550-1088 or 925-642-5953

IF YOU OR ANYONE ELSE WOULD LIKE TO PARTICIPATE IN A PERFORMANCE OR STALL PLEASE CONTACT US BEFORE JULY 31st



# YOU ARE INVITED

## Participate in the India Day Parade

# Float of Dr. B.R. Ambedkar

(Author of the Indian Constitution)



CELEBRATING

# INDEPENDENCE DAY OF INDIA




**Sunday,
August 14, 2016
10:00 AM to 1:00 PM**

**39439 Paseo Padre Parkway Fremont CA**

# ਸ੍ਰੀ ਅਨੰਤ ਰਾਮ ਜੀ ਦੀ ਪਹਿਲੀ ਬਰਸੀ ਮਨਾਈ ਗਈ

## ਰਾਗੀ ਜਥਿਆਂ ਵੱਲੋਂ ਰਸਭਿੰਨਾ ਸ਼ਬਦ ਗਾਇਨ ਤੇ ਬੁਲਾਰਿਆਂ ਵੱਲੋਂ ਭਰਪੂਰ ਸ਼ਰਧਾਂਜਲੀਆਂ ਅਰਪਿਤ







ਤਸਵੀਰਾਂ: ਪ੍ਰੇਮ ਕੁਮਾਰ ਚੁੰਬਰ (ਦੇਸ਼ ਦੁਆਬਾ)
















**ਪਿਟਸਬਰਗ (ਡੀ. ਡੀ. ਬੀ.)–** ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ, ਗੁਰੂ ਘਰ ਦੇ ਜਨਰਲ ਸਕੱਤਰ ਸ੍ਰੀ ਦਿਲਬਾਗ ਸਿੰਘ ਦੇ ਪਿਤਾ ਸਵਰਗੀ ਸ੍ਰੀ ਅਨੰਤ ਰਾਮ ਜੀ ਦੀ ਪਹਿਲੀ ਬਰਸੀ ਲੰਘੇ ਐਤਵਾਰ 31 ਜੁਲਾਈ ਨੂੰ ਮਨਾਈ ਗਈ। ਇਸ ਮੌਕੇ ਸੁਖਮਨੀ ਸਾਹਿਬ ਜੀ ਦੇ ਪਾਠ ਪੜ੍ਹੇ ਗਏ ਤੇ ਵੱਖ ਵੱਖ ਰਾਗੀ ਜਥਿਆਂ ਆਦਿ ਨੇ ਰਸਭਿੰਨਾ ਗੁਰਬਾਣੀ ਸ਼ਬਦ ਗਾਇਨ ਕੀਤਾ, ਜਿਹਨਾਂ ਵਿਚ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਪ੍ਰਕਾਸ਼ ਸਿੰਘ ਜੀ ਤੇ ਰਾਗੀ ਜਥਾ ਭਾਈ ਗੁਰਨਾਮ ਸਿੰਘ ਤੇ ਭਾਈ ਓਮਪਾਲ ਸਿੰਘ ਜੀ ਲੁਧਿਆਣੇ ਵਾਲੇ, ਭਾਈ ਸਵੇਗ ਸਿੰਘ ਜੀ ਸੈਨਹੋਜ਼ੇ ਤੋਂ ਤੇ ਉਹਨਾਂ ਦਾ ਜਥਾ, ਲਿਵਰਮੋਰ ਤੋਂ ਭਾਈ ਜੋਗਾ ਸਿੰਘ ਜੀ ਤੇ ਸਾਥੀ ਆਦਿ ਤੋਂ ਇਲਾਵਾ ਭਾਈ ਚਰਨ ਸਿੰਘ, ਜਸਵਿੰਦਰ ਮਹਾਜਨ, ਰਾਮ ਆਸਰਾ ਪੰਜਾਬ ਤੋਂ ਤੇ ਬੀਬੀ ਕਮਲਜੀਤ ਕੌਰ ਤੇ ਬੀਬੀ ਸੁਰਿੰਦਰ ਕੌਰ ਆਦਿ ਦੇ ਨਾਂ ਵਰਣਨਯੋਗ ਹਨ।

ਬੁਲਾਰਿਆਂ ਵਜੋਂ ਜਿਹਨਾਂ ਸਵਰਗੀ ਸ੍ਰੀ ਅਨੰਤ ਰਾਮ ਜੀ ਨੂੰ ਸ਼ਰਧਾਂਜਲੀ ਭੇਂਟ ਕਰਦਿਆਂ ਉਹਨਾਂ ਦੇ ਜੀਵਨ ਪ੍ਰਤੀ ਚਾਨਣਾ ਪਾਇਆ ਉਹਨਾਂ ਵਿਚ ਸਰਵਸ਼੍ਰੀ ਓ. ਪੀ. ਬਾਲੀ ਜੀ, ਨਰਿੰਦਰਪਾਲ ਸਿੰਘ ਨੂਰੀ, ਅਭਿਸ਼ੇਕ ਪਾਲ ਨਾਰੇਬੱਟ ਤੇ ਸ੍ਰੀ ਦਿਲਬਾਗ ਸਿੰਘ ਆਦਿ ਦੇ ਨਾਂ ਵਰਣਨਯੋਗ ਹਨ। ਪਰਿਵਾਰਕ ਤੇ ਬੁਲਾਰਿਆਂ ਮੁਤਾਬਕ ਸਵਰਗੀ ਸ੍ਰੀ ਆਤਮਾ ਰਾਮ ਜੀ ਇਕ ਪੜ੍ਹੇ-ਲਿਖੇ ਤੇ ਨੇਕ ਸੁਭਾਅ ਦੇ ਧਨੀ ਸਨ। ਹਮੇਸ਼ਾ ਹਸਮੁਖ ਦਿਖਾਈ ਦਿੰਦੇ ਸਨ।

ਆਪ ਅਲੱਗ-ਅਲੱਗ ਪੋਸਟਾਂ ਤੋਂ ਹੁੰਦੇ ਹੋਏ ਅਖੀਰ ਸੈਂਟਰਲ ਕੋਆਰਪਰੇਟਿਵ ਬੈਂਕ ਤੋਂ ਬਤੌਰ ਮੈਨੇਜਰ ਸੇਵਾ-ਮੁਕਤ ਹੋਏ। ਇਸ ਤੋਂ ਪਹਿਲਾਂ ਆਪ ਧਾਰਮਿਕ ਤੇ ਸਮਾਜਿਕ ਰੁਚੀਆਂ ਵਿਚ ਹਮੇਸ਼ਾ ਵੱਧ-ਚੜ੍ਹ ਕੇ ਹਿੱਸਾ ਲੈਂਦੇ ਰਹੇ ਤੇ ਉਪਰੰਤ ਹਲਕੇ 'ਚ ਰਾਜਨੀਤਿਕ ਰੁਚੀਆਂ ਵਿਚ ਵੀ ਸ਼ਮੂਲੀਅਤ ਕਰਦੇ ਰਹੇ। ਆਪ ਜੀ ਦਾ ਪਿਛਲਾ ਪਿੰਡ ਚੱਬੇਵਾਲ, ਜ਼ਿਲ੍ਹਾ ਹੁਸ਼ਿਆਰਪੁਰ ਸੀ। ਆਪ ਸਕੂਲ/ਕਾਲਜ ਵਕਤ ਕਬੱਡੀ, ਭੰਗੜਾ ਤੇ ਜੈਬਲਿੰਗ ਥਰੋ ਆਦਿ 'ਚ ਕਾਫੀ ਦਿਲਚਸਪੀ ਰੱਖਦੇ ਸਨ। ਬੁਲਾਰਿਆਂ ਨੇ ਕਿਹਾ ਕਿ ਸ੍ਰੀ ਅਨੰਤ ਰਾਮ ਜੀ ਦੇ ਜਿਉਂਦੇ ਜੀਅ ਤੋਂ ਲੈ ਕੇ ਹੁਣ ਤੱਕ ਉਹਨਾਂ ਦਾ ਪਰਿਵਾਰ ਗੁਰੂ ਘਰ ਨਾਲ ਜੁੜਿਆ ਹੀ ਨਹੀਂ ਬਲਕਿ ਲੜਕਾ ਦਿਲਬਾਗ ਸਿੰਘ ਜਨਰਲ ਸਕੱਤਰ ਵਜੋਂ ਸੇਵਾ ਨਿਭਾਅ ਰਿਹਾ ਹੈ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਵਰਗੀ ਸ੍ਰੀ ਅਨੰਤ ਰਾਮ ਜੀ ਦੀ ਸੁਪਤਨੀ ਨੂੰ ਸਿਰੋਪਾਓ ਨਾਲ ਸਨਮਾਨਿਤ ਕੀਤਾ ਗਿਆ। ਇਸ ਵਕਤ ਪ੍ਰਬੰਧਕ ਕਮੇਟੀ ਦੇ ਮੈਂਬਰ ਤੇ ਹੋਰ ਭਾਈਚਾਰੇ ਦੇ ਮੈਂਬਰਾਂ ਤੋਂ ਇਲਾਵਾ ਪਰਿਵਾਰ ਦੇ ਮੈਂਬਰ ਵੀ ਹਾਜ਼ਰ ਸਨ। ਇਸ ਉਪਰੰਤ ਪਰਿਵਾਰ ਵੱਲੋਂ ਗੁਰੂ ਦੇ ਅਤੁੱਟ ਲੰਗਰ ਵਰਤਾਏ ਗਏ। ਸਟੇਜ ਦੀ ਸੇਵਾ ਅਗਾਂਹਵਧੂ ਵਿਚਾਰਾਂ ਦੀ ਧਨੀ ਤੇ ਇਕ ਅੱਛਾ ਬੁਲਾਰਾ ਤੇ ਸਮੇਂ-ਸਮੇਂ ਗੁਰੂ ਘਰ 'ਚ ਆਪਣੀਆਂ ਸੇਵਾਵਾਂ ਨਿਭਾਉਣ ਵਾਲੀ ਬੀਬੀ ਜ਼ੀਨਾ ਭਾਟੀਆ ਜੀ ਨੇ ਬਾਖੂਬੀ ਨਿਭਾਈ ਤੇ ਸਮੂਹ ਪਰਿਵਾਰ ਵੱਲੋਂ ਕਮੇਟੀ ਤੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ, ਜਿਹਨਾਂ ਨੂੰ ਇਸ ਮੌਕੇ ਪਰਿਵਾਰ ਨਾਲ ਆਪਣਾਪਣ ਦਿਖਾਇਆ।

ਗੁਰੂ ਘਰ ਦੇ ਅਨਿਨ ਸ਼ਰਧਾਲੂ ਸ੍ਰੀ ਜਗਤਾਰ ਸਿੰਘ ਭਾਟੀਆ ਤੇ ਉਹਨਾਂ ਦੀ ਸੁਪਤਨੀ ਮਿਸਿਜ਼ ਸੁਰਿੰਦਰ ਕੌਰ ਭਾਟੀਆ ਵੱਲੋਂ ਗੁਰੂ ਘਰ ਲਈ ਡਾਲਰ ਕਾਊਂਟ ਕਰਨ ਲਈ ਇਕ ਮਸ਼ੀਨ ਭੇਂਟ ਕੀਤੀ ਗਈ। ਪ੍ਰਧਾਨ ਸ੍ਰੀ ਸੋਮਨਾਥ ਭਾਟੀਆ ਜੀ ਨੇ ਗੁਰੂ ਘਰ ਲਈ ਵੱਧ ਤੋਂ ਵੱਧ ਦਾਨ ਕਰਨ ਲਈ ਬੇਨਤੀ ਕੀਤੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਦੇ ਪਾਠ ਰਖਵਾਏ ਗਏ








**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਬੀਤੀ 31 ਜੁਲਾਈ 2016, ਦਿਨ ਐਤਵਾਰ ਨੂੰ ਬੀਬੀ ਸਮੀਤ ਜੀ ਵੱਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ, ਜਿਸ ਵਿਚ ਸਵੇਰੇ ਸ੍ਰੀ ਸੁਖਮਨੀ ਸਾਹਿਬ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਭਾਈ ਪ੍ਰਿਤਪਾਲ ਸਿੰਘ ਜੀ ਨੇ ਸੰਗਤਾਂ ਨੂੰ ਗੁਰਬਾਣੀ ਕੀਰਤਨ ਦੁਆਰਾ ਨਿਹਾਲ ਕੀਤਾ। ਰਾਮ ਸੇਵਕ ਭਾਟੀਆ ਜੀ ਨੇ ਸਟੇਜ ਸੈਕਟਰੀ ਦੀ ਸੇਵਾ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਸ਼ਿੰਗਾਰਾ ਰਾਮ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

# TANDOOR
## Indian Restaurant

27167 Mission Blvd. Hayward, CA 95544




ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE :**

FISH PAKORE, CHILLI CHICKEN, GOAT KARI, SHAHI PANEER, BUTTER CHICKEN, SWEETS, SNACKS AND MORE SPECIAL ITEMS.



ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

ਮੱਛੀ ਦੇ ਪਕੌੜਿਆਂ ਲਈ ਮਸ਼ਹੂਰ

BUFFET LUNCH 11:00 AM To 3:00 PM

Contact Us:

We are open seven days 11 AM to 10 PM

Ph. 510-885-1212

Fax. 510-885-1532



# AAA
## AUTO AND BODY WORKS

ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।

**We Do Complete Engine Transmission, Body and Paint Work We Sell Used Cars at a Good Price**



Prop: Jasbir Singh Takhar
510-755-2132

Free Estimates
Free Towing

510- 733- 2222

1421 Industrial PKWY West#F Hayward, CA 94544



Harmandeep Singh







# L.A. MERCHANDISE
## Whole Sale +Retail

## ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ

500 N. Palora Ave.
Yuba City, CA 95991

ਇੰਡੀਆ ਤੋਂ Mattres ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ, ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ। ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ, ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇੱਥੋਂ ਖਰੀਦੋ, ਬਾਬਾ ਰਾਮਦੇਵ ਜੀ ਵੱਲੋਂ ਤਿਆਰ ਕੀਤੀਆਂ ਗਈਆਂ ਸਾਰੀਆਂ ਦਵਾਈਆਂ ਸਾਡੇ ਕੋਲ ਮਿਲਦੀਆਂ ਹਨ, ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ, ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।



Baksho Kaur Bisla
Hardev Singh Bisla

**Loose Fabrics, Groceries, Blankets, Vegetables**



Toilet Water Pressure
(Elite 2 Bio Bider)
A budget Friendly solution for your desire to feel exceptionally clean andreduce toilet paper waste
Only $ 39.99+Tax



ਸਿਲਾਈ ਮਸ਼ੀਨਾਂ,ਸਾਗ ਕੱਟਣ ਵਾਲੀਆਂ ਮਸ਼ੀਨਾਂ



ਲਾਈਨਿੰਗ ਅਤੇ ਪੱਗੜੀ ਵਾਸਤੇ ਕੱਪੜਾ
$ 1.79 ਪ੍ਰਤੀ ਗਜ਼



ਮਹਾਰਾਣੀ ਪਤੀਲੇ ਹਰ ਸਾਈਜ਼ (22 ਸੈਂਟੀਮੀਟਰ ਤੋਂ 80 ਸੈਂਟੀਮੀਟਰ ਤੱਕ) ਦੇ ਸਾਡੇ ਕੋਲੋਂ ਘੱਟ ਰੇਟ 'ਤੇ ਖਰੀਦ ਸਕਦੇ ਹੋ।





ਹਰ ਤਰ੍ਹਾਂ ਦੀ ਆਈਸ ਕਰੀਮ, ਰੂਹ ਹਫਜ਼ਾ, ਮੈਂਗੋ ਡ੍ਰਿੰਕ, ਮੈਂਗੋ ਮਾਜ਼ਾ, ਹਰ ਤਰਾਂ ਦਾ ਸੋਡਾ ਡ੍ਰਿੰਕ, ਨੋਨੀ ਜੂਸ, ਹਲਦੀ ਜੂਸ, ਤੁਲਸੀ ਜੂਸ, ਤਰੀਫਲਾ ਜੂਸ, ਜਾਮਨ ਜੂਸ, ਜਾਮਨ-ਕਰੇਲਾ ਹਰਬਲ ਮਿਕਸ ਜੂਸ, ਡਾਬਰ ਸੀਰਪ, ਲਾਉਕੀ ਜੂਸ, ਅਰਜੁਨਾ ਬਾਰਕ ਜੂਸ, ਬਰੁਹਮੀ ਜੂਸ, ਅਲੋਵਰਾ ਜੂਸ, ਆਮਲਾ ਜੂਸ, ਬਿਟਰ ਗਰਾਊਂਡ ਜੂਸ, ਮਾਜ਼ਾ ਗੁਆਵਾ, ਸ਼ਰਬਤ ਰੂਹ ਹਫਜ਼ਾ, ਬਦਾਮ ਡ੍ਰਿੰਕਸ ਮਿਕਸ ਆਦਿ ਹੋਰ ਕਈ ਪ੍ਰਕਾਰ ਦੇ ਜੂਸ ਬਹੁਤ ਹੀ ਘੱਟ ਕੀਮਤ 'ਤੇ ਸਾਡੇ ਕੋਲ ਉਪਲਬਧ ਹਨ। ਦੁੱਧ, ਪਨੀਰ, ਦਹੀਂ, ਮੱਖਣ ਆਦਿ ਅਨੇਕਾਂ ਘਰੇਲੂ ਜ਼ਰੂਰਤਾਂ ਦਾ ਸਮਾਨ ਸਾਡੇ ਕੋਲੋਂ ਖਰੀਦ ਸਕਦੇ ਹੋ।



ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ

Bio Bidet Elite
$ 39.99+Tax
(Smart Loto)

Red Label Tea
900 Gm $ 3.99

**530-671-0439, Fax 530-822-0439 Cell- 530-844-3250**

# 'ਕੀ ਧਰਮਾਂ ਵਿਚ ਚਮਤਕਾਰ ਜ਼ਰੂਰੀ ਹਨ'?



ਪ੍ਰੋ: ਐਚ.ਐਲ.ਕਪੂਰ
001- 916- 587-4002

ਅਜੋਕੇ ਸੰਸਾਰ ਦਾ ਅੱਜ ਵਿਗਿਆਨਕ ਚਿੰਤਨ ਇੰਨਾ ਹੋ ਰਿਹਾ ਹੈ ਕਿ ਮਨੁੱਖ ਦੀ ਸੋਚ ਪਲ-ਪਲ 'ਤੇ ਬਦਲ ਰਹੀ ਹੈ ਪਰ ਫਿਰ ਵੀ ਉਹ ਕਰਾਮਾਤਾਂ ਤੇ ਚਮਤਕਾਰਾਂ ਵਿਚ ਆਪਣਾ ਵਿਸ਼ਵਾਸ ਘੱਟ ਨਹੀਂ ਕਰ ਰਿਹਾ। ਸਾਡੇ ਕੋਲ ਚਾਹੇ ਸੰਤਾਨ ਦੀ ਘਾਟ ਹੋਵੇ, ਪੈਸੇ ਧੇਲੇ ਦੀ ਘਾਟ ਹੋਵੇ, ਮਨੁੱਖ ਨੂੰ ਕਿਸੇ ਲਾਇਲਾਜ ਰੋਗ ਨੇ ਘੇਰ ਲਿਆ ਹੋਵੇ ਜਾਂ ਮਨੁੱਖ ਕਿਸੇ ਸਮਾਜਿਕ ਮੁਸ਼ਕਿਲ ਵਿਚ ਘਿਰ ਗਿਆ ਹੋਵੇ, ਮਨੁੱਖ ਦਾ ਧਿਆਨ ਕਿਸੇ ਚਮਤਕਾਰ ਵੱਲ ਹੀ ਜਾਂਦਾ ਹੈ। ਮਨੁੱਖ ਇਹਨਾਂ ਮੁਸ਼ਕਿਲਾਂ ਲਈ ਕੋਈ ਵਿਗਿਆਨਕ ਹੱਲ ਲੱਭਣ ਦੀ ਬਜਾਏ ਉਸ ਦਾ ਧਿਆਨ ਕਿਸੇ ਸਾਧੂ-ਸੰਤ, ਬਾਬੇ, ਮਹਾਤਮਾ, ਗੁਰੂ-ਪੀਰ, ਤੇ ਔਲੀਏ ਵੱਲ ਜਾਂਦਾ ਹੈ। ਉਹ ਸੋਚਦਾ ਹੈ ਕਿ ਉਹ ਮੁਸ਼ਕਿਲਾਂ ਜਾਂ ਰੋਗ ਇਹਨਾਂ ਬਾਬਿਆਂ ਦੇ ਚਮਤਕਾਰੀ ਆਸ਼ੀਰਵਾਦ ਨਾਲ ਪਲਾਂ ਵਿਚ ਹੀ ਠੀਕ ਹੋ ਜਾਵੇਗਾ ਪਰ ਇੰਝ ਹੁੰਦਾ ਨਹੀਂ ਹੈ।

ਕਰਾਮਾਤ ਅਰਬੀ ਭਾਸ਼ਾ ਦਾ ਸ਼ਬਦ ਹੈ। ਇਸ ਦੇ ਅਰਥ ਹਨ- ਚਮਤਕਾਰ, ਅਲੌਕਿਕ, ਗੈਬੀ-ਸ਼ਕਤੀ, ਕਿਸੇ ਕੰਮ ਨੂੰ ਬੜੀ ਸਫਲਤਾ ਨਾਲ ਕਰਕੇ ਦਿਖਾ ਦੇਣਾ ਆਦਿਕ। ਕੋਈ ਅਜਿਹੀ ਘਟਨਾ ਜਾਂ ਗੱਲ ਜੋ ਕੁਦਰਤ ਦੇ ਅਸੂਲਾਂ ਦੇ ਖ਼ਿਲਾਫ਼ ਹੋਵੇ ਜਾਂ ਇਸ ਦਾ ਨਤੀਜਾ ਨਾ ਹੋਵੇ, ਇਸ ਨੂੰ ਦਲੀਲ ਨਾਲ ਸਮਝਾਇਆ ਨਾ ਜਾ ਸਕੇ, ਜਿਸਦਾ ਆਧਾਰ ਸਿਰਫ਼ ਤੇ ਸਿਰਫ਼ ਅੰਧ-ਵਿਸ਼ਵਾਸ ਹੋਵੇ, ਨੂੰ ਕਰਾਮਾਤ ਜਾਂ ਚਮਤਕਾਰ ਕਿਹਾ ਜਾਂਦਾ ਹੈ।

ਸਾਡੇ ਦੇਸ਼ ਦੀਆਂ ਬਹੁਤ ਸਾਰੀਆਂ ਅਖ਼ਬਾਰਾਂ ਤੇ ਰਸਾਲਿਆਂ ਵਿਚ ਅਜਿਹੀਆਂ ਖ਼ਬਰਾਂ ਤੇ ਇਸ਼ਤਿਹਾਰ ਦੇਖਣ ਨੂੰ ਮਿਲਦੇ ਹਨ, ਜਿਹਨਾਂ ਵਿਚ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਦਾ ਵਰਣਨ ਹੁੰਦਾ ਹੈ। ਕਿਸੇ ਆਦਮੀ ਦੇ ਔਲਾਦ ਨਹੀਂ ਸੀ ਹੁੰਦੀ, ਉਹ ਬੰਦਾ ਇਕ ਧਰਮ ਗੁਰੂ ਜਾਂ ਬਾਬੇ ਦੀ ਸ਼ਰਨ ਵਿਚ ਗਿਆ ਤੇ ਉਸ ਦੇ ਆਸ਼ੀਰਵਾਦ ਨਾਲ ਉਸ ਦੇ ਘਰ ਸੰਤਾਨ ਨੇ ਜਨਮ ਲਿਆ। ਇਕ ਲੜਕੇ ਨੂੰ ਕੁਝ ਦਿਖਾਈ ਨਹੀਂ ਦਿੰਦਾ ਸੀ। ਧਰਮ ਗੁਰੂ ਜਾਂ ਬਾਬਾ ਜੀ ਦੀ ਉਸ ਉਤੇ ਕਿਰਪਾ ਹੋਈ ਤਾਂ ਉਸ ਨੂੰ ਦਿਖਾਈ ਦੇਣ ਲੱਗ ਪਿਆ। ਇਕ ਲੜਕੀ ਜਨਮ ਤੋਂ ਗੂੰਗੀ ਸੀ ਤੇ ਜਦੋਂ ਧਰਮ ਗੁਰੂ ਦੀ ਸ਼ਰਨ ਵਿਚ ਆਈ ਤਾਂ ਉਹ ਬੋਲਣ ਲੱਗ ਪਈ। ਇਕ ਆਦਮੀ ਗਠੀਏ ਦੀ ਬਿਮਾਰੀ ਤੋਂ ਬੁਰੀ ਤਰ੍ਹਾਂ ਪੀੜਤ ਸੀ। ਉਹ ਚੱਲ ਫਿਰ ਨਹੀਂ ਸਕਦਾ ਸੀ। ਧਰਮ ਗੁਰੂ ਦੇ ਵਰਦਾਨ ਨਾਲ ਉਹ ਦੌੜਨ ਲੱਗ ਪਿਆ। ਮੇਰੇ ਗੁਆਂਢ ਵਿਚ ਇਕ ਬੀਬੀ ਕਿਸੇ ਧਰਮ ਗੁਰੂ ਦੀ ਚੇਲੀ ਸੀ, ਉਹ ਆਪਣੇ ਘਰ ਉਸ ਧਰਮ ਗੁਰੂ ਦੀ ਚੌਕੀ ਤੇ ਸਤਸੰਗ ਲਗਾਉਂਦੀ ਸੀ ਉਹ ਸਤਸੰਗ ਵਿਚ ਇਕੱਠੇ ਹੋਏ ਆਦਮੀਆਂ ਤੇ ਬੀਬੀਆਂ ਨੂੰ ਪ੍ਰਚਾਰ ਕਰਿਆ ਕਰੇ ਕਿ ਇਕ ਆਦਮੀ ਕੈਂਸਰ ਦੇ ਰੋਗ ਤੋਂ ਬਹੁਤ ਬੁਰੀ ਤਰ੍ਹਾਂ ਪੀੜਤ ਸੀ। ਉਸ ਦੇ ਬਚਣ ਦੀ ਕੋਈ ਉਮੀਦ ਨਹੀਂ ਸੀ। ਡਾਕਟਰਾਂ ਨੇ ਜੁਆਬ ਦੇ ਦਿੱਤਾ ਕਿ ਇਸ ਦੀ ਘਰ ਜਾ ਕੇ ਸੇਵਾ ਕਰੋ ਪਰ ਜਿਉਂ ਹੀ ਉਹ ਸਾਡੇ ਧਰਮ ਗੁਰੂ ਦੀ ਸ਼ਰਨ ਵਿਚ ਆਇਆ ਤਾਂ ਗੁਰੂ ਜੀ ਦੀ ਕਿਰਪਾ ਨਾਲ ਉਸ ਦਾ ਕੈਂਸਰ ਖਤਮ ਹੋ ਗਿਆ। ਮੈਂ ਇਕ ਦਿਨ ਉਸ ਨੂੰ ਪੁੱਛ ਲਿਆ ਬੀਬੀ ਜੀ ਕਿਉਂ ਨਾ ਤੁਹਾਡੇ ਧਰਮ ਗੁਰੂ ਨੂੰ ਪੀ. ਜੀ. ਆਈ. ਚੰਡੀਗੜ੍ਹ ਦੇ ਹਸਪਤਾਲ ਵਿਚ ਬਿਠਾ ਦਿੱਤਾ ਜਾਵੇ ਕਿਉਂਕਿ ਉਥੇ ਕੈਂਸਰ ਦੇ ਮਰੀਜ਼ ਬਹੁਤ ਦਾਖਲ ਹਨ ਵਿਚਾਰੇ ਠੀਕ ਹੋ ਜਾਣਗੇ? ਉਹ ਬੀਬੀ ਮੇਰੇ ਨਾਲ ਧਰਮ ਗੁਰੂ ਨੂੰ ਇਹ ਕਹਿਣ ਬਦਲੇ ਲੜਨ ਤੱਕ ਗਈ। ਇਸ ਤਰ੍ਹਾਂ ਜੋਤਸ਼ੀ ਵੀ ਆਪਣੇ ਮੱਕੜ ਜਾਲ ਵਿਚ ਫਸਾ ਕੇ ਲੋਕਾਂ ਨੂੰ ਉਹਨਾਂ ਦੀਆਂ ਸਮੱਸਿਆਵਾਂ ਦਾ ਉਪਾਅ ਦੱਸਦੇ ਹਨ। ਇਸ ਤਰ੍ਹਾਂ ਦੀਆਂ ਅਨੇਕਾਂ ਘਟਨਾਵਾਂ ਦਾ ਵਰਣਨ ਅਕਸਰ ਅਖ਼ਬਾਰਾਂ ਜਾਂ ਰਸਾਲਿਆਂ ਜਾਂ ਟੀ. ਵੀ. ਚੈਨਲਾਂ ਤੇ ਅਕਸਰ ਦੇਖਣ ਨੂੰ ਮਿਲ ਜਾਂਦਾ ਹੈ।

ਦੁਨੀਆਂ ਦੇ ਸਾਰੇ ਧਰਮਾਂ ਵਿਚ ਅਜਿਹੇ ਚਮਤਕਾਰਾਂ ਤੇ ਕਰਾਮਾਤਾਂ ਦੀ ਗੱਲ ਕੀਤੀ ਜਾਂਦੀ ਹੈ। ਸਾਰੇ ਧਰਮ ਆਪਣੇ-ਆਪਣੇ ਗੁਰੂਆਂ, ਪੀਰਾਂ, ਪੈਗੰਬਰਾਂ ਦੀ ਜੀਵਨੀ ਨਾਲ ਕਈ ਤਰ੍ਹਾਂ ਦੇ ਚਮਤਕਾਰ ਜੋੜ ਕੇ ਬੜੇ ਫ਼ਖ਼ਰ ਨਾਲ ਗੱਲ ਕਰਦੇ ਹਨ। ਇਸਲਾਮ ਧਰਮ ਵਿਚ ਵੀ ਅਜਿਹੇ ਕਈ ਤਰ੍ਹਾਂ ਦੇ ਚਮਤਕਾਰਾਂ ਦੀਆਂ ਮਿਥਿਹਾਸਕ ਕਹਾਣੀਆਂ ਪ੍ਰਸਿੱਧ ਹਨ। ਈਦ-ਉਲ-ਜੂਹਾ ਜਿਹੜਾ ਕਿ ਬਕਰੀਦ ਦੇ ਨਾਮ ਨਾਲ ਬਹੁਤ ਪ੍ਰਸਿੱਧ ਹੈ। ਇਸ ਵਿਚ ਆਮ ਤੌਰ ਤੇ ਭੇਡਾਂ-ਬੱਕਰੀਆਂ ਦੀ ਕੁਰਬਾਨੀ ਬਹੁਤ ਹੀ ਉੱਚ ਪੱਧਰ 'ਤੇ ਦਿੱਤੀ ਜਾਂਦੀ ਹੈ। ਇਸ ਤਰ੍ਹਾਂ ਦੀ ਦਿੱਤੀ ਗਈ ਕੁਰਬਾਨੀ ਦੀ ਇਸਲਾਮ ਧਰਮ ਵਿਚ ਬੜੀ ਮਾਨਤਾ ਹੈ। ਇਸ ਨਾਲ ਇਕ ਬੜੀ ਚਮਤਕਾਰੀ ਘਟਨਾ ਜੁੜੀ ਹੋਈ ਹੈ। ਇਸ ਵਿਚ ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਹਜ਼ਰਤ ਇਬਰਾਹੀਮ ਨੇ ਅੱਲਾਹ ਤਾਲਾ ਨੂੰ ਖੁਸ਼ ਕਰਨ ਲਈ ਆਪਣੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੇਣ ਦਾ ਨਿਰਣਾ ਕਰ ਲਿਆ। ਜਦੋਂ ਉਹ ਆਪਣੇ ਪੁੱਤਰ ਦੀ ਗਰਦਨ 'ਤੇ ਛੁਰੀ ਚਲਾਉਣ ਹੀ ਵਾਲੇ ਸਨ ਤਾਂ ਗੈਬਰੀਅਲ ਨਾਂਅ ਦੇ ਫਰਿਸ਼ਤੇ ਨੇ ਇਸਮਾਈਲ ਨੂੰ ਇਕ ਭੇਡ ਦੇ ਰੂਪ ਵਿਚ ਪ੍ਰੀਵਰਤਿਤ ਕਰ ਦਿੱਤਾ। ਇਸ ਤਰ੍ਹਾਂ ਕੁਰਬਾਨੀ ਭੇਡ ਦੀ ਹੋ ਗਈ ਤੇ ਇਸਮਾਈਲ ਬਚ ਗਿਆ। ਇਸ ਚਮਤਕਾਰੀ ਘਟਨਾ ਦੀ ਇਸਮਾਈਲ ਦੇ ਪੈਰੋਕਾਰਾਂ ਨੇ ਬਾਹਰ ਜਾ ਕੇ ਇਸ ਨੂੰ ਯਥਾਰਥਵਾਦੀ ਬਣਾਉਣ ਲਈ ਬੜੀ ਚਰਚਾ ਕੀਤੀ।

ਅੱਜ ਦੇ ਵਿਗਿਆਨਕ ਯੁੱਗ ਵਿਚ ਲੋਕ ਵੱਡੇ-ਵੱਡੇ ਪੀਰਾਂ, ਪੈਗੰਬਰਾਂ, ਫਕੀਰਾਂ ਤੇ ਔਲੀਆਂ ਦੀਆਂ ਕਬਰਾਂ ਤੇ ਚਾਦਰ ਚੜ੍ਹਾਉਂਦੇ ਹਨ ਤੇ ਇਨ੍ਹਾਂ ਦਰਗਾਹਾਂ ਤੇ ਜਾ ਕੇ ਦੁਆਵਾਂ ਮੰਗਦੇ ਤੇ ਮੱਥੇ ਰਗੜਦੇ ਹਨ। ਲੋਕਾਂ ਦਾ ਵਿਸ਼ਵਾਸ ਹੈ ਕਿ ਇਸ ਤਰ੍ਹਾਂ ਕਰਨ ਨਾਲ ਉਹਨਾਂ ਦੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ। ਅਜਮੇਰ ਸ਼ਰੀਫ਼ ਜਾ ਕੇ ਬਾਦਸ਼ਾਹ ਅਕਬਰ ਨੇ ਖ਼ਵਾਜਾ ਮੋਇਉਦੀਨ ਚਿਸ਼ਤੀ ਦੀ ਦਰਗਾਹ 'ਤੇ ਆਪਣੇ ਪੁੱਤਰ ਸਲੀਮ ਦੀ ਪ੍ਰਾਪਤੀ ਲਈ ਚਾਦਰ ਚੜ੍ਹਾਈ ਤੇ ਮੱਥਾ ਟੇਕਿਆ ਸੀ। ਇਹ ਲੋਕ ਕਥਾ ਬੜੀ ਪ੍ਰਸਿੱਧ ਹੈ। ਔਲਾਦ ਦੀ ਪ੍ਰਾਪਤੀ ਲਈ ਅੱਜ ਵੀ ਹਜ਼ਾਰਾਂ-ਲੱਖਾਂ ਲੋਕ ਇਸ ਦਰਗਾਹ ਤੇ ਜਾਂਦੇ ਹਨ ਤੇ ਚਾਦਰ ਚੜ੍ਹਾਉਂਦੇ ਹਨ। ਇਸਲਾਮ ਧਰਮ ਦੇ ਬਹੁਤ ਸਾਰੇ ਲੋਕਾਂ ਦਾ ਵਿਸ਼ਵਾਸ ਹੈ ਕਿ 'ਕੁਰਾਨ ਸ਼ਰੀਫ਼' ਵਿਚ ਬਹੁਤ ਸਾਰੀਆਂ ਇਸ ਤਰ੍ਹਾਂ ਦੀਆਂ ਆਇਤਾਂ ਹਨ, ਜਿਨ੍ਹਾਂ ਦਾ ਪਾਠ ਕਰਕੇ ਝਾੜ ਫੂਕ ਕਰਨ ਨਾਲ ਵੱਡੀਆਂ-ਵੱਡੀਆਂ ਬਿਮਾਰੀਆਂ ਤੇ ਇਲਾਮਤਾਂ ਦੂਰ ਹੋ ਜਾਂਦੀਆਂ ਹਨ। ਮੁਸਲਮਾਨਾਂ ਦਾ ਇਹ ਵਿਸ਼ਵਾਸ ਹੈ ਕਿ ਪੈਗੰਬਰਾਂ ਕੋਲ ਅਲਾਹ ਤਾਲਾ ਦੀਆਂ ਦਿੱਤੀਆਂ ਹੋਈਆਂ ਸ਼ਕਤੀਆਂ ਹੁੰਦੀਆਂ ਹਨ, ਜਿਹਨਾਂ ਨਾਲ ਉਹ ਵੱਡੇ-ਵੱਡੇ ਚਮਤਕਾਰ ਤੇ ਕਰਾਮਾਤਾਂ ਕਰ ਸਕਦੇ ਹਨ।

ਹਿੰਦੂ ਧਰਮ ਦੀਆਂ ਮਨੌਤਾਂ ਤਾਂ ਚਮਤਕਾਰਾਂ ਨਾਲ ਭਰੀਆਂ ਪਈਆਂ ਹਨ। ਸ਼ਾਇਦ ਇੰਨੀਆਂ ਮਾਨਤਾਵਾਂ ਦੁਨੀਆਂ ਦੇ ਕਿਸੇ ਹੋਰ ਧਰਮ ਵਿਚ ਨਹੀਂ ਹਨ। ਚਾਰੇ ਵੇਦਾਂ ਅਤੇ ਉਪਨਿਸ਼ਦਾਂ ਵਿਚ ਕਰਾਮਾਤਾਂ ਤੇ ਚਮਤਕਾਰਾਂ ਦਾ ਕੋਈ ਵਰਣਨ ਨਹੀਂ ਹੈ ਪਰ ਪੁਰਾਣ ਚਮਤਕਾਰਾਂ ਨਾਲ ਭਰੇ ਪਏ ਹਨ। ਰਿਸ਼ੀ ਮਾਰਕੰਡੇ ਦਾ ਲਿਖਿਆ ਹੋਇਆ 'ਮਾਰਕੰਡੇ ਪੁਰਾਣ' ਦੀ ਦੁਰਗਾ ਸਪਤਸ਼ਤੀ ਵਿਚ ਕਾਲੀ ਵੱਲੋਂ ਅਨੇਕਾਂ ਰਾਖਸ਼ਾਂ ਤੇ ਦੈਂਤਾਂ ਨੂੰ ਤਲਵਾਰ ਦੇ ਜ਼ੋਰ ਨਾਲ ਮਾਰਨ ਦੇ ਅਨੇਕਾਂ ਚਮਤਕਾਰ ਹਨ। ਭਾਰਤੀ ਸਾਹਿਤ ਦੇ ਇਤਿਹਾਸ ਵਿਚ 'ਰਮਾਇਣ' ਅਤੇ 'ਮਹਾਂਭਾਰਤ' ਦੋ ਬਹੁਤ ਹੀ ਮਹਾਨ ਮਹਾਂਕਾਵਿ ਹਨ। ਇਹਨਾਂ ਮਹਾਂਕਾਵਾਂ ਦੇ ਮੂਲ ਸਰੂਪਾਂ ਵਿਚ ਚਮਤਕਾਰਾਂ ਦੀ ਬਹੁਤੀ ਚਰਚਾ ਨਹੀਂ ਸੀ ਪਰ ਸਮੇਂ ਦੇ ਨਾਲ ਬਦਲਦੇ ਸਰੂਪਾਂ ਵਿਚ ਚਮਤਕਾਰ ਸ਼ਾਮਲ ਹੁੰਦੇ ਗਏ।

ਸਿੱਖ ਧਰਮ ਸੰਸਾਰ ਵਿਚ ਸਭ ਤੋਂ ਨਵੀਨ ਧਰਮ ਹੈ। ਇਸ ਵਿਚ ਕਰਾਮਾਤਾਂ ਕਰਨੀਆਂ ਤੇ ਚਮਤਕਾਰ ਦਿਖਾਉਣ ਦੀ ਮਨਾਹੀ ਹੈ। ਇਸ ਵਿਚ ਕਰਾਮਾਤਾਂ ਤੇ ਚਮਤਕਾਰਾਂ ਨੂੰ ਕਹਿਰ ਕਿਹਾ ਗਿਆ ਹੈ ਤੇ ਇਹਨਾਂ ਵਿਚ ਉੱਕਾ ਹੀ ਵਿਸ਼ਵਾਸ ਨਾ ਕਰਨ ਨੂੰ ਕਿਹਾ ਗਿਆ ਹੈ। ਬਾਬਰ ਨੇ ਜਦੋਂ ਸੈਦਪੁਰ ਤੇ ਹਮਲਾ ਕੀਤਾ ਤਾਂ ਸੈਦਪੁਰ ਦੇ ਹਾਕਮ ਜ਼ਾਲਮ ਖਾਂ ਨੇ ਇਲਾਕੇ ਦੇ ਸਾਰੇ ਪੀਰ-ਫਕੀਰ ਫੜ ਲਏ, ਉਹਨਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨਾ ਜੀ ਵੀ ਸ਼ਾਮਲ ਸਨ। ਹਾਕਮ ਨੇ ਇਹਨਾਂ ਸਾਰੇ ਸਾਧੂ-ਫਕੀਰਾਂ ਨੂੰ ਜਬਰੀ ਹੁਕਮ ਦੇ ਕੇ ਕਿਹਾ ਤੇ ਕਰਵਾਇਆ ਵੀ ਕਿ ਤੁਸੀਂ ਸਾਰੇ ਮੰਤਰ ਪੜ੍ਹੋ, ਮਾਲਾ ਫੇਰੋ, ਕਲਮੇ ਪੜ੍ਹੋ ਤੇ ਰਿਧੀਆਂ ਸਿਧੀਆਂ ਕਰੋ ਤਾਂ ਜੋ ਬਾਬਰ ਦੀ ਫੌਜ ਅੰਨ੍ਹੀ ਹੋ ਜਾਵੇ ਤੇ ਅਸੀਂ ਸਾਰੇ ਬਚ ਜਾਈਏ ਪਰ ਇੰਝ ਕਰਨ ਨਾਲ ਕੁਝ ਨਹੀਂ ਹੋਇਆ ਤਾਂ ਗੁਰੂ ਨਾਨਕ ਦੇਵ ਜੀ ਨੇ ਹਾਕਮ ਨੂੰ ਕਿਹਾ ਕਿ ਫੌਜਾਂ ਦਾ ਮੁਕਾਬਲਾ ਫੌਜਾਂ ਹੀ ਕਰ ਸਕਦੀਆਂ ਹਨ ਨਾ ਕਿ ਜੰਤਰ-ਮੰਤਰ, ਕਲਮੇ ਤੇ ਮਾਲਾ ਆਦਿਕ। ਬਾਬਰ ਦੀਆਂ ਫੌਜਾਂ ਆਈਆਂ ਤੇ ਸੈਦਪੁਰ ਨੂੰ ਲੁੱਟ-ਪੁੱਟ ਕੇ ਤੁਰਦੀਆਂ ਬਣੀਆਂ। ਇਸ ਘਟਨਾ ਦੀ ਗੁਰੂ ਜੀ ਨੇ ਬਾਣੀ ਵਿਚ ਇਸ ਤਰ੍ਹਾਂ ਵਿਆਖਿਆ ਕੀਤੀ ਹੈ:

ਕੋਈ ਮੁਗਲ ਨਾ ਹੋਆ ਅੰਧਾ ਕਿਨੈ ਨਾ ਪਰਚਾ ਲਾਇਆ।।
ਮੁਗਲ ਪਠਾਣਾਂ ਭਈ ਲੜਾਈ ਰਣ ਮਹਿ ਤੇਗ ਵਗਾਈ।।
ਓਨੀ ਤੁਪਕ ਤਾਣਿ ਚਲਾਈ।।
ਜਿਨਿ ਕੀ ਚੀਰੀ ਦਰਗਾਹ ਪਾਟੀ ਤਿੰਨ੍ਹਾਂ ਮਰਨਾਂ ਭਾਈ।।

ਗੁਰੂ ਨਾਨਕ ਦੇਵ ਜੀ ਦੀ ਜੀਵਨੀ ਨਾਲ ਸਬੰਧਤ ਲਿਖੀਆਂ ਗਈਆਂ ਸਾਖੀਆਂ ਉਹਨਾਂ ਦੀ ਮੌਤ ਤੋਂ ਬਾਅਦ ਲਿਖੀਆਂ ਗਈਆਂ ਹਨ। ਇਸ ਵਿਚ ਸਾਖੀਕਾਰਾਂ ਨੇ ਗੁਰੂ ਸਾਹਿਬ ਦੀ ਜੀਵਨੀ ਨਾਲ ਕਈ ਚਮਤਕਾਰੀ ਮਿੱਥਾਂ ਜੋੜ ਲਈਆਂ ਹਨ ਜੋ ਉਹਨਾਂ ਦੀ ਜ਼ਿੰਦਗੀ ਦਾ ਯਥਾਰਥ ਨਹੀਂ ਹਨ ਤੇ ਨਾ ਹੀ ਗੁਰਬਾਣੀ ਵਿਚ ਅਜਿਹੇ ਚਮਤਕਾਰਾਂ ਦਾ ਵਰਣਨ ਹੈ ਸਗੋਂ ਚਮਤਕਾਰ ਕਰਨ ਵਾਲਿਆਂ ਦਾ ਗੁਰਬਾਣੀ ਵਿਰੋਧ ਕਰਦੀ ਹੈ ਪਰ ਫਿਰ ਵੀ ਸਾਡੇ ਕਥਾਵਾਚਕ ਮਨਾਹੀ ਕਰਨ ਦੇ ਬਾਵਜੂਦ ਗੁਰੂ ਸਾਹਿਬ ਦੀ ਜ਼ਿੰਦਗੀ ਨੂੰ ਚਮਤਕਾਰਾਂ ਨਾਲ ਜੋੜ ਕੇ ਬਿਆਨ ਕਰਦੇ ਹਨ। ਉਹਨਾਂ ਦੀਆਂ ਯਾਤਰਾਵਾਂ ਦਾ ਸਮਾਂ ਕੋਈ ਤੀਹ ਸਾਲ ਤੋਂ ਉਪਰ ਬਣਦਾ ਹੈ। ਇਹਨਾਂ ਯਾਤਰਾਵਾਂ ਦੌਰਾਨ ਉਹਨਾਂ ਨੇ ਬਹੁਤ ਤਕਲੀਫ਼ਾਂ ਦਾ ਸਾਹਮਣਾ ਕੀਤਾ ਤੇ ਕੁਰਾਹੇ ਪਏ ਲੋਕਾਂ ਨੂੰ ਵਿਗਿਆਨਕ ਨਜ਼ਰੀਏ ਨਾਲ ਉਪਦੇਸ਼ ਦੇ ਕੇ ਚੰਗੇ ਇਨਸਾਨ ਬਣਨ ਦੀ ਪ੍ਰੇਰਨਾ ਦਿੱਤੀ। ਅਗਰ ਉਹਨਾਂ ਪਾਸ ਕੋਈ ਚਮਤਕਾਰੀ ਸ਼ਕਤੀ ਹੁੰਦੀ ਤਾਂ ਉਹਨਾਂ ਨੂੰ ਘਰੋਂ ਇੰਨਾ ਸਮਾਂ ਬਾਹਰ ਰਹਿ ਕੇ ਮਨੁੱਖਤਾ ਨੂੰ ਸਿੱਧੇ ਰਸਤੇ ਤੇ ਪਾਉਣ ਲਈ ਤਕਲੀਫ਼ਾਂ ਝੱਲਣ ਦੀ ਕੀ ਲੋੜ ਸੀ, ਉਹ ਘਰੋਂ ਹੀ ਬੈਠੇ ਆਪਣੀ ਕਰਾਮਾਤੀ ਤੇ ਚਮਤਕਾਰੀ ਤਾਕਤ ਨਾਲ ਮਨੁੱਖਤਾ ਨੂੰ ਸਿੱਧੇ ਰਸਤੇ 'ਤੇ ਪਾ ਸਕਦੇ ਸਨ।

ਗੁਰੂ ਅਰਜਨ ਦੇਵ ਜੀ ਸ਼ਹੀਦਾਂ ਦੇ ਸਿਰਤਾਜ, ਉਹਨਾਂ ਨੂੰ ਵੀ ਜ਼ਾਲਮਾਂ ਨੇ ਬਹੁਤ ਤਸੀਹੇ ਦੇ ਕੇ ਲਾਹੌਰ ਵਿਚ ਸ਼ਹੀਦ ਕਰ ਦਿੱਤਾ। ਉਹਨਾਂ ਨੇ ਇਹ ਸਾਰੇ ਤਸੀਹੇ ਆਪਣੇ ਪਿੰਡੇ ਤੇ ਝੱਲੇ ਤੇ ਆਪਣਾ ਮਾਨਸਿਕ ਮਨੋਬਲ ਬਹੁਤ ਮਜ਼ਬੂਤ ਰੱਖਿਆ ਤੇ ਕੋਈ ਚਮਤਕਾਰ ਆਦਿ ਨਹੀਂ ਦਿਖਾਇਆ ਸਗੋਂ ਪ੍ਰਮਾਤਮਾ ਦਾ ਨਾਮ ਜਪਦੇ ਰਹੇ। ਗੁਰੂ ਤੇਗ ਬਹਾਦਰ ਜੀ ਜਦੋਂ ਦਿੱਲੀ ਆਏ ਤਾਂ ਉਹਨਾਂ ਦੇ ਸਾਹਮਣੇ ਤਿੰਨ ਗੱਲਾਂ ਰੱਖੀਆਂ ਗਈਆਂ ਕਿ ਉਹ ਆਪਣਾ ਧਰਮ ਤਬਦੀਲ ਕਰ ਲੈਣ ਜਾਂ ਕੋਈ ਚਮਤਕਾਰ ਦਿਖਾਉਣ ਜਾਂ ਫਿਰ ਮੌਤ ਲਈ ਤਿਆਰ ਰਹਿਣ। ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਉੱਤਰ ਸੀ, 'ਜਬਰੀ ਧਰਮ ਪਰਿਵਰਤਨ ਮੈਨੂੰ ਮਨਜ਼ੂਰ ਨਹੀਂ ਹੈ, ਚਮਤਕਾਰ ਦਿਖਾਉਣਾ ਕੁਦਰਤ ਦੇ ਨਿਯਮਾਂ ਵਿਚ ਰੁਕਾਵਟ ਹੈ, ਤੀਜੀ ਗੱਲ ਮੌਤ ਦੀ ਸਜ਼ਾ ਮੈਨੂੰ ਮਨਜ਼ੂਰ ਹੈ।'

ਮਹਾਰਾਸ਼ਟਰ ਦੀ ਧਰਤੀ ਤੇ ਗੁਰੂ ਗੋਬਿੰਦ ਸਿੰਘ ਜੀ ਤੇ ਬਾਦਸ਼ਾਹ ਬਹਾਦਰ ਸ਼ਾਹ ਦੀ ਮਿਲਣੀ ਨਾਂਦੇੜ ਸਾਹਿਬ ਵਿਖੇ ਹੋਣ ਦੇ ਇਤਿਹਾਸਕ ਪ੍ਰਮਾਣ ਹਨ। ਉਥੇ ਬਾਦਸ਼ਾਹ ਬਹਾਦਰ ਸ਼ਾਹ ਪਾਸ ਸਰਹੰਦ ਦਾ ਇਕ ਸੱਯਦ ਬੈਠਾ ਸੀ। ਉਸ ਨੇ ਗੁਰੂ ਸਾਹਿਬ ਤੇ ਇਕ ਪ੍ਰਸ਼ਨ ਕੀਤਾ ਕਿ ਸਾਰੇ ਧਰਮਾਂ ਦੇ ਗੁਰੂ ਜਾਂ ਪੀਰਾਂ-ਪੈਗੰਬਰ ਜਾਂ ਅਵਤਾਰ ਕਰਾਮਾਤਾਂ ਦਿਖਾਉਂਦੇ ਰਹੇ ਹਨ, ਤੁਹਾਡੀ ਕਰਾਮਾਤਾਂ ਜਾਂ ਚਮਤਕਾਰਾਂ ਬਾਰੇ ਕੀ ਰਾਏ ਹੈ ਤਾਂ ਗੁਰੂ ਜੀ ਨੇ ਉੱਤਰ ਦਿੱਤਾ ਤੇ ਬਾਦਸ਼ਾਹ ਬਹਾਦਰ ਸ਼ਾਹ ਵੱਲ ਹੱਥ ਕਰਕੇ ਕਹਿਣ ਲੱਗੇ ਇਹ ਜਿਉਂਦੀ ਜਾਗਦੀ ਸਾਖਸ਼ਾਤ ਕਰਾਮਾਤ ਹੈ, ਜਿਸ ਦੇ ਹੱਥ ਵਿਚ ਰਾਜਸੀ ਤਾਕਤ ਹੈ ਉਹ ਜੋ ਚਾਹੇ ਕਰ ਸਕਦਾ ਹੈ। ਦੂਸਰੀ ਗੱਲ ਗੁਰੂ ਜੀ ਨੇ ਸੋਨੇ ਦੀ ਮੋਹਰ ਮੋਹਰੇ ਸੁੱਟਦਿਆਂ ਕਿਹਾ ਇਸ ਨਾਲ ਦੁਨੀਆਂ ਵਿਚ ਬਹੁਤ ਕੁਝ ਖਰੀਦਿਆ ਜਾ ਸਕਦਾ ਹੈ। ਫਿਰ ਵੀ ਸੱਯਦ ਦੀ ਤਸੱਲੀ ਨਾ ਹੋਈ ਤੇ ਉਸ ਨੇ ਕਿਹਾ ਤੁਸੀਂ ਕੋਈ ਹੋਰ ਕਰਾਮਾਤ ਕਰ ਸਕਦੇ ਹੋ ਤਾਂ ਗੁਰੂ ਜੀ ਨੇ ਆਪਣੇ ਮਿਆਨ ਵਿਚੋਂ ਤਲਵਾਰ ਧੂਹ ਕੇ ਕਿਹਾ, ਇਹ ਸਭ ਤੋਂ ਵੱਡੀ ਕਰਾਮਾਤ ਹੈ। ਇਹ ਕਮਜ਼ੋਰਾਂ ਵਿਚ ਜਾਨ ਲਿਆ ਸਕਦੀ ਹੈ ਤੇ ਸ਼ਹਿਨਸ਼ਾਹਾਂ ਦੇ ਤਖਤ ਪਲਟਾ ਸਕਦੀ ਹੈ। ਇਸ ਤਰ੍ਹਾਂ ਦੇ ਜੋਸ਼ੀਲੇ ਉੱਤਰ ਸੁਣ ਕੇ ਸੱਯਦ ਗੁਰੂ ਜੀ ਦੇ ਚਰਨੀਂ ਪੈ ਗਿਆ। ਇਸ ਲਈ ਉਕਤ ਚਰਚਾ ਦਾ ਸਾਰਅੰਸ਼ ਇਹੀ ਨਿਕਲਦਾ ਹੈ ਕਿ ਸਿੱਖ ਚਿੰਤਨ ਚਮਤਕਾਰਾਂ ਦੇ ਵਿਰੁੱਧ ਹੈ।





ਕੁਦਰਤ ਦੇ ਆਪਣੇ ਨਿਯਮ ਹਨ। ਇਹ ਨਿਯਮ ਅਟੱਲ ਹਨ। ਇਹਨਾਂ ਨੂੰ ਨਾ ਤਾਂ ਕੋਈ ਬਦਲ ਸਕਿਆ ਹੈ ਅਤੇ ਨਾ ਹੀ ਬਦਲ ਸਕੇਗਾ। ਜਿੰਨੀ ਅਸੀਂ ਇਹਨਾਂ ਨਾਲ ਛੇੜ-ਛਾੜ ਕਰਾਂਗੇ ਉਨੇ ਹੀ ਇਸ ਦੇ ਭਿਆਨਕ ਨਤੀਜੇ ਨਿਕਲਣਗੇ। ਅਗਨੀ ਦਾ ਆਪਣਾ ਧਰਮ ਹੈ ਸਾੜਨਾ। ਅਸੀਂ ਜਦੋਂ ਕੋਈ ਵੀ ਵਸਤੂ ਇਸ ਵਿਚ ਪਾਵਾਂਗੇ ਸੜ ਜਾਏਗੀ ਬਸ਼ਰਤੇ ਉਸ ਨੂੰ ਕਿਸੇ ਰਸਾਇਣਯੁਕਤ ਪਦਾਰਥ ਵਿਚ ਨਾ ਲਪੇਟਿਆ ਗਿਆ ਹੋਵੇ, ਜਿਸ 'ਤੇ ਅੱਗ ਦਾ ਅਸਰ ਨਾ ਹੁੰਦਾ ਹੋਵੇ। ਇਸੇ ਹੀ ਤਰ੍ਹਾਂ ਪਾਣੀ ਦਾ ਆਪਣਾ ਧਰਮ ਹੈ। ਉਚਾਈ ਅਤੇ ਨੀਵਾਣ ਦਾ ਆਪਣਾ ਧਰਮ ਹੈ।

ਅੱਜ ਦੇ ਵਿਗਿਆਨ ਨੇ ਬਹੁਤ ਸਾਰੀਆਂ ਅਲੌਕਿਕ ਸਮਝੀਆਂ ਜਾਣ ਵਾਲੀਆਂ ਚੀਜ਼ਾਂ ਨੂੰ ਲੌਕਿਕ ਸਿੱਧ ਕਰ ਦਿੱਤਾ ਹੈ। ਜਵਾਲਾ ਦੇਵੀ ਵਿਚੋਂ ਨਿਕਲਣ ਵਾਲੀ ਅੱਗ ਨੂੰ ਸੈਂਕੜੇ ਸਾਲਾਂ ਤੋਂ ਅਲੌਕਿਕ ਸਮਝਿਆ ਜਾਂਦਾ ਸੀ ਪਰ ਵਿਗਿਆਨਕਾਂ ਨੇ ਖੋਜ ਕਰਕੇ ਸਾਬਤ ਕਰ ਦਿੱਤਾ ਹੈ ਕਿ ਇੱਥੇ ਧਰਤੀ ਦੇ ਅੰਦਰ ਗੰਧਕ ਹੈ, ਜੋ ਇਕ ਖਾਸ ਪ੍ਰਕਿਰਿਆ ਨਾਲ ਲਗਾਤਾਰ ਬਲਦੀ ਰਹਿੰਦੀ ਹੈ।

ਮਨੁੱਖ ਨੂੰ ਕਰਾਮਾਤਾਂ ਜਾਂ ਚਮਤਕਾਰ ਬਲਵਾਨ ਨਹੀਂ, ਸਗੋਂ ਕਮਜ਼ੋਰ ਬਣਾਉਂਦੇ ਹਨ। ਉਹ ਆਪਣੀ ਹਰ ਮੁਸੀਬਤ ਵਿਚ ਸੋਚਣ ਲੱਗਦਾ ਹੈ ਕਿ ਕੋਈ ਚਮਤਕਾਰ ਹੋਏਗਾ ਤੇ ਮੇਰੇ ਸਾਰੇ ਦੁੱਖ ਦਲਿੱਦਰ ਦੂਰ ਹੋ ਜਾਣਗੇ। ਮਹਿਮੂਦ ਗਜ਼ਨਵੀ ਨੇ ਹਿੰਦੋਸਤਾਨ ਤੇ ਉਨੀ ਵਾਰ ਹਮਲਾ ਕੀਤਾ ਪਰ ਜਦੋਂ ਉਸਨੇ ਸੋਮਨਾਥ ਦੇ ਮੰਦਰ ਤੇ ਹਮਲਾ ਕੀਤਾ ਤਾਂ ਉਹ ਬਹੁਤ ਭੈ-ਭੀਤ ਹੋ ਗਿਆ ਕਿ ਭਗਵਾਨ ਦੀ ਮੂਰਤੀ ਹਵਾ ਵਿਚ ਬਿਨਾਂ ਕਿਸੇ ਸਹਾਰੇ ਦੇ ਲਟਕ ਰਹੀ ਹੈ, ਸ਼ਾਇਦ ਇਹ ਕਿਸੇ ਗੈਬੀ ਸ਼ਕਤੀ ਦੇ ਸਹਾਰੇ ਤੇ ਹਵਾ ਵਿਚ ਖੜ੍ਹੀ ਹੈ ਪਰ ਉਸ ਦੇ ਸਲਾਹਕਾਰਾਂ ਨੇ ਉਸ ਨੂੰ ਦੇਖ ਕੇ ਦੱਸਿਆ ਕਿ ਇਹ ਕਿਸੇ ਗੈਬੀ ਸ਼ਕਤੀ ਨਾਲ ਹਵਾ ਵਿਚ ਨਹੀਂ ਲਟਕ ਰਹੀ ਸਗੋਂ ਚੁੰਬਕਾਂ ਦੀ ਚਾਰੋਂ ਪਾਸੋਂ ਖਿੱਚ ਨਾਲ ਹਵਾ ਵਿਚ ਲਟਕ ਰਹੀ ਹੈ, ਫਿਰ ਉਸਨੇ ਆਪਣੀ ਗਦਾ ਨਾਲ ਮੂਰਤੀ ਨੂੰ ਤੋੜ ਕੇ ਉਸ ਦੇ ਸਾਰੇ ਹੀਰੇ ਜਵਾਹਰਾਤ ਲੁੱਟ ਲਏ। ਪੁਜਾਰੀਆਂ ਦਾ ਵਿਸ਼ਵਾਸ ਸੀ ਕਿ ਕੋਈ ਚਮਤਕਾਰ ਹੋਵੇਗਾ, ਸ਼ਿਵ ਜੀ ਆਪਣਾ ਤੀਸਰਾ ਨੇਤਰ ਖੋਲ੍ਹਣਗੇ ਤੇ ਹਮਲਾਵਰ ਆਪਣੀ ਫੌਜ ਸਮੇਤ ਭਸਮ ਹੋ ਜਾਏਗਾ ਪਰ ਹੋਇਆ ਕੁਝ ਵੀ ਨਹੀਂ। ਗਜ਼ਨਵੀ ਲੁੱਟਮਾਰ ਤੇ ਕਤਲੋਗਾਰਤ ਕਰਕੇ ਵਾਪਿਸ ਚਲਾ ਗਿਆ।

ਸੰਸਾਰ ਦੇ ਅਨੇਕਾਂ ਧਰਮਾਂ ਦੀਆਂ ਕਹਾਣੀਆਂ ਵੀ ਅਜੀਬੋ-ਗਰੀਬ ਤੇ ਹੈਰਾਨੀਜਨਕ ਵੀ ਹਨ, ਉਹਨਾਂ ਸੰਪਰਦਾਵਾਂ ਦਾ ਇਹ ਵਿਸ਼ਵਾਸ ਹੈ ਕਿ ਉਹਨਾਂ ਦਾ ਦੇਵ ਪੁਰਸ਼ ਜਾਂ ਗੁਰੂ ਉਸ ਪ੍ਰਕਿਰਿਆ ਨਾਲ ਜਨਮ ਲੈ ਕੇ ਧਰਤੀ ਤੇ ਨਹੀਂ ਆਇਆ, ਜਿਸ ਤਰ੍ਹਾਂ ਇਕ ਸਧਾਰਨ ਪੁਰਸ਼ ਧਰਤੀ ਤੇ ਪੈਦਾ ਹੁੰਦਾ ਹੈ। ਉਹ ਇਕ ਦੇਵ ਪੁਰਸ਼ ਦੇ ਰੂਪ ਵਿਚ ਸੰਸਾਰ ਦੇ ਪ੍ਰਾਣੀਆਂ ਦਾ ਕਲਿਆਣ ਕਰਨ ਲਈ ਸਿੱਧਾ ਧਰਤੀ ਤੇ ਆਇਆ ਹੈ। ਈਸਾ ਮਸੀਹ ਤੇ ਮਦਰ ਮੇਰੀ ਦੀ ਕਥਾ ਇਸੇ ਤਰ੍ਹਾਂ ਹੀ ਕਹੀ ਜਾਂਦੀ ਹੈ। ਸੰਤ ਕਬੀਰ ਦਾਸ ਜੀ, ਸ੍ਰੀ ਦਾਦੂ ਦਿਆਲ ਜੀ ਅਤੇ ਸੁਆਮੀ ਰਾਮ ਕ੍ਰਿਸ਼ਨ ਪਰਮਹੰਸ ਦੇ ਸ਼ਰਧਾਲੂ ਅਜਿਹਾ ਹੀ ਮੰਨਦੇ ਹਨ। ਇਸੇ ਤਰ੍ਹਾਂ ਗੁਰੂਆਂ, ਸੰਤਾਂ ਅਤੇ ਪੈਗੰਬਰਾਂ ਦੇ ਸਰੀਰ ਦਾ ਸੰਸਕਾਰ ਕਰਨ ਨੂੰ ਲੈ ਕੇ ਵੀ ਇਸੇ ਤਰ੍ਹਾਂ ਦੀਆਂ ਕਹਾਣੀਆਂ ਪ੍ਰਚੱਲਿਤ ਹਨ। ਉਹਨਾਂ ਦਾ ਕਿਸੇ ਤਰ੍ਹਾਂ ਦਾ ਸੰਸਾਰਕ ਅੰਤਿਮ ਸੰਸਕਾਰ ਨਹੀਂ ਹੋਇਆ। ਉਹ ਸਰੀਰ ਸਮੇਤ ਸਵਰਗ ਸਿਧਾਰ ਗਏ।

ਚਮਤਕਾਰੀ ਘਟਨਾਵਾਂ ਕਰਨ ਵਿਚ ਵੀ ਦੌੜ ਲੱਗੀ ਹੋਈ ਹੈ। ਕਿਸੇ ਵੀ ਧਰਮ ਜਾਂ ਸੰਪਰਦਾ ਦਾ ਮੁਖੀ ਚਾਹੇ ਆਪਣੇ ਨਾਂਅ ਨਾਲ ਚਮਤਕਾਰਾਂ ਨੂੰ ਨਾ ਜੋੜਨਾ ਚਾਹੁੰਦਾ ਹੋਵੇ ਪਰ ਉਹਨਾਂ ਦੇ ਪੈਰੋਕਾਰ ਜ਼ਰੂਰ ਜੋੜ ਦਿੰਦੇ ਹਨ। ਪੈਰੋਕਾਰਾਂ ਨੂੰ ਲੱਗਦਾ ਹੈ ਕਿ ਜੇ ਦੂਸਰੇ ਧਰਮ ਦਾ ਮੁਖੀ ਜਾਂ ਗੁਰੂ ਚਮਤਕਾਰ ਕਰ ਸਕਦਾ ਹੈ ਤਾਂ ਸਾਡਾ ਕਿਉਂ ਨਹੀਂ ਕਰ ਸਕਦਾ? ਇਸ ਤਰ੍ਹਾਂ ਵੀ ਬਹੁਤ ਸਾਰੀਆਂ ਚਮਤਕਾਰੀ ਘਟਨਾਵਾਂ ਉਹਨਾਂ ਦੇ ਨਾਂਅ ਨਾਲ ਜੁੜ ਜਾਂਦੀਆਂ ਹਨ।

ਅੱਜ ਦੇ ਦੌਰ ਵਿਚ ਸਾਡੇ ਆਪਣੇ ਦੇਸ਼ ਵਿਚ ਅਜਿਹੇ ਬਾਬਿਆਂ, ਸੰਤਾਂ, ਔਲੀਆਂ ਤੇ ਗੁਰੂਆਂ ਦਾ ਹੜ੍ਹ ਆਇਆ ਹੋਇਆ ਹੈ। ਜੋ ਇਹ ਦਾਅਵਾ ਕਰਦੇ ਹਨ ਕਿ ਉਹਨਾਂ ਪਾਸ ਹਰ ਪ੍ਰਕਾਰ ਦੀ ਸਿੱਧੀ ਹੈ ਜੋ ਮਨੁੱਖ ਦੀਆਂ ਸਮੱਸਿਆਵਾਂ ਦਾ ਮਿੰਟਾਂ-ਸਕਿੰਟਾਂ ਵਿਚ ਹੀ ਹੱਲ ਕੱਢ ਸਕਦੇ ਹਨ। ਇਸ ਤਰ੍ਹਾਂ ਦੇ ਬਾਬੇ ਅੱਜਕਲ੍ਹ ਆਪਣੀਆਂ ਅਲੌਕਿਕ ਸ਼ਕਤੀਆਂ ਦੀ ਮਸ਼ਹੂਰੀ ਲਈ ਟੀ. ਵੀ. ਅਤੇ ਅਖ਼ਬਾਰਾਂ ਵਿਚ ਇਸ਼ਤਿਹਾਰਬਾਜ਼ੀ ਵੀ ਬਹੁਤ ਕਰਦੇ ਹਨ। ਮੈਂ ਵੀ ਪੰਜਾਬ ਦੇ ਕਈ ਡੇਰਿਆਂ ਤੇ ਇਹ ਦੇਖਣ ਲਈ ਤੇ ਇਹਨਾਂ ਬਾਬਿਆਂ ਦੀ ਸਚਾਈ ਜਾਨਣ ਲਈ ਘੁੰਮ ਫਿਰ ਕੇ ਦੇਖਿਆ ਹੈ। ਇੱਥੇ ਅਜਿਹੇ ਲੋਕਾਂ ਦੀ ਭੀੜ ਲੱਖਾਂ ਵਿਚ ਹੁੰਦੀ ਹੈ।ਇਹ ਡੇਰੇ ਹਰ ਸਾਲ ਕਿਸੇ ਨਾ ਕਿਸੇ ਇਕ ਦਿਨ ਨੂੰ ਮੇਲੇ ਵਾਂਗ ਮਨਾਉਂਦੇ ਹਨ। ਵੱਡੇ-ਵੱਡੇ ਨਾਮੀ-ਗ੍ਰਾਮੀ ਗਾਇਕ ਸੱਦਦੇ ਹਨ। ਉਹਨਾਂ ਉਤੋਂ ਨੋਟਾਂ ਦੀ ਵਰਖਾ ਕਰਦੇ ਹਨ। ਨੋਟਾਂ ਦੀ ਇੰਨੀ ਬੇਕਦਰੀ ਹੁੰਦੀ ਹੈ ਕਿ ਉਹ ਪੈਰਾਂ ਵਿਚ ਰੁਲਦੇ ਹਨ। ਗਰੀਬ ਆਦਮੀ ਇਹਨਾਂ ਨੋਟਾਂ ਲਈ ਤਰਸਦੇ ਹਨ ਪਰ ਇੱਥੇ ਇਹ ਨੋਟ ਸਿਰਫ਼ ਲੋਕਾਂ ਦੇ ਚੜ੍ਹਾਵੇ ਦੇ ਹੀ ਇਕੱਠੇ ਕੀਤੇ ਗਏ ਹੁੰਦੇ ਹਨ। ਇਹਨਾਂ ਵੱਡੇ-ਵੱਡੇ ਗਾਇਕਾਂ ਦੇ ਡੇਰਿਆਂ ਤੇ ਆਉਣ ਨਾਲ ਭੋਲੀ-ਭਾਲੀ ਜਨਤਾ ਨੂੰ ਇਹ ਗਲਤ ਸੰਦੇਸ਼ ਜਾਂਦਾ ਹੈ ਤੇ ਅੰਧ-ਵਿਸ਼ਵਾਸ ਪੈਦਾ ਹੁੰਦਾ ਹੈ ਕਿ ਇੱਥੇ ਇਸ ਬਾਬੇ ਵਿਚ ਜ਼ਰੂਰ ਕੋਈ ਮਿਕਨਾਤੀਸੀ ਸ਼ਕਤੀ ਹੈ ਜੋ ਵੱਡੇ-ਵੱਡੇ ਕਲਾਕਾਰ ਤੇ ਰਾਜਨੀਤਿਕ ਲੋਕ ਇੱਥੇ ਆਉਂਦੇ ਹਨ। ਮੇਲੇ ਵਾਲੇ ਦਿਨਾਂ ਤੋਂ ਇਲਾਵਾ ਵੀ ਸਾਰਾ ਸਾਲ ਇਹਨਾਂ ਡੇਰਿਆਂ ਤੇ ਭੀੜ ਲੱਗੀ ਰਹਿੰਦੀ ਹੈ।

ਇਹਨਾਂ ਡੇਰਿਆਂ ਵਿਚ ਜ਼ਿਆਦਾ ਕਰਕੇ ਤਿੰਨ ਤਰ੍ਹਾਂ ਦੇ ਲੋਕ ਆਉਂਦੇ ਹਨ। ਇਕ ਉਹ ਲੋਕ ਹਨ, ਜਿਹਨਾਂ ਨੂੰ ਲੱਗਦਾ ਹੈ ਕਿ ਕਿਸੇ ਦੁਸ਼ਮਣ ਨੇ ਉਹਨਾਂ ਤੇ ਕੋਈ ਜਾਦੂ-ਟੂਣਾ ਕਰ ਦਿੱਤਾ ਹੈ ਜਿਸ ਕਰਕੇ ਉਹ ਕਿਸੇ ਖਾਸ ਕਿਸਮ ਦੀ ਬਿਮਾਰੀ ਤੋਂ ਪੀੜਤ ਹੋ ਗਏ ਹਨ। ਦੂਸਰੇ ਉਹ ਲੋਕ ਹਨ ਜਿਹਨਾਂ ਦੇ ਔਲਾਦ ਨਹੀਂ ਹੁੰਦੀ। ਤੀਸਰੀ ਕਿਸਮ ਦੇ ਉਹ ਲੋਕ ਆਉਂਦੇ ਹਨ ਜੋ ਤਮਾਸ਼ਬੀਨ ਹਨ ਤੇ ਉਹਨਾਂ ਨੇ ਡੇਰਿਆਂ ਨੂੰ ਆਸ਼ਕੀ ਦਾ ਅੱਡਾ ਬਣਾਇਆ ਹੋਇਆ ਹੈ। ਇੱਥੇ ਜਾਦੂ-ਟੂਣਾ ਕਰਨ ਵਾਲੇ ਕੁਝ ਲੋਕ ਹੁੰਦੇ ਹਨ। ਇਹ ਭੋਲੇ-ਭਾਲੇ ਲੋਕਾਂ ਨੂੰ ਮਾਨਸਿਕ ਦ੍ਰਿਸ਼ਟੀ ਤੋਂ ਵੱਸ ਕਰਦੇ ਹਨ ਫਿਰ ਉਹਨਾਂ ਅੰਦਰੋਂ ਭੂਤ-ਪਰੇਤ ਕੱਢਣ ਦਾ ਦਾਅਵਾ ਕਰਦੇ ਹਨ।

ਸਭ ਤੋਂ ਵੱਡਾ ਧੋਖਾ ਨਿਰਸੰਤਾਨਾਂ ਨਾਲ ਹੁੰਦਾ ਹੈ। ਮੇਲੇ ਦੇ ਆਖਰੀ ਦਿਨ ਜਾਂ ਆਮ ਦਿਨਾਂ ਵਿਚ ਵੀ ਇਹ ਐਲਾਨ ਕੀਤਾ ਜਾਂਦਾ ਹੈ ਕਿ ਇੱਥੋਂ ਦੇ ਬਾਬਾ ਜੀ ਨੇ ਇਸ ਸਾਲ ਵੱਡੀ ਗਿਣਤੀ ਵਿਚ ਲੜਕੇ-ਲੜਕੀਆਂ ਦੇਣ ਦਾ ਨਿਸ਼ਚਾ ਕੀਤਾ ਹੈ। ਦਿੱਤੇ ਜਾਣ ਵਾਲੇ ਬੱਚਿਆਂ ਵਿਚ ਲੜਕਿਆਂ ਦੀ ਗਿਣਤੀ ਘੱਟ ਤੇ ਲੜਕੀਆਂ ਦੀ ਗਿਣਤੀ ਜ਼ਿਆਦਾ ਹੁੰਦੀ ਹੈ। ਫਿਰ ਇਹ ਐਲਾਨ ਕੀਤਾ ਜਾਂਦਾ ਹੈ ਕਿ ਜਿਹਨਾਂ ਨੂੰ ਲੜਕਾ ਚਾਹੀਦਾ ਹੈ, ਉਹ ਇੰਨਾ ਧਨ ਭਾਵ ਕੁਝ ਜ਼ਿਆਦਾ ਧਨ ਡੇਰੇ ਦੇ ਮੁੱਖ ਪ੍ਰਬੰਧਕ ਕੋਲ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਜਿਹਨਾਂ ਨੂੰ ਲੜਕੀ ਚਾਹੀਦੀ ਹੈ ਉਹ ਇੰਨਾ ਧਨ ਜਮ੍ਹਾ ਕਰਵਾ ਕੇ ਆਪਣੇ ਨਾਂਅ ਦੀ ਅਰਦਾਸ ਕਰਵਾ ਲੈਣ। ਇੱਥੇ ਇਹ ਬਾਬੇ ਆਪਣੇ ਕੋਲ ਅਲੌਕਿਕ ਸ਼ਕਤੀਆਂ ਹੋਣ ਦਾ ਦਾਅਵਾ ਕਰਦੇ ਹਨ ਤੇ ਲੜਕੇ, ਲੜਕੀਆਂ ਵੇਚਣ ਦਾ ਵਿਉਪਾਰ ਕਰਦੇ ਹਨ। ਅਜਿਹੇ ਬਾਬਿਆਂ ਦੀ ਇਸ ਦੇਸ਼ ਵਿਚ ਘਾਟ ਨਹੀਂ ਜੋ

(ਬਾਕੀ ਅਗਲੇ ਸਫੇ ਤੇ)

# ਲਲਕਾਰ ਰੈਲੀ ਗੁਰਾਇਆ ਵਿਖੇ ਲੋਕ ਬਾਦਲਾਂ ਨੂੰ ਲਲਕਾਰਨਗੇ : ਕਰੀਮਪੁਰੀ

**ਗੁਰਾਇਆ (ਨਿਰਮਲ ਗੁੜਾ)**–ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਜੋ ਦਲਿਤ ਸਮਾਜ ਨੂੰ ਇਹ ਕਹਿ ਕੇ ਵੰਗਾਰਿਆ ਹੈ ਕਿ ਹਲਕਾ ਫਿਲੌਰ ਦੇ ਇੱਕ ਬਹੁਜਨ ਸਮਾਜ ਪਾਰਟੀ ਦੇ ਵਰਕਰ ਨੂੰ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਕਰਕੇ ਦੁਆਬੇ ਵਿੱਚੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਅਤੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਵਿਚਾਰਧਾਰਾ ਨੂੰ ਖਤਮ ਕਰ ਦਿਤਾ ਹੈ, ਇਸ ਨੂੰ ਦਲਿਤ ਸਮਾਜ ਇੱਕ ਚੈਲੇਂਜ ਦੇ ਰੂਪ ਵਿੱਚ ਲੈ ਰਿਹਾ ਹੈ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਅਵਤਾਰ ਸਿੰਘ ਕਰੀਮਪੁਰੀ ਨੇ ਗੁਰਾਇਆ ਵਿਖੇ ਹੋਣ ਜਾ ਰਹੀ 7 ਅਗਸਤ ਨੂੰ ''ਲਲਕਾਰ ਰੈਲੀ'' ਸੰਬੰਧੀ ਪਿੰਡ ਇੰਦਣਾਂ ਕਲਾਸਕੇ ਵਿਖੇ ਇੱਕ ਮੀਟਿੰਗ ਵਿੱਚ ਲੋਕਾਂ ਦੇ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ। ਕਰੀਮਪੁਰੀ ਨੇ ਅੱਗੇ ਕਿਹਾ ਕਿ 7 ਅਗਸਤ ਨੂੰ ਗੁਰਾਇਆ ਵਿਖੇ ਲਲਕਾਰ ਰੈਲੀ ਵਿੱਚ ਬਹੁਜਨ ਸਮਾਜ ਦੇ ਲੋਕ ਇਕੱਠੇ ਹੋ ਕੇ ਬਾਦਲ ਪਰਿਵਾਰ ਨੂੰ ਲਲਕਾਰਨਗੇ ਕਿ ਦੁਆਬੇ ਅੰਦਰ ਬਾਬਾ ਸਾਹਿਬ ਅਤੇ ਕਾਂਸ਼ੀ ਰਾਮ ਦੀ ਵਿਚਾਰਧਾਰਾ ਦੇ ਲੋਕ ਅਣਖੀਲੇ ਤੇ ਯੋਧੇ ਹਨ, ਸਗੋਂ ਇਸ ਵੰਗਾਰ ਨਾਲ਼ ਹੋਰ ਵੀ ਜਾਗ ਉਠੇ ਹਨ ਅਤੇ 2017 ਦੀਆਂ ਚੋਣਾਂ ਵੇਲੇ ਸ਼੍ਰੋਮਣੀ ਅਕਾਲੀ ਦਲ ਨੂੰ ਸੂਬੇ ਵਿੱਚੋਂ ਕਿਨਾਰਾ ਕਰ ਦੇਣਗੇ। ਲਲਕਾਰ ਰੈਲੀ ਦਾ ਸੁਨੇਹਾ ਦੇਣ ਲਈ ਬਹੁਜਨ ਸਮਾਜ ਪਾਰਟੀ ਦੇ ਕਾਰਕੁਨਾ ਨੇ ਪਿੰਡ ਇੰਦਣਾਂ ਕਲਾਸਕੇ ਦੀ ਮੀਟਿੰਗ ਤੋਂ ਪਹਿਲਾਂ ਅਕਲਪੁਰ, ਨਗਲ਼, ਗੜ੍ਹਾ, ਨਗਰ, ਭਾਰਸਿੰਘਪੁਰਾ, ਦਿਆਲਪੁਰ, ਅੱਪਰਾ, ਮਸਾਣੀ, ਵਿਰਕ ਅਤੇ ਪੱਦੀ ਖਾਲਸਾ ਵਿਖੇ ਵੀ ਮੀਟਿੰਗਾਂ ਕੀਤੀਆਂ ਗਈਆਂ। ਵੱਖ ਵੱਖ ਮੀਟਿੰਗਾਂ ਨੂੰ ਬਸਪਾ ਆਗੂ ਲਾਲ ਚੰਦ ਔਜਲਾ, ਅਮਿਰਤ ਭੌਂਸਲੇ, ਰਚਨਾ ਦੇਵੀ, ਰਾਮ ਸਰੂਪ ਸਰੋਏ, ਰਾਮ ਸਰੂਪ ਚੰਬਾ, ਤੀਰਥ ਰਾਜਪੁਰਾ, ਬਾਬੂ ਸੁੰਦਰ ਲਾਲ, ਸੁਰਿੰਦਰ ਢੰਡਾ, ਜਸਵੀਰ ਇੰਦਣਾਂ, ਕੁਲਵਿੰਦਰ ਇੰਦਣਾਂ ਆਦਿ ਆਗੂਆਂ ਨੇ ਸੰਬੋਧਨ ਕੀਤਾ। ਵੱਖ ਵੱਖ ਮੀਟਿੰਗਾਂ ਵਿੱਚ ਲੋਕਾਂ ਬਾਰੀ ਉਤਸ਼ਾਹ ਦੇਖਣ ਨੂੰ ਮਿਲਿਆ।



# 'ਕੀ ਧਰਮਾਂ ਵਿਚ ਚਮਤਕਾਰ ਜ਼ਰੂਰੀ ਹਨ'?

ਚਮਤਕਾਰਾਂ ਅਤੇ ਅਲੌਕਿਕਤਾ ਦੇ ਨਾਂਅ ਤੇ ਦੇਸ਼ ਵਿਚ ਕੀ ਕੁਝ ਨਹੀਂ ਕਰਦੇ। ਅਜਿਹੇ ਹੀ ਕਈ ਬਾਬੇ ਜੇਲ੍ਹਾਂ ਵਿਚ ਹਨ ਤੇ ਜ਼ਮਾਨਤ ਲਈ ਤਰਸਦੇ ਹਨ, ਅਗਰ ਉਹਨਾਂ ਕੋਲ ਕੋਈ ਅਜਿਹਾ ਚਮਤਕਾਰ ਹੈ ਤਾਂ ਉਹ ਜੇਲ੍ਹ ਤੋਂ ਬਾਹਰ ਕਿਉਂ ਨਹੀਂ ਆ ਜਾਂਦੇ?

ਦੱਖਣ ਭਾਰਤ ਦੇ ਇਕ ਬਾਬਾ ਚਮਤਕਾਰ ਦਿਖਾਉਣ ਵਿਚ ਬੜੇ ਪ੍ਰਸਿੱਧ ਸਨ। ਉਹਨਾਂ ਦੀ ਹਰਮਨ ਪਿਆਰਤਾ ਵੀ ਬੜੀ ਅਜੀਬੋ ਗਰੀਬ ਸੀ। ਕਾਫੀ ਪੜ੍ਹੇ-ਲਿਖੇ ਲੋਕ ਵੀ ਉਹਨਾਂ ਦੇ ਚੇਲੇ ਸਨ। ਇਹ ਗੱਲ ਉਹਨਾਂ ਬਾਰੇ ਬੜੀ ਮਸ਼ਹੂਰ ਸੀ ਕਿ ਉਹ ਆਪਣੇ ਲੰਬੇ ਚੋਗੇ ਵਿਚੋਂ ਨੋਟਾਂ ਦੇ ਥੱਦੇ ਕੱਢ ਕੇ ਅੰਬਾਰ ਲਾ ਦਿੰਦੇ ਸਨ। ਜੇਕਰ ਕੋਈ ਉਹਨਾਂ ਕੋਲੋਂ ਸ਼ਰਧਾਲੂ ਘੜੀ ਮੰਗਦਾ ਸੀ ਤਾਂ ਉਹ ਉਸ ਨੂੰ ਘੜੀ ਦੇ ਦਿੰਦੇ ਸਨ। ਆਪਣੇ ਧੂਣੇ ਦੀ ਭਬੂਤੀ (ਭਾਵ ਸੁਆਹ) ਜਿਸ ਨੂੰ ਵੀ ਉਹ ਦਿੰਦੇ ਸਨ, ਉਹ ਮਾਲਾ-ਮਾਲ ਹੋ ਜਾਂਦਾ ਸੀ।

ਕਾਫੀ ਸਾਲ ਪਹਿਲਾਂ ਦੀ ਇਹ ਗੱਲ ਹੈ ਕਿ ਦੱਖਣ ਭਾਰਤ ਦੇ ਹੀ ਇਕ ਵਿਗਿਆਨੀ ਡਾ: ਕਵੂਰ ਨੇ ਉਹਨਾਂ ਨੂੰ ਚੁਣੌਤੀ ਦਿੱਤੀ ਕਿ ਅਗਰ ਉਹ ਉਨ੍ਹਾਂ ਦੇ ਸਾਹਮਣੇ ਕੋਈ ਚਮਤਕਾਰ ਕਰਕੇ ਦਿਖਾਏਗਾ ਤਾਂ ਉਹ ਉਹਨਾਂ ਨੂੰ ਇਕ ਲੱਖ ਰੁਪਿਆ ਇਨਾਮ ਵਜੋਂ ਦੇਣਗੇ ਪਰ ਬਾਬਾ ਕੋਈ ਚਮਤਕਾਰ ਨਾ ਦਿਖਾ ਸਕਿਆ। ਅੱਜ ਉਹ ਬਾਬਾ ਇਸ ਸੰਸਾਰ ਵਿਚ ਨਹੀਂ ਹੈ ਪਰ ਲੋਕਾਂ ਵਿਚ ਅੰਧ-ਵਿਸ਼ਵਾਸ ਦੇ ਸਹਾਰੇ ਜੋ ਦੌਲਤ ਇਕੱਠੀ ਕੀਤੀ ਸੀ ਉਸ ਦਾ ਰਾਜ ਉਸ ਦੀ ਮੌਤ ਤੋਂ ਬਾਅਦ ਖੁੱਲ੍ਹਿਆ।

ਕਿਸੇ ਵੀ ਤਰ੍ਹਾਂ ਦਾ ਚਮਤਕਾਰ ਹੋਵੇ ਉਹ ਅਣ-ਵਿਗਿਆਨਕ, ਕਲਾਪਨਿਕ ਤੇ ਗੈਰ-ਕੁਦਰਤੀ ਹੈ। ਸਭ ਤੋਂ ਵੱਡਾ ਚਮਤਕਾਰ ਤਾਂ ਮਨੁੱਖ ਆਪ ਹੀ ਹੈ। ਮਨੁੱਖ ਨੇ ਆਪਣੇ ਦਿਮਾਗ ਦੇ ਵਿਕਾਸ ਨਾਲ ਅੱਜ ਇੰਨੀਆਂ ਵਿਗਿਆਨਕ ਕਾਢਾਂ ਕੱਢੀਆਂ ਹਨ ਕਿ ਸੰਸਾਰ ਦਾ ਭੂਗੋਲ ਹੀ ਬਦਲ ਕੇ ਰੱਖ ਦਿੱਤਾ ਹੈ। ਮਨੁੱਖ ਨੇ ਕੁਦਰਤ ਦੇ ਹਰ ਲੁਕਵੇਂ ਭੇਦ ਨੂੰ ਉਜਾਗਰ ਕਰਕੇ ਰੱਖ ਦਿੱਤਾ ਹੈ।

ਮਨੁੱਖ ਆਕਾਸ਼ ਵਿਚ ਉਡਾਰੀਆਂ ਮਾਰਦਾ ਹੈ। ਚੰਦਰਮਾ ਤੇ ਮੰਗਲ ਤੱਕ ਉਸ ਨੇ ਬੜੀ ਲੰਬੀ ਉਡਾਰੀ ਮਾਰੀ ਹੈ ਤੇ ਮਨੁੱਖ ਨੂੰ ਉਥੇ ਵਸਾਉਣ ਦੀਆਂ ਤਿਆਰੀਆਂ ਕਰ ਰਿਹਾ ਹੈ। ਸੰਚਾਰ ਸਾਧਨਾਂ ਨਾਲ ਤੁਸੀਂ ਅੱਜ ਸੰਸਾਰ ਦੇ ਕਿਸੇ ਕੋਨੇ ਵਿਚ ਬੈਠ ਕੇ ਆਪਣੇ ਘਰ ਬੜੀ ਆਸਾਨੀ ਨਾਲ ਗੱਲਬਾਤ ਕਰ ਸਕਦੇ ਹੋ, ਕੀ ਇਹ ਕਿਸੇ ਚਮਤਕਾਰ ਤੋਂ ਘੱਟ ਹੈ?

ਵਿਗਿਆਨ ਦੀਆਂ ਕਾਢਾਂ ਨੇ ਮਨੁੱਖ ਨੂੰ ਬੜਾ ਕੁਝ ਦਿੱਤਾ ਹੈ। ਸੰਸਾਰ ਵਿਚ ਕਾਫੀ ਲੋਕਾਂ ਨੇ ਵਿਗਿਆਨਕ ਸੋਚ ਬਣਾਈ ਵੀ ਹੈ ਤੇ ਅੰਧ-ਵਿਸ਼ਵਾਸਾਂ ਤੋਂ ਛੁਟਕਾਰਾ ਕਿਸੇ ਹੱਦ ਤੱਕ ਪਾਇਆ ਵੀ ਹੈ ਪਰ ਫਿਰ ਵੀ ਮਨੁੱਖ ਇਕ ਕਮਜ਼ੋਰ ਪ੍ਰਾਣੀ ਹੈ ਜੋ ਸੰਸਾਰਕ ਸੰਕਟਾਂ ਵਿਚ ਫਸਿਆ ਰਹਿੰਦਾ ਹੈ। ਇਹਨਾਂ ਸਮੱਸਿਆਵਾਂ ਤੋਂ ਛੁਟਕਾਰਾ ਪਾਉਣ ਲਈ ਉਹ ਕਿਸੇ ਚੀਜ਼ ਦਾ ਸਹਾਰਾ ਭਾਲਦਾ ਹੈ।

ਧਰਮ ਅਤੇ ਪ੍ਰਮਾਤਮਾ ਵਿਚ ਵਿਸ਼ਵਾਸ ਉਸ ਨੂੰ ਇਹਨਾਂ ਸਮੱਸਿਆਵਾਂ ਵਿਚੋਂ ਨਿਕਲਣ ਲਈ ਆਪਣੇ ਵੱਲ ਖਿੱਚਦਾ ਹੈ ਕਿ ਸ਼ਾਇਦ ਇੱਥੇ ਜਾਣ ਨਾਲ ਉਸ ਦੇ ਸਾਰੇ ਦੁੱਖ ਦਰਦ ਖਤਮ ਹੋ ਜਾਣਗੇ ਪਰ ਇੱਥੇ ਆ ਕੇ ਉਹ ਆਪਣਾ ਮਨੋਬਲ ਤਕੜਾ ਕਰਨ ਦੀ ਬਜਾਏ ਦੰਭੀ ਤੇ ਪਾਖੰਡੀ ਸਾਧਾਂ-ਫਕੀਰਾਂ ਦੇ ਚਮਤਕਾਰਾਂ ਜਾਂ ਕਰਾਮਾਤਾਂ ਦਾ ਢੌਂਗ ਕਰਨ ਵਾਲੇ ਕੁਝ ਸੁਆਰਥੀ ਲੋਕ, ਮਨੁੱਖ ਦੀਆਂ ਕਮਜ਼ੋਰੀਆਂ ਅਤੇ ਸੀਮਾਵਾਂ ਦਾ ਫਾਇਦਾ ਉਠਾਉਂਦੇ ਹੋਏ ਉਹਨਾਂ ਨੂੰ ਆਪਣੇ ਮੋਹ ਜਾਲ ਵਿਚ ਫਸਾ ਕੇ ਭੋਲੇ-ਭਾਲੇ ਲੋਕਾਂ ਦਾ ਸ਼ੋਸ਼ਣ ਕਰਦੇ ਹਨ। ਧਰਮ ਦਾ ਇਹਨਾਂ ਚਮਤਕਾਰਾਂ ਨਾਲ ਕੋਈ ਸਿੱਧਾ ਸਬੰਧ ਨਹੀਂ ਹੈ। ਧਰਮ ਆਦਮੀ ਨੂੰ ਤਾਕਤਵਰ ਬਣਾਉਂਦਾ ਹੈ, ਮਨੁੱਖ ਨੂੰ ਕੁਝ ਕਰਨ ਤੇ ਚੰਗਾ ਸੋਚਣ ਦੀ ਪ੍ਰੇਰਨਾ ਦਿੰਦਾ ਹੈ, ਜਦਕਿ ਚਮਤਕਾਰ ਉਸ ਨੂੰ ਨਿਤਾਣਾ ਤੇ ਕਮਜ਼ੋਰ ਬਣਾਉਂਦੇ ਹਨ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਸਮਾਜ ਨੂੰ ਵਹਿਮਾਂ-ਭਰਮਾਂ ਤੇ ਅੰਧ ਵਿਸ਼ਵਾਸਾਂ ਵਿਚੋਂ ਕੱਢਿਆ ਕਿਵੇਂ ਜਾਵੇ? ਅੰਧ ਵਿਸ਼ਵਾਸ ਤੋਂ ਛੁੱਟਕਾਰਾ ਪਾਉਣ ਲਈ ਖਾਸ ਕਰ ਔਰਤਾਂ ਤੇ ਨੌਜਵਾਨਾਂ ਨੂੰ ਤਰਕ ਦੇ ਆਧਾਰ 'ਤੇ ਵਿਗਿਆਨਕ ਤਰੀਕੇ ਨਾਲ ਹਰ ਸਮੱਸਿਆ ਦੇ ਕਾਰਨਾਂ ਨੂੰ ਲੱਭਣਾ ਤੇ ਹੱਲ ਕਰਨਾ ਪਵੇਗਾ।

ਜਦੋਂ ਅਸੀਂ ਕਿਸੇ ਵੀ ਸਮੱਸਿਆ ਨੂੰ ਕੀ, ਕਦੋਂ ਤੇ ਕਿਵੇਂ ਦੇ ਤਰਕ ਆਧਾਰਿਤ ਫਾਰਮੂਲੇ ਨਾਲ ਸਮਝ ਕੇ ਕਾਰਨ ਲੱਭਣ ਦਾ ਯਤਨ ਕਰਦੇ ਹਾਂ ਤਾਂ ਸਮੱਸਿਆਵਾਂ ਦੇ ਕਾਰਨ ਤੇ ਹੱਲ ਦਾ ਖਾਕਾ ਸਾਡੇ ਦਿਮਾਗ ਵਿਚ ਤੁਰੰਤ ਆ ਜਾਂਦਾ ਹੈ। ਅੱਜ ਸਮੇਂ ਦੀ ਤ੍ਰਾਸਦੀ ਤੇ ਦੁਖਾਂਤ ਇਹ ਹੈ ਕਿ ਪਿਛਾਂਹ ਖਿੱਚੂ ਵਿਚਾਰ ਅਤੇ ਅੰਧ ਵਿਸ਼ਵਾਸਾਂ ਨਾਲ ਭਰੇ ਰੀਤੀ-ਰਿਵਾਜ਼ ਭਾਰੂ ਹੋਣ ਕਾਰਨ ਵਿਗਿਆਨਕ ਕਾਰਨਾਂ ਤੇ ਹੱਲ ਨੂੰ ਮੰਨਣ ਦੀ ਜਗ੍ਹਾ ਲੋਕ ਭੁਲੇਖੇ ਤੇ ਰਹੱਸਵਾਦ ਦਾ ਸ਼ਿਕਾਰ ਹੁੰਦੇ ਹਨ। ਅਸੀਂ ਆਮ ਦੇਖਦੇ ਹਾਂ ਕਿ ਸਾਡੇ ਪੜ੍ਹੇ-ਲਿਖੇ ਨੌਜਵਾਨ ਲੜਕੇ ਤੇ ਲੜਕੀਆਂ ਆਪਣੀ ਬਾਂਹ ਦੇ ਗੁੱਟ ਤੇ ਮੌਲੀ ਬੰਨ੍ਹ ਕੇ ਰੱਖਦੇ ਹਨ। ਇਸ ਤੋਂ ਸਾਫ ਪਤਾ ਲੱਗਦਾ ਹੈ ਕਿ ਸਾਡੀ ਸਿੱਖਿਆ ਪ੍ਰਣਾਲੀ ਮੌਜੂਦਾ ਸਮੇਂ ਦੇ ਹਾਣ ਦੀ ਨਹੀਂ ਹੈ ਤੇ ਵਿਗਿਆਨਕ ਸਿਧਾਂਤਾਂ ਤੋਂ ਕੋਸਾਂ ਦੂਰ ਹੈ। ਇਸੇ ਕਰਕੇ ਸਮਾਜ ਵਿਚ ਅੰਧ ਵਿਸ਼ਵਾਸ ਉਹ ਜ਼ਰਖੇਜ਼ ਜ਼ਮੀਨ ਬਣ ਰਹੇ ਹਨ, ਜਿੱਥੇ ਚਮਤਕਾਰਾਂ ਤੇ ਕਰਾਮਾਤਾਂ ਲਈ ਯਕੀਨ ਪੈਦਾ ਹੋ ਰਿਹਾ ਹੈ।

ਆਪਣੀ ਸੂਝ-ਬੂਝ ਦੀ ਵਰਤੋਂ ਕਰਨ ਦੀ ਬਜਾਏ ਮਿੱਥਕ ਵਿਚਾਰ ਤੇ ਕਲਪਨਾਤਮਕ ਧਾਰਨਾਵਾਂ ਨੂੰ ਹੀ ਲਾਗੂ ਕੀਤਾ ਜਾ ਰਿਹਾ ਹੈ। ਸੱਜੇ ਹੱਥ ਦੀ ਪਹਿਲੀ ਉਂਗਲ ਵਿਚ ਮੁੰਦਰੀ ਪਾਉਣਾ ਤੇ ਉਸ ਵਿਚ ਖਾਸ ਨਗ ਜੜਵਾਉਣਾ ਵੀ ਨੌਜਵਾਨਾਂ ਦਾ ਇਹੋ ਰੁਝਾਨ ਦੱਸਦਾ ਹੈ ਕਿ ਉਹਨਾਂ ਦੀ ਮਾਨਸਿਕਤਾ ਹਾਲੇ ਵੀ ਕਿੰਨੀ ਰੂੜ੍ਹੀਵਾਦੀ ਹੈ। ਸਰਕਾਰਾਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਹਰ ਜ਼ਿਲ੍ਹੇ ਤੇ ਬਲਾਕ ਪੱਧਰ 'ਤੇ 'ਗਿਆਨ-ਵਿਗਿਆਨ ਦੀ ਸਮਾਜਿਕ ਜੀਵਨ ਵਿਚ ਲੋੜ ਤੇ ਮਹੱਤਤਾ' ਵਿਸ਼ੇ 'ਤੇ ਸੈਮੀਨਾਰ ਤੇ ਗੋਸ਼ਟੀਆਂ ਦਾ ਪ੍ਰਬੰਧ ਕਰਨ ਤਾਂ ਜੋ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਬਣ ਸਕੇ ਤੇ ਲੋਕਾਂ ਵਿਚ ਤਰਕ ਦੀ ਚੇਤਨਾ ਪੈਦਾ ਹੋ ਸਕੇ, ਜਿਵੇਂ-ਜਿਵੇਂ ਮਨੁੱਖ ਵਿਚ ਆਪਣੀ ਸੋਚਣ ਸ਼ਕਤੀ, ਆਪਣੀ ਯੋਗਤਾ ਅਤੇ ਆਪਣੀ ਸਰਗਰਮੀ ਵਿਚ ਵਿਸ਼ਵਾਸ ਵਧੇਗਾ, ਉਹ ਚਮਤਕਾਰੀ ਬਾਬਿਆਂ, ਜੋਤਸ਼ੀਆਂ ਅਤੇ ਤਾਂਤਰਿਕਾਂ ਦੇ ਮਾਇਆ ਜਾਲ ਤੋਂ ਮੁਕਤੀ ਪ੍ਰਾਪਤ ਕਰਦਾ ਜਾਏਗਾ।

ਇਸ ਦੇ ਨਾ ਹੀ ਸਰਕਾਰ ਇਕ ਅਜਿਹਾ ਕਾਨੂੰਨ ਬਣਾਵੇ, ਜਿਸ ਵਿਚ ਅੰਧ ਵਿਸ਼ਵਾਸ ਤੇ ਚਮਤਕਾਰ ਕਰਨ ਦਾ ਪ੍ਰਚਾਰ ਕਰਨ ਵਾਲਿਆਂ ਖ਼ਿਲਾਫ਼ ਸਜਾ ਦਾ ਪ੍ਰਾਵਧਾਨ ਹੋਵੇ। ਤਦ ਹੀ ਸਾਡਾ ਸਮਾਜ ਅਸਲ ਵਿਚ 21ਵੀਂ ਸਦੀ ਦਾ ਵਿਗਿਆਨਕ ਯੁੱਗ ਅਖਵਾਉਣ ਦਾ ਹੱਕਦਾਰ ਹੋਵੇਗਾ।


Speak to a SolarCity energy consultant to save on your monthly electricity bill

With no upfront cost and predictable energy rates, SolarCity makes switching to solar easy





Dilwinder Ralh

ਨੋਟ: ਤੁਸੀਂ ਮੇਰੇ ਨਾਲ ਪੰਜਾਬੀ ਅਤੇ ਹਿੰਦੀ ਵਿਚ ਵੀ ਗੱਲ ਕਰ ਸਕਦੇ ਹੋ।

ਸਾਡੇ ਕੋਲ ਲੀਜ਼ ਪ੍ਰੋਗਰਾਮ ਵੀ ਉਪਲੱਬਧ ਹਨ

For more information call me:

SolarCity

Free Installation, Maintenance, Repair & Monitoring by SolarCity for 20 years

* 10 ਸਾਲਾਂ ਲਈ ਕਰਜ਼ਾ 2.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ
* 20 ਸਾਲਾਂ ਲਈ ਕਰਜ਼ਾ 4.99 ਪ੍ਰਤੀਸ਼ਤ ਵਿਆਜ, 0 ਡਾਲਰ ਡਾਊਨ ਪੇਮੈਂਟ

There are special own program options 2016:

1. 10 years loan term @2.99% interest $0 down payment
2. 20 years loan term @4.99% interest $0 down payment
3. We have also speacial lease programme.
4. Also 30% off Federal Tax Credit.

ਜੇਕਰ ਕੋਈ ਸਾਨੂੰ ਕਸਟਮਰ ਰੈਫਰ ਕਰਦਾ ਹੈ ਤਾਂ ਕੰਪਨੀ ਉਸ ਨੂੰ 200 ਡਾਲਰ ਦੇਵੇਗੀ





Dilwinder Ralh
Field Energy Consultant (FEC)
Yuba City. CA 95993
dralh@solarcity.com Ph: 530-933-3938



Green CLEANING

Elm Discount Dry Cleaners

$3.50 Most Garments Dry Clean
$1.25 Laundered Shirts

Service Includes :
Expert Alterations, Rugs, Draperies, Gowns, Shoes, Comforters Households, Leather & Swede

Bring in 6 Garments, 1 Regulat Garment is Free
Addition 10% OFF on Business Accounts

6 ਗਾਰਮੈਂਟਸ ਲਿਆਓ, ਇਕ ਰੈਗੂਲਰ ਗਾਰਮੈਂਟ ਮੁਫਤ
10 ਫੀਸਦੀ ਬਿਜਨਸ ਅਕਾਊਂਟਸ ਤੇ ਛੋਟ

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 7 ਤੋਂ ਸ਼ਾਮ 7 ਵਜੇ ਤੱਕ,
ਸ਼ਨਿਚਰਵਾਰ ਸਵੇਰੇ 9 ਤੋਂ ਸ਼ਾਮ 5 ਵਜੇ ਤੱਕ

Manager Shobhna Singh (650) 995-0785

www.elmdiscountdrycleaners.com

ਪੰਜਾਬੀ ਸੂਟ ਵੀ ਇੱਥੇ ਡ੍ਰਾਈਕਲੀਨ ਕੀਤੇ ਜਾਂਦੇ ਹਨ

4207 Elverta Road, Suite 111, Antelope CA 95843

(916) 729-7900 Customer Satisfaction Guaranteed

## ਆਜ਼ਾਦੀ ਦਿਵਸ ਤੇ ਵਿਸ਼ੇਸ਼

# ਦੇਸ਼ ਆਜ਼ਾਦੀ ਸਮਾਜਿਕ ਅਤੇ ਆਰਥਿਕ ਬਰਾਬਰੀ ਤੋਂ ਬਿਨਾਂ ਅਧੂਰੀ



ਕੇ. ਸੀ. ਸੁਲੇਖ
0172-4623503

15 ਅਗਸਤ ਦਾ ਦਿਨ ਭਾਰਤ ਦੇ ਇਤਿਹਾਸ ਵਿਚ ਇਕ ਬਹੁਤ ਹੀ ਵਿਸ਼ੇਸ਼ ਮਹੱਤਤਾ ਦਾ ਦਿਨ ਹੈ ਜਦ 1947 ਵਿਚ ਭਾਰਤ ਕੇਵਲ ਅੰਗਰੇਜ਼ ਸਰਕਾਰ ਦੀ ਹੀ ਨਹੀਂ ਸਗੋਂ ਉਸ ਤੋਂ ਪਹਿਲਾਂ ਸੈਂਕਡੇ ਸਾਲਾਂ ਦੀ ਵੀ ਵਿਦੇਸ਼ੀ ਧਾੜਵੀਆਂ ਦੀ ਲੰਬੀ ਗੁਲਾਮੀ ਤੋਂ ਆਜਾਦ ਹੋਇਆ ਸੀ। ਇਸ ਦਿਨ ਦੀ ਭਾਰਤ ਦੇ ਇਤਿਹਾਸ ਵਿਚ ਕੀ ਮਹੱਤਤਾ ਹੈ, ਉਹ ਆਜ਼ਾਦ ਭਾਰਤ ਦੇ ਪਹਿਲੇ ਬਣੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਦੇ ਉਸ ਪ੍ਰਸਿੱਧ ਭਾਸ਼ਣ Tryst with Desting (ਅਰਥਾਤ ਨਸੀਬ ਨਾਲ ਰੁਮਾਂਚਿਕ ਮਿਲਣ) ਤੋਂ ਹੀ ਪਤਾ ਲੱਗ ਜਾਂਦਾ ਹੈ ਜਿਹੜਾ ਉਹਨਾਂ ਨੇ 14-15 ਅਗਸਤ ਦੀ ਦਰਮਿਆਨੀ ਰਾਤ ਨੂੰ ਅੰਗਰੇਜ਼ ਗਵਰਨਰ ਜਨਰਲ ਲਾਰਡ ਮਾਊਂਟ ਬੈਟਨ ਤੋਂ ਹਕੂਮਤ ਦੀਆਂ ਚਾਬੀਆਂ ਸੰਭਾਲਣ ਸਮੇਂ ਦਿੱਤਾ ਸੀ। ਉਸ ਸੰਖੇਪ ਸਪੀਚ ਵਿਚ ਦੇਸ਼ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਉਹਨਾਂ ਨੇ ਕਿਹਾ ਸੀ 'ਹੁਣ ਅੱਧੀ ਰਾਤ ਸੁੱਤੇ ਪਏ ਲੋਕਾਂ ਨੂੰ ਸਵੇਰੇ ਜਾਗਣ ਤੇ ਇਹ ਜਾਣ ਕੇ ਅਚਨਚੇਤ ਕਿੰਨੀ ਖੁਸ਼ੀ ਹੋਵੇਗੀ ਕਿ ਉਹ ਵਿਦੇਸ਼ੀ ਗੁਲਾਮੀ ਤੋਂ ਆਜ਼ਾਦ ਹੋ ਗਏ ਹਨ। ਇਤਿਹਾਸ ਵਿਚ ਅਜਿਹਾ ਮੌਕਾ ਬਹੁਤ ਘੱਟ ਆਉਂਦਾ ਹੈ, ਜਦ ਲੋਕ ਅਤੀਤ ਵਿਚੋਂ ਨਿਕਲ ਕੇ ਨਵੇਂ ਆਧੁਨਿਕ ਯੁੱਗ ਵਿਚ ਪੈਰ ਧਰਦੇ ਹਨ ਜਦ ਇਕ ਯੁੱਗ ਖਤਮ ਹੋ ਜਾਂਦਾ ਹੈ ਅਤੇ ਰਾਸ਼ਟਰ ਨੂੰ ਇਕ ਲੰਮੀ ਪ੍ਰਤਾੜਨਾ ਅਤੇ ਦਮਨ ਤੋਂ ਬਾਅਦ ਆਪਣੀ ਆਜ਼ਾਦੀ ਅਤੇ ਕਾਮਯਾਬੀ ਦੇ ਜਸ਼ਨ ਮਨਾਉਣ ਦੀ ਖੁੱਲ੍ਹ ਮਿਲਦੀ ਹੈ। ਹੁਣ ਸਾਡੇ ਸਾਹਮਣੇ ਬਹੁਤ ਵੱਡੀਆਂ ਚੁਣੌਤੀਆਂ ਹਨ। ਸਾਨੂੰ ਹਰ ਰੋਂਦੀ ਅੱਖ ਦੇ ਹੰਝੂ ਪੂੰਝਣੇ ਹੋਣਗੇ। ਸਾਨੂੰ ਆਪਣੇ ਦੁੱਖਾਂ ਭਰੇ ਬੀਤੇ ਅਤੀਤ ਨੂੰ ਪਿੱਛੇ ਸੁੱਟ ਕੇ ਘੋਰ ਅਗਿਆਨਤਾ ਅਤੇ ਗਰੀਬੀ ਭੋਗਦੇ ਕਰੋੜਾਂ ਲੋਕਾਂ ਦੀ ਸੇਵਾ ਵਿਚ ਜੁਟ ਜਾਣਾ ਹੋਵੇਗਾ।'

ਲੇਕਿਨ ਇਸ ਆਜ਼ਾਦੀ ਮਿਲਣ ਦੀ ਖੁਸ਼ੀ ਵਿਚ ਵੱਜਦੇ ਢੋਲ ਨਗਾਰਿਆਂ ਦਰਮਿਆਨ ਭਾਰਤ ਦੀ ਕੁੱਲ ਆਬਾਦੀ ਦੇ ਤੀਜੇ ਹਿੱਸੇ ਬਰਾਬਰ ਆਬਾਦੀ ਵਾਲਾ ਇਕ ਅਜਿਹਾ ਵੀ ਤਬਕਾ ਸੀ, ਜਿਸ ਨੂੰ ਆਜ਼ਾਦੀ ਦੀ ਇਸ ਦੁਰਲੱਭ ਪ੍ਰਾਪਤੀ ਵਿਚ ਵੀ ਅਪਣੱਤ ਦੀ ਗਰਮਾਹਟ ਮਹਿਸੂਸ ਨਹੀਂ ਹੋ ਰਹੀ ਸੀ। ਇਸ ਮੌਕੇ ਤੇ ਪੰਡਿਤ ਨਹਿਰੂ ਦੇ ਸ਼ਬਦਾਂ ਅਨੁਸਾਰ ਉਹਨਾਂ ਦੇ ਦਿਲਾਂ ਨੂੰ ਵੀ ਕੋਈ ਰੁਮਾਂਚਿਕ ਝਰਨਾਹਟ ਕਿਉਂ ਮਹਿਸੂਸ ਨਹੀਂ ਹੋਈ? ਇਸ ਦਾ ਜਵਾਬ ਲੋਕ ਕਵੀ ਗੁਰਦਾਸ ਰਾਮ ਆਲਮ ਦੀ ਸਿੱਧੀ ਪੱਧਰੀ ਭਾਸ਼ਾ ਵਿਚ ਲਿਖੀ ਗਈ ਕਵਿਤਾ ਵਿਚ ਮਿਲ ਸਕਦਾ ਹੈ:

ਕਿਉਂ ਵੀ ਨਿਹਾਲਿਆ, ਆਜ਼ਾਦੀ ਵੇਖੀ?
ਨਾ ਬਈ ਭਰਾਵਾ, ਨਾ ਖਾਧੀ ਨਾ ਵੇਖੀ।
ਮੈਂ ਜੱਗੂ ਤੋਂ ਸੁਣਿਐ ਅੰਬਾਲੇ ਖੜ੍ਹੀ ਸੀ।
ਬਿਰਲੇ ਦੇ ਘਰ ਵੱਲ ਅਗਾੜੀ ਸੀ ਉਸ ਦੀ।
ਤੇ ਲੋਕਾਂ ਦੇ ਮੂੰਹ ਵੱਲ ਪਛਾੜੀ ਸੀ ਉਸ ਦੀ।
ਆਈ ਨੂੰ ਭਾਵੇਂ ਤੀਆ ਸਾਲ ਬੀਤਾ।
ਅਸੀਂ ਤਾਂ ਅਜੇ ਤੱਕ ਦਰਸ਼ਨ ਨਹੀਂ ਕੀਤਾ।'
(ਗੁਰਦਾਸ ਰਾਮ ਆਲਮ ਕਾਵਿ ਰਚਨਾ ਵਿਚੋਂ)

ਜਿਹੜੇ ਲੋਕ ਇਸ ਵਰਗ ਨਾਲ ਸਬੰਧਤ ਹਨ ਅਤੇ ਜਿਹਨਾਂ ਨੇ ਅਜਿਹੇ ਹਾਲਾਤ ਨੂੰ ਨੇੜੇ ਤੋਂ ਦੇਖਿਆ ਅਤੇ ਅਨੁਭਵ ਕੀਤਾ ਉਹ ਜਾਣ ਸਕਦੇ ਹਨ ਕਿ ਇਹ ਕਵਿਤਾ ਕੇਵਲ ਕਲਪਨਾ ਮਾਤਰ ਨਹੀਂ ਹੈ, ਬਲਕਿ ਠੋਸ ਹਕੀਕਤ ਹੈ।

ਫਿਰ ਵੀ ਇਹ ਹਕੂਮਤ ਦੇ ਨਵੇਂ ਦਾਅਵੇਦਾਰ ਸੰਗਠਨਾਂ/ਪਾਰਟੀਆਂ ਦੀਆਂ ਬੇਹੱਦ ਖੁਸ਼ੀਆਂ ਦਾ ਮੌਕਾ ਸੀ ਅਤੇ ਉਹਨਾਂ ਨੇ ਜਸ਼ਨ ਵੀ ਮਨਾਏ ਅਤੇ ਸੱਤਾ ਵਿਚ ਆਉਣ ਵਾਲੀਆਂ ਪਾਰਟੀਆਂ ਨੇ ਆਪਣੀਆਂ ਸਰਕਾਰਾਂ ਨੂੰ ਮਜ਼ਬੂਤ ਕਰਨ ਅਤੇ ਚਿਰ ਸਥਾਈ ਬਣਾਈ ਰੱਖਣ ਲਈ ਨਵੀਆਂ ਨਵੀਆਂ ਵਿਉਂਤਾਂ ਅਤੇ ਨੀਤੀਆਂ ਵੀ ਬਣਾਈਆਂ ਅਤੇ ਇਸੇ ਖੁਸ਼ੀ ਵਿਚ ਭਾਰਤ ਨੂੰ ਅਡਵਾਨੀ ਵਰਗੇ ਸ਼ੇਖੀ-ਮਾਰ ਨੇਤਾ ਸ਼ਾਈਨਿੰਗ ਇੰਡੀਆ ਅਰਥਾਤ ਜਗਮਗਾਉਂਦਾ ਭਾਰਤ ਵੀ ਕਹਿਣ ਲੱਗ ਪਏ ਭਾਵੇਂ ਇਸ ਦੀ ਥਾਂਹ ਭਾਰਤ ਨੂੰ ਗਰੀਬੀ, ਭੁੱਖਮਰੀ, ਅਨਪੜ੍ਹਤਾ, ਬੇਰੁਜ਼ਗਾਰੀ ਦੇ ਲਿਹਾਜ਼ ਨਾਲ ਨਿਘਰਦਾ ਭਾਰਤ ਕਹਿਣਾ ਜ਼ਿਆਦਾ ਉਚਿਤ ਹੁੰਦਾ। ਆਜ਼ਾਦੀ ਦੇ 69 ਸਾਲ ਤੋਂ ਬਾਅਦ ਵੀ ਨਿਰਪੱਖ ਸਰਵੇਖਣਾਂ ਦੇ ਹਿਸਾਬ ਨਾਲ ਗਰੀਬ ਲੋਕਾਂ ਦੀ ਵੱਡੀ ਗਿਣਤੀ ਆਪਣਾ ਮਕਾਨ ਨਾ ਹੋਣ ਕਾਰਨ ਬੱਚਿਆਂ ਸਮੇਤ ਸੜਕਾਂ ਦੇ ਫੁਟਪਾਥਾਂ ਤੇ ਸੌਣ ਲਈ ਮਜਬੂਰ ਹੈ। ਸਲੱਮ ਆਬਾਦੀਆਂ ਦੇ ਗੰਦੇ ਵਾਤਾਵਰਣ ਵਿਚ ਰਹਿੰਦੇ ਲੱਖਾਂ ਲੋਕ ਬਿਨਾਂ ਇਲਾਜ ਬਿਮਾਰੀਆਂ ਨਾਲ ਮਰ ਜਾਂਦੇ ਹਨ। ਅੱਧ ਦੇ ਨੇੜੇ ਤੇੜੇ ਲੋਕਾਂ ਨੂੰ ਰਾਤ ਨੂੰ ਭੁੱਖੇ ਪੇਟ ਸੌਣਾ ਪੈਂਦਾ ਹੈ। ਆਪਣੇ ਅਤੇ ਆਪਣੇ ਟੱਬਰ ਦਾ ਪੇਟ ਪਾਲਣ ਲਈ 77 ਫੀਸਦੀ ਆਬਾਦੀ ਨੂੰ 20 ਰੁਪਏ ਦਿਹਾੜੀ ਤੇ ਗੁਜ਼ਾਰਾ ਕਰਨਾ ਪੈਂਦਾ ਹੈ। ਪੜ੍ਹ-ਲਿਖ ਕੇ ਵੀ ਬੱਚੇ ਬੇਰੁਜ਼ਗਾਰ ਹਨ, ਇਸ ਹਾਲਤ ਵਿਚ ਉਹਨਾਂ ਦਾ ਨਸ਼ਿਆਂ ਅਤੇ ਹੋਰ ਗੈਰ ਸਮਾਜਿਕ ਕੰਮ ਧੰਦਿਆਂ ਵਿਚ ਫਸ ਜਾਣਾ ਕੋਈ ਬੜੀ ਗੱਲ ਨਹੀਂ। ਸੰਵਿਧਾਨਕ ਰਿਜ਼ਰਵੇਸ਼ਨ ਵਰਗੀਆਂ ਸਹੂਲਤਾਂ ਦਾ ਦਾਇਰਾ ਤੰਗ ਹੋ ਜਾਣ ਨਾਲ ਦਲਿਤ ਸਮਾਜ ਦੀਆਂ ਦੁਸ਼ਵਾਰੀਆਂ ਵਿਚ ਹੋਰ ਵਾਧਾ ਹੋ ਗਿਆ ਹੈ। ਇਸ ਦੇ ਨਾਲ ਨਾਲ ਇਸ ਦੇਸ਼ ਵਿਚ ਇਹੋ ਜਿਹੇ ਵੀ ਲੋਕ ਹਨ, ਜਿਹਨਾਂ ਦੀ ਦੌਲਤ ਦਾ ਕੋਈ ਅੰਤ ਨਹੀਂ। ਦੇਸ਼ ਦੇ ਬੈਂਕਾਂ ਤੋਂ ਇਲਾਵਾ ਬਾਹਰਲੇ ਦੇਸ਼ਾਂ ਦੇ ਬੈਂਕ ਇਹਨਾਂ ਦੀ ਕਾਲੀ ਕਮਾਈ ਨਾਲ ਭਰੇ ਪਏ ਹਨ। ਬਾਹਰ ਪਿਆ ਪੈਸਾ ਕਿੰਨਾ ਕੁ ਹੋ ਸਕਦਾ ਹੈ, ਉਸਦਾ ਅੰਦਾਜ਼ਾ ਖੁਦ ਮੋਦੀ ਸਾਹਿਬ ਦੇ ਭਾਸ਼ਣਾਂ ਤੋਂ ਹੀ ਲੱਗ ਸਕਦਾ ਹੈ ਜੋ ਉਹਨਾਂ ਨੇ ਪ੍ਰਧਾਨ ਮੰਤਰੀ ਬਣਨ ਤੋਂ ਪਹਿਲਾਂ ਇਲੈਕਸ਼ਨ ਪ੍ਰਚਾਰ ਸਮੇਂ ਦਿੱਤੇ ਸਨ ਕਿ ਉਸ ਪੈਸੇ ਨਾਲ ਇਕੱਲੇ ਇਕੱਲੇ ਬੰਦੇ ਦੇ ਖਾਤੇ ਵਿਚ 15-15 ਲੱਖ ਰੁਪਏ ਜਮ੍ਹਾ ਹੋ ਜਾਣਗੇ (ਭਾਵੇਂ ਉਸ ਪੈਸੇ ਨੂੰ ਦੇਸ਼ ਵਿਚ ਲਿਆਉਣ ਦੇ ਵਾਅਦੇ ਤੋਂ ਉਹ ਪਿੱਛੇ ਹਟ ਗਏ ਪਰ ਫਿਰ ਵੀ ਕੁਝ ਸੱਚਾਈ ਤਾਂ ਹੈ) ਦੁਨੀਆਂ ਦੇ ਦਸ ਅਮੀਰ-ਤਰੀਨ ਘਰਾਣਿਆਂ ਵਿਚ ਇਹਨਾਂ (ਅੰਬਾਨੀਆਂ, ਮਿੱਤਲਾਂ, ਬਜਾਜਾਂ, ਅਦਾਨੀਆਂ, ਟਾਟਿਆਂ) ਦਾ ਸ਼ੁਮਾਰ ਹੁੰਦਾ ਹੈ। ਸਤਾਈ ਸਤਾਈ ਮੰਜ਼ਿਲਾ ਮਕਾਨਾਂ ਤੋਂ ਘੱਟ ਉਹਨਾਂ ਨੂੰ ਨੀਂਦ ਨਹੀਂ ਆਉਂਦੀ। ਜਿਹਾ ਕਿ ਪਿੱਛੇ ਜਿਹੇ ਹੋਏ ਇਕ ਰਾਸ਼ਟਰੀ ਚਿੰਤਨ ਸੰਮੇਲਨ ਵਿਚ ਕਿਹਾ ਗਿਆ ਕਿ ਭਾਰਤ, ਗਿਣਤੀ ਵਿਚ ਇਕ ਨਹੀਂ ਦੋ ਭਾਰਤ ਹਨ। ਇਕ ਅਮੀਰ ਭਾਰਤ, ਦੂਜਾ ਗਰੀਬ ਭਾਰਤ। ਆਰਥਿਕ ਆਧਾਰ 'ਤੇ ਵੰਡੇ ਗਏ ਭਾਰਤ ਨਾਲ ਹੁਣ ਇਕ ਹੋਰ 'ਧਰਮੀ ਭਾਰਤ' ਜੁੜਨ ਨਾਲ ਸਮੱਸਿਆ ਹੋਰ ਗੰਭੀਰ ਅਤੇ ਗੁੰਝਲਦਾਰ ਬਣ ਗਈ ਹੈ। ਧਰਮੀ ਜਨੂੰਨ ਦੇ ਸਿਆਸਤ ਵਿਚ ਆਉਣ ਨਾਲ ਦੇਸ਼ ਵਿਚ ਦਹਿਸ਼ਤਗਰਦੀ, ਗੁੰਡਾਗਰਦੀ, ਡਰ, ਸਹਿਮ, ਅਸੁਰੱਖਿਆ ਦਾ ਮਾਹੌਲ ਬਣ ਗਿਆ ਹੈ। ਅਸਹਿਣਸ਼ੀਲਤਾ, ਕੁੜੱਤਣ ਅਤੇ ਆਪਸੀ ਬੇਭਰੋਸਗੀ ਦੀ ਘੁਟਣ ਵਿਚ ਦੇਸ਼ ਜੇ ਹਾਲੇ ਤੇਜ਼ੀ ਨਾਲ ਨਹੀਂ ਤਾਂ ਹੌਲੇ ਹੌਲੇ ਖਾਨਾਜੰਗੀ ਵੱਲ ਨਿਸ਼ਚੇ ਹੀ ਵੱਧ ਰਿਹਾ ਹੈ। ਤੂਫਾਨ ਆਉਣ ਤੇ ਸ਼ੁਤਰ ਮੁਰਗ ਦੀ ਤਰ੍ਹਾਂ ਰੇਤ ਵਿਚ ਮੂੰਹ ਛੁਪਾਉਣਾ ਵੱਖਰੀ ਗੱਲ ਹੈ। ਇਹੋ ਜਿਹੇ ਜਨੂੰਨ ਭਰੇ ਹਾਲਾਤ ਵਿਚ ਦਲਿਤ ਲੋਕਾਂ ਦੀ ਸਮੁੱਚੇ ਤੌਰ ਤੇ ਕੀ ਹਾਲਤ ਹੋ ਸਕਦੀ ਹੈ, ਉਸ ਦਾ ਪਤਾ ਕੁਝ ਇਹਨਾਂ ਦਿਨਾਂ ਵਿਚ ਹੋਈਆਂ ਘਟਨਾਵਾਂ ਤੋਂ ਹੀ ਲੱਗ ਸਕਦਾ ਹੈ ਕਿ ਦੇਸ਼ ਵਿਚ ਇਕ ਸਿਰੇ ਤੋਂ ਦੂਸਰੇ ਸਿਰੇ ਤੱਕ ਖਾਸ ਤੌਰ ਤੇ ਆਰ. ਐਸ. ਐਸ. ਦੇ ਏਜੰਡੇ ਤੇ ਬਣੀ ਮੋਦੀ ਸਰਕਾਰ ਦੇ ਸੱਤਾ



ਸੰਭਾਲਣ ਉਪਰੰਤ ਜੋ ਦਲਿਤ ਲੋਕਾਂ ਤੇ ਜ਼ੁਲਮਾਂ ਅੱਤਿਆਚਾਰਾਂ ਦਾ ਦੌਰ ਸ਼ੁਰੂ ਹੋ ਗਿਆ ਹੈ, ਉਸ ਨੇ ਸਭ ਦੀਆਂ ਪੋਲਾਂ ਖੋਲ੍ਹ ਦਿੱਤੀਆਂ ਹਨ ਕਿ ਸ਼ੁੱਧ ਹਿੰਦੂ ਰਾਸ਼ਟਰ ਅਤੇ ਹਿੰਦੂ ਰਾਜ ਦੇ ਏਜੰਡੇ ਨੂੰ ਸਾਕਾਰ ਕਰਨ ਲਈ ਇਹਨਾਂ ਸੰਗਠਨਾਂ ਦੀ ਕੀ ਕਾਰਜ ਯੋਜਨਾ ਹੈ ਅਤੇ ਉਸ ਨੂੰ ਅਮਲੀ ਰੂਪ ਦੇਣ ਲਈ ਉਹ ਕਿਸ ਹੱਦ ਤੱਕ ਜਾ ਸਕਦੇ ਹਨ। ਪਾਰਲੀਮੈਂਟ ਦੇ ਸਦਨ ਤੇ ਹੋਈ ਖੁੱਲ੍ਹੀ ਬਹਿਸ ਦੌਰਾਨ ਸਭ ਪਾਰਟੀਆਂ ਦੇ ਨੇਤਾਵਾਂ ਨੇ ਦਲਿਤਾਂ ਤੇ ਹੋ ਰਹੇ ਅੱਤਿਆਚਾਰਾਂ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਅਤੇ ਭੰਡੀ ਕੀਤੀ। ਸੱਤਾ ਪੱਖ ਤੇ ਸਿੱਧਾ ਹਮਲਾ ਕਰਕੇ ਇਲਜ਼ਾਮ ਲਗਾਇਆ ਗਿਆ ਕਿ ਏ ਬੀ ਵੀ ਪੀ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਦਬੰਗ ਦਸਤਿਆਂ ਨੇ ਜੋ ਪਹਿਲਾਂ ਮੁਸਲਮਾਨ ਲੋਕਾਂ ਨੂੰ ਆਪਣੇ ਗੁੱਸੇ ਅਤੇ ਨਫਰਤ ਦਾ ਸ਼ਿਕਾਰ ਬਣਾਇਆ ਹੁਣ ਉਹਨਾਂ ਦੇ ਨਿਸ਼ਾਨੇ ਤੇ ਦਲਿਤ ਲੋਕ ਆ ਗਏ ਹਨ। ਬਹੁਤੇ ਕੇਸਾਂ ਵਿਚ ਬਹਾਨਾ ਗਊ ਰੱਖਿਆ ਨੂੰ ਬਣਾਇਆ ਗਿਆ। ਇਸ ਵਿਚ ਸਹੀ ਜਾਂ ਗਲਤ ਹੋਣ ਦੀ ਪਰਵਾਹ ਕੀਤੇ ਬਿਨਾਂ ਕੇਵਲ ਸ਼ੱਕ ਜਾਂ ਅਫਵਾਹ ਨੂੰ ਲੈ ਕੇ ਸ਼ੱਕੀ ਬੰਦਿਆਂ ਨੂੰ ਕੁੱਟ ਕੁੱਟ ਕੇ ਅੱਧ ਮਰਿਆ ਜਾਂ ਜਾਨੋਂ ਮਾਰ ਦਿੱਤਾ ਜਾਂਦਾ ਹੈ। ਇਸ ਦੀ ਲੂੰ ਕੰਡੇ ਖੜ੍ਹੇ ਕਰਨ ਵਾਲੀ ਘਟਨਾ ਉਦੋਂ ਸਾਹਮਣੇ ਆਈ ਜਦ ਉਹਨਾਂ ਗੁਜਰਾਤ ਵਿਚ 11 ਜੁਲਾਈ ਨੂੰ ਹੋਈ ਘਟਨਾ ਨੂੰ ਟੀ. ਵੀ. ਚੈਨਲਾਂ ਨੇ ਵਾਰ-ਵਾਰ ਦਿਖਾਇਆ ਕਿ ਏ ਬੀ ਵੀ ਪੀ ਦੇ ਆਪੇ ਬਣ ਗਊ ਰਕਸ਼ਕ, ਕਿਸ ਤਰ੍ਹਾਂ ਚਾਰ ਦਲਿਤ ਬੰਦਿਆਂ ਨੂੰ ਰੱਸਿਆਂ ਨਾਲ ਬੰਨ੍ਹ ਕੇ ਉਹਨਾਂ ਨੂੰ ਨੰਗੇ ਪਿੰਡੇ ਲੋਹੇ ਦੀਆਂ ਸਲਾਖਾਂ ਅਤੇ ਬੈਂਤਾਂ ਨਾਲ ਕਈ ਘੰਟੇ ਕੁੱਟਦੇ ਰਹੇ। ਉਸ ਵੇਲੇ ਇਸ ਸ਼ਰਮਨਾਕ ਘਟਨਾ ਨੂੰ ਦੇਖਣ ਅਤੇ ਸ਼ਹਿ ਦੇਣ ਵਾਲੇ ਸਾਥੀ ਬਰਾਬਰ ਖੜ੍ਹੇ ਰਹੇ। ਦਲਿਤ ਬੰਦਿਆਂ ਤੇ ਦੋਸ਼ ਸੀ ਕਿ ਉਹ ਮਰੀ ਹੋਈ ਗਾਂ ਦੀ ਖੱਲ ਲਾਹ ਰਹੇ ਸਨ। ਹਿੰਦੂ ਬਰਬਰਤਾ ਦੀ ਇਹ ਇਕੱਲੀ ਹੀ ਮਿਸਾਲ ਨਹੀਂ। 2002 ਵਿਚ ਦੁਸ਼ਹਿਰੇ ਵਾਲੇ ਦਿਨ ਝੱਜਰ ਜ਼ਿਲ੍ਹੇ ਦੇ ਦੁਲੀਨਾ ਪਿੰਡ ਵਿਚ ਪੁਲਿਸ ਵਾਲਿਆਂ ਦੇ ਸਾਹਮਣੇ ਪੰਜ ਦਲਿਤ ਬੰਦਿਆਂ ਨੂੰ ਇਕ ਮਰੀ ਹੋਈ ਗਾਂ ਦੀ ਖੱਲ ਉਤਾਰਨ ਦੇ ਦੋਸ਼ ਵਿਚ ਲਾਠੀਆਂ ਸਲਾਖਾਂ ਨਾਲ ਕੋਹ ਕੋਹ ਕੇ ਮਾਰ ਦਿੱਤਾ ਸੀ।ਹੁਣ ਦੀ ਘਟਨਾ ਉਤੇ ਪਾਰਲੀਮੈਂਟ ਵਿਚ ਹੋਏ ਜਬਰਦਸਤ ਹੰਗਾਮੇ ਦੇ ਨਾਲ ਨਾਲ ਗੁਜਰਾਤ ਦੇ ਅਨੇਕ ਸ਼ਹਿਰਾਂ ਵਿਚ ਜੋ ਦਲਿਤ ਵਰਗਾਂ ਵਿਚ ਰੋਹ ਅਤੇ ਗੁੱਸੇ ਆਕ੍ਰੋਸ਼ ਦਾ ਖੁਦ-ਬ-ਖੁਦ ਤੂਫਾਨ ਉਠ ਖੜ੍ਹਿਆ ਹੈ, ਉਸ ਨੂੰ ਇਹ ਸਰਕਾਰ ਸ਼ਾਇਦ ਹੀ ਲੌਲੀ ਪੌਪਾਂ ਨਾਲ ਠੰਡਾ ਕਰ ਸਕੇ। ਬਲਦੀ ਤੇ ਤੇਲ ਛਿੜਕਣ ਦਾ ਕੰਮ ਉੱਤਰ ਪ੍ਰਦੇਸ਼ ਦੇ ਭਾਜਪਾ ਨੇਤਾ ਦਇਆ ਸ਼ੰਕਰ ਦੇ ਵਾਹਿਯਾਤ ਬੋਲਾਂ ਨੇ ਕਰ ਦਿੱਤਾ ਜਿਸ ਵਿਚ ਉਸਨੇ ਇਖਲਾਕ ਅਤੇ ਸ਼ਰਮ ਦੀਆਂ ਸਭ ਹੱਦਾਂ ਟੱਪਦੇ ਹੋਏ ਬਹੁਤ ਸਨਮਾਨਿਤ ਦਲਿਤ ਨੇਤਾ ਕੁਮਾਰੀ ਮਾਇਆਵਤੀ ਨੂੰ ਇਕ ਬਾਜ਼ਾਰੂ ਔਰਤ (ਕਹੇ ਗਏ ਸ਼ਬਦ ਇਸ ਤੋਂ ਵੀ ਭੈੜੇ ਸਨ) ਕਹਿ ਦਿੱਤਾ।

ਭਾਵੇਂ ਪਾਰਲੀਮੈਂਟ ਵਿਚ ਨੇਤਾ ਸਦਨ ਅਤੇ ਵਿਰੋਧੀ ਪਾਰਟੀਆਂ ਨੇ ਇਕ ਸੁਰ ਵਿਚ ਉਸ ਭਾਜਪਾ ਨੇਤਾ ਦੇ ਵਾਹਿਯਾਤ ਬਿਆਨ ਦੀ ਨਿਖੇਧੀ ਵੀ ਕੀਤੀ ਅਤੇ ਉਸ ਨੂੰ ਉਸ ਦੇ ਪਾਰਟੀ ਅਹੁਦਿਆਂ ਤੋਂ ਲਾਹ ਵੀ ਦਿੱਤਾ ਲੇਕਿਨ ਅਜਿਹੇ ਡੈਮੇਜ ਕੰਟਰੋਲ ਕਾਰਵਾਈਆਂ ਨਾਲ ਕੀ ਦਲਿਤ ਸਮਾਜ ਦੇ ਸਵੈਮਾਣ ਨੂੰ ਲੱਗੀ ਸੱਟ ਦੀ ਭਰਪਾਈ ਹੋ ਸਕੇਗੀ? ਇਸ ਤੋਂ ਵੀ ਵੱਡਾ ਸਵਾਲ ਹੈ ਕਿ ਆਜ਼ਾਦੀ ਹਾਸਲ ਕਰਨ ਅਤੇ ਖਾਸ ਕਰ ਸੰਵਿਧਾਨ ਦੇ ਬਾਵਜੂਦ ਦਲਿਤਾਂ ਨੂੰ ਬਰਾਬਰਤਾ, ਇਨਸਾਨੀ ਮਾਣ ਮਰਿਆਦਾ, ਪ੍ਰਤਿਸ਼ਠਾ ਦਾ ਦਰਜਾ ਕਿਉਂ ਨਹੀਂ ਮਿਲ ਸਕਿਆ, ਕਿਉਂ ਉੱਚ ਜਾਤੀਏ ਸਮਾਜ (ਹਿੰਦੂ ਅਤੇ ਸਿੱਖ ਵੀ) ਦੇ ਦਿਲਾਂ ਵਿਚ ਦਲਿਤ ਲੋਕਾਂ ਦੇ ਖਿਲਾਫ ਅਪਮਾਨ ਨਫਰਤ ਅਤੇ ਬੇਗਾਨਗੀ ਦੇ ਭਾਵ ਖਤਮ ਨਹੀਂ ਹੋ ਰਹੇ? ਭਾਰਤੀ ਫੌਜ ਦਾ ਚੀਫ ਜੋ ਬਾਅਦ ਵਿਚ ਮੋਦੀ ਕੈਬਨਿਟ ਵਿਚ ਮੰਤਰੀ ਵੀ ਬਣ ਗਿਆ ਇਕ ਦਲਿਤ ਲੜਕੇ ਦੇ ਟਰੱਕ ਨਾਲ ਕੁਚਲੇ ਜਾਣ ਤੇ ਕਹਿ ਰਿਹਾ ਹੈ ਕਿ ਜੇ ਸੜਕ ਤੇ ਕੁੱਤਾ ਮਰ ਜਾਵੇ ਤਾਂ ਕੀ ਉਸ ਦਾ ਪ੍ਰਧਾਨ ਮੰਤਰੀ ਜ਼ਿੰਮੇਵਾਰ ਹੈ? ਯੋਗਾ ਦੇ ਨਾਂ ਤੇ ਰਾਮ ਕਿਸ਼ਨ ਯਾਦਵ ਤੋਂ ਬਣੇ ਬਾਬਾ ਰਾਮਦੇਵ ਰਾਹੁਲ ਗਾਂਧੀ ਦੇ ਦਲਿਤ ਪਰਿਵਾਰ ਦੇ ਘਰ ਰੋਟੀ ਖਾ ਕੇ ਰਾਤ ਠਹਿਰਨ ਦੇ ਮੌਕੇ 'ਤੇ ਕਹਿ ਰਿਹਾ ਹੈ ਕਿ ਉਹ (ਰਾਹੁਲ ਗਾਂਧੀ) ਤਾਂ ਦਲਿਤਾਂ ਘਰ ਹਨੀਮੂਨ ਮਨਾਉਣ ਗਿਆ ਸੀ। ਕੀ ਰਾਹੁਲ ਕਿਸੇ ਉੱਚ ਜਾਤੀਏ ਦੇ ਘਰ ਨਹੀਂ ਰੋਟੀ ਖਾਂਦਾ ਜਾਂ ਠਹਿਰਦਾ? ਹੈਵਾਨ ਉਚ ਜਾਤੀਏ ਬਦਮਾਸ਼ਾਂ ਦੁਆਰਾ ਕੀਤੇ ਗਏ ਔਰਤਾਂ/ਲੜਕੀਆਂ ਦੇ ਬਲਾਤਕਾਰ/ ਗੈਂਗ ਰੇਪਾਂ ਦੇ ਜੋ ਕੇਸ ਰਿਪੋਰਟ ਹੁੰਦੇ ਹਨ, ਉਹਨਾਂ ਵਿਚੋਂ 90 ਫੀਸਦੀ ਕੇਸ ਦਲਿਤ ਔਰਤਾਂ ਦੇ ਹੀ ਹੁੰਦੇ ਹਨ। ਕਿਉਂ? ਮਹਾਰਾਸ਼ਟਰ ਦੇ ਬੁਲੰਦ ਸ਼ਹਿਰ ਅਤੇ ਹਰਿਆਣਾ ਦੇ ਰੋਹਤਕ ਵਿਚ ਹੋਏ ਗੈਂਗ ਰੇਪਾਂ ਦੀਆਂ ਘਟਨਾਵਾਂ ਸੁਣ ਕੇ ਕਿਸ ਭੈਣ ਬੇਟੀਆਂ ਵਾਲੇ ਇਨਸਾਨ ਦਾ ਦਿਲ ਦੁਖੀ ਨਹੀਂ ਹੋਵੇਗਾ? ਭੈਣ ਬੇਟੀਆਂ ਵਾਲੇ ਸਭ ਹਨ ਪਰ ਦਲਿਤ ਔਰਤਾਂ ਇਹਨਾਂ ਲੋਕਾਂ ਲਈ ਕੇਵਲ ਭੋਗ ਵਿਲਾਸ ਦੀ ਹੀ ਵਸਤੂ ਹੈ। ਜਿਹਾ ਕਿ ਅਜਿਹੇ ਮਾਮਲਿਆ ਦੀ ਛਾਣ ਬੀਣ ਤੋਂ ਪਤਾ ਲੱਗਦਾ ਹੈ ਅੱਵਲ ਤਾਂ ਪੁਲਿਸ ਥੋੜ੍ਹੇ ਕੀਤੇ ਰਿਪੋਰਟ ਹੀ ਦਰਜ ਨਹੀਂ ਕਰਦੀ ਜੇ ਕਿਸੇ ਤਰ੍ਹਾਂ ਮਾਮਲਾ ਦਰਜ ਵੀ ਹੋ ਜਾਂਦਾ ਹੈ ਤਾਂ ਫਿਰ ਵੀ ਕੇਸ ਅਦਾਲਤਾਂ ਵਿਚ ਕਈ ਕਈ ਸਾਲ ਲਟਕਦੇ ਰਹਿੰਦੇ ਹਨ। ਇਸ ਦੌਰਾਨ ਕੇਸ ਨੂੰ ਖਤਮ ਕਰਵਾਉਣ ਲਈ ਪੀੜਤਾਂ ਅਤੇ ਗਵਾਹਾਂ ਨੂੰ ਲਾਲਚ ਦਿੱਤਾ ਜਾਂਦਾ ਹੈ ਧਮਕਾਇਆ ਜਾਂਦਾ ਹੈ, ਜਿਸ ਦਾ ਨਤੀਜਾ ਮੁਲਜ਼ਿਮ (ਦੋਸ਼ੀ) ਬੀ ਹੋ ਕੇ ਫਿਰ ਉਹੀ ਜੁਰਮ ਕਰਨ ਲੱਗ ਪੈਂਦੇ ਹਨ। ਟੀ. ਵੀ. ਚੈਨਲਾਂ ਤੋਂ ਮਿਲਦੀ ਜਾਣਕਾਰੀ ਅਨੁਸਾਰ ਬਲਾਤਕਾਰਾਂ ਦੇ ਕੇਸਾਂ ਵਿਚ ਕੇਵਲ ਤਿੰਨ ਸਾਲਾਂ ਦੌਰਾਨ 20 ਫੀਸਦੀ ਵਾਧਾ ਹੋ ਚੁੱਕਿਆ ਹੈ ਜਦਕਿ ਸਜ਼ਾ ਦਾ ਰੇਟ ਕੇਵਲ 2-3 ਫੀਸਦੀ ਹੀ ਹੈ।

ਇਸ ਤਰ੍ਹਾਂ ਕੀ ਦਲਿਤ ਬਹੂ-ਬੇਟੀਆਂ ਦੀ ਇੱਜ਼ਤ ਆਬਰੂ ਸੁਰੱਖਿਅਤ ਕਹੀ ਜਾ ਸਕਦੀ ਹੈ? ਹਾਲਤ ਚਿੰਤਾ ਜਨਕ ਹੀ ਨਹੀਂ ਅਤਿ ਗੰਭੀਰ ਹੈ।

ਜੋ ਹਾਲਤ ਅੱਜ ਅਸੀਂ ਆਜ਼ਾਦੀ ਦੇ 7 ਦਹਾਕਿਆਂ ਤੋਂ ਬਾਅਦ ਦੇਖ ਰਹੇ ਹਾਂ ਜਾਂ ਅਨੁਭਵ ਕਰ ਰਹੇ ਹਾਂ ਬਾਬਾ ਸਾਹਿਬ ਅੰਬੇਡਕਰ ਦੇ ਮਨ ਮਸਤਕ ਤੇ ਤਾਂ ਉਸ ਦੀ ਸਹੀ ਤਸਵੀਰ ਆਜ਼ਾਦੀ ਤੋਂ ਪਹਿਲਾਂ ਹੀ ਬੈਠ ਚੁੱਕੀ ਸੀ, ਜਿਸ ਦਾ ਪ੍ਰਗਟਾਵਾ ਉਹ ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਕਰਦੇ ਰਹੇ।ਲੰਡਨ ਦੀ ਪਹਿਲੀ ਕਾਨਫਰੰਸ ਤੋਂ ਬਾਅਦ ਜਦ ਕਾਂਗਰਸ ਦੇ ਪਤਾਮਾ (ਮਹਾਤਮਾ) ਗਾਂਧੀ ਅਤੇ ਦੂਜੇ ਨੇਤਾਵਾਂ ਨੇ ਦੇਖਿਆ ਕਿ ਦਲਿਤ (ਉਸ ਵੇਲੇ ਅਛੂਤ) ਲੋਕਾਂ ਦੀ ਗੱਲ ਕਹਿਣ ਵਾਲਾ ਅੰਬੇਡਕਰ ਨਾਂ ਦਾ ਵਿਅਕਤੀ ਉੱਚ ਖੜ੍ਹਿਆ ਹੈ ਤਾਂ ਆਪਣੀ ਚਤਰ ਵਰਨੀ ਨੀਤੀ ਅਨੁਸਾਰ ਕੁਝ ਚੋਟੀ ਦੇ ਹਿੰਦੂ ਲੀਡਰਾਂ ਨੇ ਬਾਬਾ ਸਾਹਿਬ ਤੇ ਪੱਟੂ ਪਾਉਣ ਲਈ ਉਹਨਾਂ ਨੂੰ ਗਾਂਧੀ ਨਾਲ ਮਿਲਵਾਉਣ ਦਾ ਪ੍ਰਬੰਧ ਕੀਤਾ। ਇਸ ਤੋਂ ਪਹਿਲਾਂ ਤਾਂ ਗਾਂਧੀ ਦੇ ਮੰਨਣ ਵਿਚ ਹੀ ਨਹੀਂ ਸੀ ਆਉਂਦਾ ਕਿ ਅੰਬੇਡਕਰ ਐਡਾ ਪੜ੍ਹਿਆ-ਲਿਖਿਆ ਲਾਇਕ ਬੰਦਾ ਸੱਚਮੁੱਚ 'ਅਛੂਤ' ਹੈ। ਮੁਲਾਕਾਤ ਬੰਬਈ ਦੇ ਮਨੀ ਭਵਨ ਵਿਚ 14 ਅਗਸਤ 1931 ਨੂੰ ਹੋਈ। ਗਾਂਧੀ ਨੇ ਰਸਮੀ ਤੌਰ 'ਤੇ ਗੱਲਬਾਤ ਬਾਬਾ ਸਾਹਿਬ ਦੀ ਤਾਰੀਫ ਨਾਲ ਸ਼ੁਰੂ ਕੀਤੀ ਕਿ ਤੁਸੀਂ ਇਕ ਬਹੁਤ ਵੱਡੇ ਦੇਸ਼ ਭਗਤ ਹੋ। ਲੇਕਿਨ ਜਦ ਉਹਨਾਂ ਨੇ ਆਪਣੇ ਅਤੇ ਕਾਂਗਰਸ ਦੁਆਰਾ ਦਲਿਤਾਂ ਤੇ ਕੀਤੇ ਉਪਕਾਰ ਗਿਣਵਾਣੇ ਸ਼ੁਰੂ ਕੀਤੇ ਅਤੇ ਦਾਅਵਾ ਕੀਤਾ ਕਿ ਮੈਂ 'ਹਰੀਜਨਾਂ' ਦੀ ਭਲਾਈ ਅਤੇ ਆਜ਼ਾਦੀ ਲਈ ਇਹ ਕੀਤਾ, ਉਹ ਕੀਤਾ ਤਾਂ ਬਾਬਾ ਸਾਹਿਬ ਨੇ ਉਹਨਾਂ ਦੀ ਗੱਲ ਕੱਟਦੇ ਹੋਏ ਦੋ ਟੁੱਕ ਸ਼ਬਦਾਂ ਵਿਚ ਕਹਿ ਦਿੱਤਾ 'ਭਲਾਈ ਆਦਿ ਤਾਂ ਦੂਰ ਦੀ ਗੱਲ ਹੈ, ਮੇਰਾ ਤਾਂ ਇਸ ਦੇਸ਼ ਵਿਚ ਕੋਈ ਘਰ ਘਾਟ ਹੀ ਨਹੀਂ' ਗਾਂਧੀ ਦੇ ਸਵਾਲ ਪੁੱਛਣ ਤੇ ਬਾਬਾ ਸਾਹਿਬ ਨੇ ਜਵਾਬ ਦਿੱਤਾ, ਜਿਸ ਦੇਸ਼ ਵਿਚ ਮੇਰੇ ਲੋਕਾਂ ਨੂੰ ਕੁੱਤਿਆਂ ਬਿੱਲਿਆਂ ਤੋਂ ਵੀ ਨੀਚ ਸਮਝਿਆ ਜਾਂਦਾ ਹੈ, ਅਸੀਂ ਖੂਹਾਂ ਤੋਂ ਪਾਣੀ ਨਹੀਂ ਪੀ ਸਕਦੇ, ਸੜਕਾਂ 'ਤੇ ਚੱਲ ਫਿਰ ਨਹੀਂ ਸਕਦੇ, ਉਸ ਦੇਸ਼ ਜਾਂ ਧਰਮ ਨੂੰ ਮੈਂ ਆਪਣਾ ਕਿਵੇਂ ਕਹਿ ਸਕਦਾ ਹਾਂ'। ਗਾਂਧੀ ਨੂੰ ਇਸ ਗੱਲਬਾਤ ਦੌਰਾਨ ਤੀਜਾ ਝਟਕਾ ਉਦੋਂ ਲੱਗਾ ਜਦ ਬਾਬਾ ਸਾਹਿਬ ਨੇ ਗੁੱਸੇ ਅਤੇ ਜੋਸ਼ ਵਿਚ ਉਥੋਂ ਉਠਦੇ ਹੋਏ ਕਿਹਾ ਕਿ 'ਇਤਿਹਾਸ ਤੋਂ ਪਤਾ ਚਲਦਾ ਹੈ ਕਿ ਸੰਤ ਮਹਾਤਮਾ ਵਾਵਰੋਲੇ ਦੀ ਤਰ੍ਹਾਂ ਆਉਂਦੇ ਹ ਨ ਅਤੇ ਕੁਝ ਦੇਰ ਮਿੱਟੀ ਘੱਟਾ ਉਡਾ ਕੇ ਚਲੇ ਜਾਂਦੇ ਹਨ। ਉਹ ਗਰਦ ਤਾਂ ਉਭਾਰਦੇ ਹਨ ਪਰ ਇਨਸਾਨੀ ਜੀਵਨ ਦਾ ਪੱਧਰ ਨਹੀਂ' (ਸਰੋਤ: ਵਿਦਰੋਹ ਦਾ ਚਿੰਨ੍ਹ- ਬੀ. ਆਰ. ਸਾਂਪਲਾ) ਇਸ ਪਹਿਲੀ ਮੁਲਾਕਾਤ ਵਿਚ ਹੀ ਗਾਂਧੀ ਨੂੰ ਕੰਨ ਹੋ ਗਏ ਕਿ ਨਾ ਅੰਬੇਡਕਰ ਏਕਲੱਵਿਆ ਦੀ ਤਰ੍ਹਾਂ ਗਲਤੀ ਦੁਹਰਾਉਣ ਵਾਲਾ ਵਿਅਕਤੀ ਹੈ ਅਤੇ ਨਾ ਹੀ ਵਰਨ ਆਸ਼ਰਮੀ ਤਲਵਾਰ ਅੱਗੇ ਸਿਰ ਝੁਕਾਉਣ ਵਾਲਾ ਕੋਈ ਸ਼ੰਭੂਕ ਹੈ।

ਦਲਿਤ ਦਸ਼ਾ ਬਾਰੇ ਇਸ ਸੰਖੇਪ ਚਰਚਾ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਨਾ ਤਾਂ ਦੇਸ਼ ਵਿਚ ਖਾਸ ਕਰ ਮੋਦੀ ਰਾਜ਼ ਵਿਚ 'ਅੱਛੇ ਦਿਨ' ਆਉਣ ਦੇ ਲੱਛਣ ਦਿਸਦੇ ਹਨ ਅਤੇ ਨਾ ਹੀ ਦਲਿਤਾਂ ਲਈ 'ਹਰੇ ਬਾਗਾਂ' ਦੀ ਕੋਈ ਆਸ ਉਮੀਦ ਕੀਤੀ ਜਾ ਸਕਦੀ ਹੈ, ਜਿਸ ਦਾ ਜ਼ਿਕਰ ਮੋਦੀ ਸਾਹਿਬ ਦੇਸ਼ ਵਿਦੇਸ਼ ਵਿਚ ਜਗ੍ਹਾ-ਜਗ੍ਹਾ ਐਕਟਰਾਂ ਵਾਂਗ ਬਾਹਾਂ ਉਲਾਰ ਉਲਾਰ ਕੇ ਕਰਦੇ ਰਹੇ ਹਨ। ਉਹਨਾਂ ਦੇ ਆਪਣੇ ਗੁਜਰਾਤ ਵਿਚ ਗਾਂ ਰੱਖਿਆ ਦੇ ਨਾਂ ਤੇ ਭੂਤਰੇ ਹਿੰਦੂਤਵੀ ਹੈਵਾਨਾਂ ਦੁਆਰਾ ਕੀਤੀ ਬੇਰਹਿਮ ਕੁਟਾਈ ਅਤੇ ਭਾਜਪਾ ਸ਼ਾਸ਼ਿਤ ਮਹਾਰਾਸ਼ਟਰ ਅਤੇ ਹਰਿਆਣਾ ਵਿਚ ਦਲਿਤ ਕੁੜੀਆਂ ਦੇ ਗੈਂਗਰੇਪ (ਸਮੂਹਿਕ ਬਲਾਤਕਾਰ) ਮੋਦੀ ਸਰਕਾਰ ਦੇ ਨਹੀਂ ਖੁਦ ਮੋਦੀ ਦੇ ਮੱਥੇ ਤੇ ਕਾਲਾ ਧੱਬਾ ਲੱਗ ਗਿਆ ਹੈ। ਪਤਾ ਨਹੀਂ ਕਿ ਉਹ ਇਸ ਨੂੰ ਧੋ ਸਕਣਗੇ ਜਾਂ ਨਹੀਂ ਜਾਂ ਉਵੇਂ ਜਿਵੇਂ ਮਨੋਹਰ ਲਾਲ ਖੱਟੜ ਵਾਂਗ ਗਾਂ ਗੰਗਾ ਗਾਇਤਰੀ ਦੀ ਉਸਤਤੀ ਗਾਉਂਦੇ ਰਹਿਣਗੇ।

ਇਹਨਾਂ ਹਾਲਾਤ ਵਿਚ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਹੋਣੀ ਚਾਹੀਦੀ ਕਿ ਅੱਜ ਦੇ ਹਿੰਦੂਤਵੀ ਪ੍ਰਛਾਵਿਆਂ ਥੱਲੇ ਇਹ ਆਜ਼ਾਦੀ ਦਲਿਤ ਵਰਗਾਂ ਲਈ ਅਧੂਰੀ ਅਤੇ ਲੰਗੜੀ ਆਜ਼ਾਦੀ ਹੈ। ਖੁਦ ਬਾਬਾ ਸਾਹਿਬ ਨੇ ਇਸ ਬਾਰੇ ਸੰਵਿਧਾਨ ਸਭਾ ਦੇ ਆਖਰੀ ਅਜਲਾਸ ਵਿਚ 25 ਨਵੰਬਰ 1949 ਨੂੰ ਦਿੱਤੇ ਆਪਣੇ ਇਤਿਹਾਸਕ ਭਾਸ਼ਣ ਵਿਚ ਸਪੱਸ਼ਟ ਸ਼ਬਦਾਂ ਵਿਚ ਸਾਵਧਾਨ ਕਰ ਦਿੱਤਾ ਸੀ (ਇਹਨਾਂ ਸੱਤਰਾਂ ਦਾ ਲੇਖਕ ਭਾਸ਼ਣ ਸਮੇਂ ਦਰਸ਼ਕ ਗੈਲਰੀ ਵਿਚ ਮੌਜੂਦ ਸੀ)। ਉਹਨਾਂ ਕਿਹਾ : 26 ਜਨਵਰੀ 1950 ਤੋਂ ਅਸੀਂ ਵਿਰੋਧਾਭਾਸ ਦੀ ਦੁਨੀਆਂ 'ਚ ਜਾ ਰਹੇ ਹਾਂ। ਰਾਜਨੀਤਿਕ ਜੀਵਨ ਵਿਚ ਅਸੀਂ ਬਰਾਬਰ ਹੋਵਾਂਗੇ, ਲੇਕਿਨ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਨਾਬਰਾਬਰ। ਰਾਜਨੀਤੀ ਵਿਚ ਅਸੀਂ 'ਇਕ ਵਿਅਕਤੀ ਇਕ ਵੋਟ ਇਕ ਮੁੱਲ' ਦੇ ਸਿਧਾਂਤ ਨੂੰ ਮੰਨਦੇ ਹੋਵਾਂਗੇ।

ਲੇਕਿਨ ਅਮਲੀ ਜੀਵਨ ਵਿਚ ਨਹੀਂ ਇਸ ਪ੍ਰਕਾਰ ਦੇ ਵਿਰੋਧਾਭਾਸ ਦਾ ਜੀਵਨ ਕਿੰਨਾ ਚਿਰ ਚਲਦਾ ਰਹਿ ਸਕੇਗਾ? ਕਿੰਨੇ ਚਿਰ ਤੱਕ ਅਸੀਂ ਲੋਕਾਂ ਨੂੰ ਸਮਾਜਿਕ ਅਤੇ ਆਰਥਿਕ ਜੀਵਨ ਵਿਚ ਬਰਾਬਰਤਾ ਦੇ ਅਧਿਕਾਰ ਤੋਂ ਮਹਿਰੂਮ (ਵਾਂਝੇ) ਰੱਖ ਸਕਾਂਗੇ?

ਜੇ ਹੋਰ ਜ਼ਿਆਦਾ ਦੇਰ ਇਹਨਾਂ ਨੂੰ ਇਸ ਹੱਕ ਤੋਂ ਮਹਿਰੂਮ ਰੱਖਿਆ ਗਿਆ ਤਾਂ ਇਹ ਖੁਦ ਇਸ ਰਾਜਨੀਤਿਕ ਲੋਕਤੰਤਰ ਲਈ ਖਤਰਾ ਬਣ ਜਾਣਗੇ। ਸਾਨੂੰ ਇਸ ਵਿਰੋਧਾਭਾਸ ਨੂੰ ਜਿੰਨੀ ਛੇਤੀ ਹੋ ਸਕੇ ਖਤਮ ਕਰਨਾ ਹੋਵੇਗਾ, ਨਹੀਂ ਤਾਂ ਉਹ ਲੋਕ ਜਿਹੜੇ ਹੁਣ ਤੱਕ ਇਸ ਨਾ-ਬਰਾਬਰੀ ਦਾ ਸੰਤਾਪ ਸਹਿੰਦੇ ਆਏ ਹਨ, ਉਹ ਇਸ ਰਾਜਨੀਤਿਕ ਲੋਕਤੰਤਰ ਦੇ ਢਾਂਚੇ ਦੀਆਂ ਹੀ ਧੱਜੀਆਂ ਉਡਾ ਦੇਣਗੇ, ਜਿਹੜਾ ਇਸ ਸਭਾ ਨੇ ਇੰਨੀ ਮਿਹਨਤ ਨਾਲ ਤਿਆਰ ਕੀਤਾ ਹੈ।'

ਇਸ ਇਤਿਹਾਸਕ ਭਾਸ਼ਣ ਵਿਚ ਬਾਬਾ ਸਾਹਿਬ ਨੇ ਜਿਹਨਾਂ ਵੀ ਚਿੰਤਾਵਾਂ ਅਤੇ ਖਤਰਿਆਂ ਦਾ ਜ਼ਿਕਰ ਕੀਤਾ ਜਾਂ ਚਿਤਾਵਨੀ ਦਿੱਤੀ ਉਹਨਾਂ ਦਾ ਇਕ ਇਕ ਅੱਖਰ ਸਹੀ ਅਤੇ ਸੱਚ ਸਾਬਤ ਹੋ ਰਿਹਾ ਹੈ।


ਕੀ ਅੰਬੇਡਕਰ ਨੂੰ ਆਪਣਾ ਆਦਰਸ਼ ਮਾਰਗ ਦਾਤਾ ਕਹਿਣ ਵਾਲੇ ਮੋਦੀ ਸਾਹਿਬ ਅਤੇ ਉਹਨਾਂ ਦੇ ਸੰਘੀ ਸਾਥੀਆਂ ਵਿਚ ਇਹਨਾਂ ਤਲਖ ਚੁਭਦੀਆਂ ਹਕੀਕਤਾਂ ਦਾ ਸਾਹਮਣਾ ਕਰਨ ਜਾਂ ਉਹਨਾਂ ਨੂੰ ਝੁਠਲਾਉਣ ਦੀ ਹਿੰਮਤ ਹੈ?

# ਸ਼ਹੀਦ ਊਧਮ ਸਿੰਘ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ



ਕੁਲਦੀਪ ਚੰਦ
9417563054

ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਅਤੇ ਇਸ ਗੁਲਾਮੀ ਤੋਂ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਅਣਗਣਿਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ। ਇਨ੍ਹਾਂ ਸ਼ਹੀਦਾਂ ਵਿੱਚ ਸ਼ਹੀਦ ਊਧਮ ਸਿੰਘ ਦਾ ਨਾਮ ਵੀ ਪ੍ਰਮੁੱਖ ਹੈ ਜਿਸਨੇ 13 ਅਪ੍ਰੈਲ 1919 ਨੂੰ ਜਲਿਆਂ ਵਾਲਾ ਬਾਗ ਵਿੱਚ ਨਿਹੱਥੇ ਗਰੀਬ ਦਲਿਤਾਂ ਤੇ ਉਸ ਵੇਲੇ ਦੇ ਕੁੱਝ ਪੰਜਾਬੀ ਰਾਜਨੀਤੀਵਾਨਾਂ ਦੀ ਮਿਲੀਭੁਗਤ ਨਾਲ ਅੰਗਰੇਜ਼ ਸਿਪਾਹੀਆਂ ਵਲੋਂ ਚਲਾਈਆਂ ਗਈਆਂ ਗੋਲੀਆਂ ਦਾ ਬਦਲਾ 13 ਮਾਰਚ, 1940 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਿੱਚ ਮਾਰਕੇ ਲਿਆ। ਨਮੋਸ਼ੀ ਵਾਲੀ ਗੱਲ ਹੈ ਕਿ ਸ਼ਹੀਦ ਊਧਮ ਸਿੰਘ ਦੇ ਪਿਛੋਕੜ ਬਾਰੇ ਕੋਈ ਸਿੱਕੇਬੰਦ ਜਾਣਕਾਰੀ ਨਹੀਂ ਮਿਲਦੀ ਹੈ। ਵੱਖ ਵੱਖ ਭਾਈਚਾਰਿਆਂ ਦੇ ਲੋਕ ਆਪਣੇ ਭਾਈਚਾਰੇ ਦਾ ਨਾਂ ਚਮਕਾਉਣ ਲਈ ਹੀ, ਊਧਮ ਸਿੰਘ ਨੂੰ ਆਪਣੇ ਆਪਣੇ ਭਾਈਚਾਰੇ ਨਾਲ ਜੋੜਨ ਦਾ ਉੱਪਰਾਲਾ ਕਰਦੇ ਰਹੇ ਹਨ, ਜਦੋਂ ਕਿ ਸ਼ਹੀਦ ਊਧਮ ਸਿੰਘ ਨੇ ਤਾਂ ਆਪਣਾ ਨਾਂ ਵੀ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ ਸੀ। ਉਸਨੇ ਇਹੀ ਨਾਂ 'ਕਤਲ ਕੇਸ' ਸਮੇਂ ਕਚਿਹਰੀ ਵਿੱਚ ਦੱਸਿਆ ਸੀ। ਸ਼ਹੀਦ ਊਧਮ ਸਿੰਘ ਦਾ ਜਨਮ 26 ਦਸੰਬਰ, 1899 ਨੂੰ ਉਸ ਸਮੇਂ ਦੀ ਪਟਿਆਲਾ ਰਿਆਸਤ ਦੇ ਪਿੰਡ ਸ਼ਾਹਪੁਰ ਜੋਕਿ ਹੁਣ ਸੁਨਾਮ ਸ਼ਹਿਰ ਦਾ ਇੱਕ ਹਿੱਸਾ ਹੈ ਵਿਖੇ ਇੱਕ ਦਲਿਤ ਪਰਿਵਾਰ ਵਿੱਚ ਹੋਇਆ। ਇਸ ਅਣਖੀਲੇ ਯੋਧੇ ਦਾ ਜਨਮ ਪਿਤਾ ਚੂਹੜ ਰਾਮ ਤੇ ਮਾਤਾ ਨਾਰਾਇਣੀ ਜਿਨ੍ਹਾਂ ਦੇ ਨਾਮ ਅੰਮ੍ਰਿਤ ਛਕਣ ਤੋਂ ਬਾਦ ਟਹਿਲ ਸਿੰਘ ਅਤੇ ਹਰਨਾਮ ਕੌਰ ਰੱਖੇ ਗਏ ਦੇ ਘਰ ਹੋਇਆ। ਆਪ ਦਾ ਬਚਪਨ ਦਾ ਨਾਂ ਸ਼ੇਰ ਸਿੰਘ ਤੇ ਆਪ ਦੇ ਵੱਡੇ ਭਰਾ ਦਾ ਨਾਂ ਸਾਧੂ ਸਿੰਘ ਸੀ। ਤਿੰਨ ਸਾਲ ਦੀ ਉਮਰ ਵਿੱਚ ਹੀ ਸਾਲ 1901 ਵਿੱਚ ਆਪ ਦੇ ਸਿਰ ਤੋਂ ਮਾਂ ਦਾ ਸਾਇਆ ਉੱਠ ਗਿਆ। ਪਿਤਾ ਰੇਲਵੇ ਫਾਟਕ ਤੇ ਚੌਂਕੀਦਾਰ ਦੀ ਨੌਕਰੀ ਕਰਦੇ ਸਨ। ਸਾਲ 1907 ਵਿੱਚ ਆਪ ਦੇ ਪਿਤਾ ਅਪਣੇ ਦੋਵੇਂ ਬੱਚਿਆਂ ਨੂੰ ਲੈਕੇ ਅੰਮ੍ਰਿਤਸਰ ਦੀ ਦੀਵਾਲੀ ਵੇਖਣ ਲਈ ਚੱਲ ਪਏ। ਰਸਤੇ ਵਿੱਚ ਹੀ ਪਿਤਾ ਨੂੰ ਬੁਖਾਰ ਹੋ ਗਿਆ। ਉਸ ਵੇਲੇ ਭਾਈ ਛਾਂਗਾ ਸਿੰਘ ਜੀ ਦਾ ਕੀਰਤਨੀ ਜਥਾ ਉਥੇ ਪਹੁੰਚ ਗਿਆ ਤੇ ਉਸ ਜਥੇ ਵਿੱਚ ਸ਼ਾਮਲ ਭਾਈ ਚੈਂਚਲ ਸਿੰਘ ਨੇ ਊਧਮ ਸਿੰਘ ਦੇ ਪਿਤਾ ਨੂੰ ਇਲਾਜ਼ ਲਈ ਅੰਮ੍ਰਿਤਸਰ ਦੇ ਸਰਕਾਰੀ ਹਸਪਤਾਲ ਵਿੱਚ ਦਾਖਲ ਕਰਵਾਇਆ ਪਰੰਤੂ ਅਗਲੇ ਦਿਨ ਹੀ ਆਪ ਦੇ ਪਿਤਾ ਟਹਿਲ ਸਿੰਘ ਦੀ ਮੌਤ ਹੋ ਗਈ ਜਿਸ ਨਾਲ ਦੋਵੇਂ ਭਰਾ ਅਨਾਥ ਹੋ ਗਏ। ਉਸ ਸਮੇਂ ਊਧਮ ਸਿੰਘ ਦੀ ਉਮਰ ਲੱਗਭੱਗ 8 ਸਾਲ ਸੀ ਅਤੇ ਵੱਡੇ ਭਰਾ ਸਾਧੂ ਸਿੰਘ ਦੀ ਉਮਰ ਲੱਗਭੱਗ 10 ਸਾਲ ਸੀ। ਇਸਤੋਂ ਬਾਦ ਆਪ ਨੂੰ ਅਤੇ ਆਪ ਦੇ ਭਰਾ ਨੂੰ ਭਾਈ ਛਾਂਗਾ ਸਿੰਘ, ਭਾਈ ਕਿਸ਼ਨ ਸਿੰਘ ਤੇ ਭਾਈ ਚੰਚਲ ਸਿੰਘ ਨੇ ਸੈਂਟਰਲ ਯਤੀਮਖਾਨੇ ਪੁਤਲੀਘਰ ਅੰਮ੍ਰਿਤਸਰ ਵਿੱਚ ਦਾਖਲ ਕਰਵਾ ਦਿੱਤਾ। ਸੰਨ 1913 ਵਿੱਚ ਵੱਡੇ ਭਰਾ ਸਾਧੂ ਸਿੰਘ ਦੀ ਨਿਮੋਨੀਏ ਕਾਰਨ ਮੌਤ ਹੋ ਗਈ ਅਤੇ ਆਪ ਬਿਲਕੁੱਲ ਇਕੱਲੇ ਰਹਿ ਗਏ। 1917 ਵਿੱਚ ਆਪ ਨੇ ਦਸਵੀਂ ਪਾਸ ਕਰ ਲਈ। ਉਸ ਦਾ ਮਾਮਾ ਜੀਵਾ ਸਿੰਘ ਉਸ ਨੂੰ ਸੁਨਾਮ ਲੈ ਗਿਆ ਤੇ ਖੇਤੀ ਦੇ ਕੰਮ ਵਿੱਚ ਲਾ ਦਿੱਤਾ। ਪਰ ਊਧਮ ਸਿੰਘ ਸੁਨਾਮ ਛੱਡ ਕੇ ਫਿਰ ਅੰਮ੍ਰਿਤਸਰ ਯਤੀਮਖਾਨੇ ਪਹੁੰਚ ਗਿਆ। ਉਸ ਸਮੇਂ ਪਹਿਲਾ ਸੰਸਾਰ ਯੁੱਧ ਚੱਲ ਰਿਹਾ ਸੀ। ਉਹ ਫ਼ੌਜ ਵਿੱਚ ਭਰਤੀ ਹੋ ਗਿਆ ਤੇ ਬੰਬਈ ਤੋਂ ਬਸਰਾ ਪਹੁੰਚ ਗਿਆ। ਪ੍ਰੰਤੂ ਉਹ 6 ਮਹੀਨੇ ਪਿੱਛੋਂ ਹੀ ਵਾਪਸ ਆ ਗਿਆ। 13 ਅਪ੍ਰੈਲ 1919 ਨੂੰ ਵਾਪਰੇ ਜਲ੍ਹਿਆਂਵਾਲੇ ਬਾਗ ਦੇ ਸਾਕੇ ਸਮੇਂ ਊਧਮ ਸਿੰਘ ਅੰਮ੍ਰਿਤਸਰ ਚੀਫ ਖਾਲਸਾ ਦੀਵਾਨ ਦੇ ਯਤੀਮਖਾਨੇ ਵਿੱਚ ਸੀ। ਕੁੱਝ ਲੇਖਕਾਂ ਨੇ ਲਿਖਿਆ ਹੈ ਕਿ ਜਲ੍ਹਿਆਂਵਾਲੇ ਬਾਗ ਵਿੱਚ ਹੋ ਰਹੇ ਜਲਸੇ ਵਿੱਚ ਸ਼ਾਮਿਲ ਲੋਕਾਂ ਨੂੰ ਪਾਣੀ ਪਿਲਾਉਣ ਵਾਲੇ ਵਲੰਟਰੀਅਰਾਂ ਵਿੱਚ ਊਧਮ ਸਿੰਘ ਵੀ ਸ਼ਾਮਿਲ ਸੀ ਅਤੇ ਜਦੋਂ ਜਨਰਲ ਡਾਇਰ ਨੇ ਗੋਲੀਆਂ ਚਲਾ ਕੇ ਕਹਿਰ ਵਰਤਾਇਆ ਤਾਂ ਬਾਦ ਵਿੱਚ ਮ੍ਰਿਤਕਾਂ ਦੀਆਂ ਲਾਸ਼ਾ ਲੱਭਣ ਵਿੱਚ ਵੀ ਸਹਾਇਤਾ ਕਰਦਾ ਰਿਹਾ। ਇਸ ਤਰਾਂ ਸ਼ਹੀਦ ਊਧਮ ਸਿੰਘ ਨੇ ਇਸ ਸਾਕੇ ਨੂੰ ਅਪਣੇ ਅੱਖੀਂ ਵੇਖਿਆ ਤੇ ਇਸ ਗੋਲੀਕਾਂਡ ਦਾ ਬਦਲਾ ਲੈਣ ਦਾ ਫੈਸਲਾ ਕੀਤਾ। ਇਸ ਗੋਲੀਕਾਂਡ ਵਿੱਚ ਵੱਖ ਵੱਖ ਪਿੰਡਾਂ ਦੇ ਲੋਕ ਸ਼ਾਮਿਲ ਸਨ। ਬ੍ਰਿਗੇਡੀਅਰ ਜਨਰਲ ਰੇਜੀਨਾਲਡ ਡਾਇਰ ਦੀ ਕਮਾਂਡ ਵਿੱਚ ਬ੍ਰਿਟਿਸ਼ ਇੰਡੀਅਨ ਆਰਮੀ ਦਾ ਦਸਤਾ ਜਿਸ ਵਿੱਚ 65 ਫੌਜੀ ਗੋਰਖਾ ਅਤੇ 25 ਫੌਜੀ ਬਲੋਚ ਸਨ ਨੇ ਆ ਕੇ ਸ਼ਾਤੀਪੂਰਵਕ ਚੱਲ ਰਹੇ ਜਲਸੇ ਨੂੰ ਘੇਰਾ ਪਾ ਲਿਆ। ਜਨਰਲ ਡਾਇਰ ਨੇ ਬਾਹਰ ਜਾਣ ਦੇ ਰਸਤੇ ਨੂੰ ਬੰਦ ਕਰ ਦਿੱਤਾ ਅਤੇ ਉਥੇ ਮਸ਼ੀਨਗੰਨਾਂ ਬੀੜ ਦਿੱਤੀਆਂ। ਜਨਰਲ ਡਾਇਰ ਨੇ ਬਿਨਾਂ ਕੋਈ ਚੇਤਾਵਨੀ ਦਿੱਤੇ ਹੀ ਜਲਸੇ ਉਤੇ ਫਾਈਰਿੰਗ ਦਾ ਹੁਕਮ ਦੇ ਦਿੱਤਾ। ਫੌਜ ਨੇ 10 ਮਿੰਟ ਤੱਕ ਗੋਲਾਬਾਰੀ ਕੀਤੀ ਜਿਸ ਨਾਲ ਸੈਂਕੜੇ ਨਿਹੱਥੇ ਲੋਕ ਮਾਰੇ ਗਏ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਜ਼ਖਮੀ ਹੋ ਗਏ। ਕੁਝ ਲੋਕਾਂ ਨੇ ਖੂਹ ਵਿੱਚ ਛਾਲਾ ਮਾਰ ਦਿੱਤੀਆਂ ਪਰ ਆਪਣੀ ਜਾਨ ਨਾ ਬਚਾ ਸਕੇ। ਕੁਝ ਲੋਕਾਂ ਨੇ ਕੰਧ ਟੱਪ ਕੇ ਆਪਣੀ ਜਾਨ ਬਚਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਵੀ ਗੋਲੀਆਂ ਦੀ ਮਾਰ ਤੋਂ ਬਚ ਨਾ ਸਕੇ। ਇਹ ਗੋਲੀਬਾਰੀ ਉਦੋਂ ਹੀ ਖਤਮ ਹੋਈ ਜਦੋਂ ਫੌਜੀਆਂ ਦੀਆਂ ਗੋਲੀਆਂ ਖਤਮ ਹੋ ਗਈਆਂ। ਜਨਰਲ ਡਾਇਰ ਅਨੁਸਾਰ 1650 ਰਾਊਂਡ ਗੋਲੀਆਂ ਚਲਾਈਆਂ ਗਈਆਂ ਸਨ। ਖੂਹ ਵਿੱਚੋਂ 120 ਲਾਸ਼ਾਂ ਕੱਢੀਆਂ ਗਈਆਂ ਸੀ।




ਇਸਤੋਂ ਬਾਅਦ ਮੁਕੰਮਲ ਕਰਫਿਊ ਲਗਾ ਦਿੱਤਾ ਗਿਆ। ਉਸ ਵੇਲੇ ਇਸ ਗੋਲੀਕਾਂਡ ਵਿੱਚ ਸ਼ਹੀਦ ਹੋਏ ਲੋਕਾਂ ਦੀ ਗਿਣਤੀ ਵੀ ਵੱਖ ਵੱਖ ਦਰਸਾਈ ਗਈ। ਅੰਗਰੇਜ਼ ਸਰਕਾਰ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਮਾਰੇ ਗਏ ਸਨ ਅਤੇ ਲੱਗਭੱਗ 1100 ਵਿਅਕਤੀ ਜਖਮੀ ਹੋਏ ਸਨ, ਸਿਵਲ ਸਰਜਨ ਡਾਕਟਰ ਵਿਲੀਅਮਜ਼ ਡੀਮੈਡੀ ਅਨੁਸਾਰ ਇਸ ਗੋਲੀਕਾਂਡ ਵਿੱਚ 1526 ਵਿਅਕਤੀ ਸ਼ਹੀਦ ਹੋਏ ਹਨ, ਇੰਡੀਅਨ ਨੈਸ਼ਨਲ ਕਾਂਗਰਸ ਅਨੁਸਾਰ ਇਨ੍ਹਾਂ ਦੀ ਗਿਣਤੀ 1500 ਤੋਂ ਵੱਧ ਦੱਸੀ ਗਈ ਸੀ, ਡਿਪਟੀ ਕਮਿਸ਼ਨਰ ਅਮ੍ਰਿਤਸਰ ਦੇ ਦਫਤਰ ਵਿੱਚ ਲਗਾਈ ਗਈ ਸੂਚੀ ਅਨੁਸਾਰ ਇਸ ਗੋਲੀਕਾਂਡ ਵਿੱਚ 484 ਵਿਅਕਤੀ ਸ਼ਹੀਦ ਹੋਏ ਸਨ ਜਦਕਿ ਜਲਿਆਂਵਾਲਾ ਬਾਗ ਵਿੱਚ ਸਿਰਫ 388 ਵਿਅਕਤੀਆਂ ਦੀ ਹੀ ਸੂਚੀ ਹੈ। ਬ੍ਰਿਟਿਸ਼ ਸਰਕਾਰ ਦੇ ਰਿਕਾਰਡ ਅਨੁਸਾਰ ਇਸ ਗੋਲੀਕਾਂਡ ਵਿੱਚ 379 ਵਿਅਕਤੀ ਸਹੀਦ ਹੋਏ ਸਨ ਜਿਨ੍ਹਾਂ ਵਿੱਚ 337 ਪੁਰਸ਼, 41 ਨਾਬਾਲਿਗ ਲੜਕੇ ਅਤੇ 01 ਛੇ ਹਫਤੇ ਦਾ ਬੱਚਾ ਸ਼ਾਮਿਲ ਸੀ। ਉਨ੍ਹਾਂ ਅਨੁਸਾਰ ਇਸ ਗੋਲੀਕਾਂਡ ਵਿੱਚ 200 ਵਿਅਕਤੀ ਜਖਮੀ ਹੋਏ ਸਨ। ਕਈ ਲੇਖਕਾਂ ਅਨੁਸਾਰ ਉਸ ਵੇਲੇ ਦਰਬਾਰ ਸਾਹਿਬ ਤੇ ਮਹੰਤਾਂ ਨੇ ਕਬਜ਼ਾ ਕੀਤਾ ਹੋਇਆ ਸੀ ਅਤੇ ਇਨ੍ਹਾਂ ਮਹੰਤਾਂ ਨੇ ਦਲਿਤਾਂ ਨੂੰ ਦਰਬਾਰ ਸਾਹਿਬ ਅੰਦਰ ਜਾਣ ਤੋਂ ਰੋਕਿਆ ਸੀ ਜਿਸ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਆਸ ਪਾਸ ਦੇ ਪਿੰਡਾਂ ਦੇ ਲੋਕਾਂ ਨੇ ਇਹ ਇਕੱਠ ਕੀਤਾ ਸੀ। ਕਈ ਲੇਖਕਾਂ ਅਨੁਸਾਰ ਪੰਜਾਬ ਦੇ ਇੱਕ ਉਚਕੋਟੀ ਦੇ ਰਾਜਨੇਤਾ ਨੇ ਇਸ ਗੋਲੀਕਾਂਡ ਤੋਂ ਇੱਕ ਰਾਤ ਪਹਿਲਾਂ ਜਨਰਲ ਡਾਇਰ ਨਾਲ ਸ਼ਰਾਬ ਪੀਤੀ ਸੀ ਅਤੇ ਉਸ ਵੇਲੇ ਦਰਬਾਰ ਸਾਹਿਬ ਦੇ ਮੁਖੀ ਅਰੂੜਾ ਸਿੰਘ ਨੇ ਇਸ ਗੋਲੀਕਾਂਡ ਤੋਂ ਬਾਦ ਜਨਰਲ ਡਾਇਰ ਨੂੰ ਸਿਰੋਪਾ ਦੇ ਕੇ ਸਨਮਾਨਿਤ ਕੀਤਾ ਸੀ। ਮਾਈਕਲ ਓਡਵਾਇਰ ਜੋ ਕਿ ਜਲਿਆਵਾਲਾ ਬਾਗ ਦੇ ਖੂਨੀ ਕਾਂਡ ਸਮੇਂ ਪੰਜਾਬ ਦਾ ਗਵਰਨਰ ਸੀ ਅਤੇ ਜਨਰਲ ਡਾਇਰ ਨੂੰ ਕਤਲੇਆਮ ਕਰਨ ਦੀ ਇਜ਼ਾਜ਼ਤ ਦਿੱਤੀ ਸੀ ਨੂੰ ਊਧਮ ਸਿੰਘ ਨੇ 13 ਮਾਰਚ 1940 ਨੂੰ ਇੱਕ ਸਭਾ ਵਿੱਚ ਗੋਲੀ ਮਾਰ ਕੇ ਮਾਰ ਦਿੱਤਾ ਅਤੇ 31 ਜੁਲਾਈ 1940 ਨੂੰ ਅੰਗਰੇਜ਼ ਸਰਕਾਰ ਨੇ ਊਧਮ ਸਿੰਘ ਨੂੰ ਫਾਂਸੀ ਦੇ ਤਖਤੇ ਦੇ ਲਟਕਾ ਕੇ ਸ਼ਹੀਦ ਕਰ ਦਿੱਤਾ। ਵਰਣਨਯੋਗ ਹੈ ਕਿ ਇਸ ਗੋਲੀ ਕਾਂਡ ਤੋਂ ਬਾਦ 30 ਮਈ, 1919 ਨੂੰ ਇਸ ਗੋਲੀ ਕਾਂਡ ਦਾ ਹੁਕਮ ਦੇਣ ਵਾਲੇ ਲੈਫਟੀਨੈਂਟ ਗਵਰਨਰ ਸਰ ਮਾਇਕਲ ਉਡਵਾਇਰ ਨੂੰ ਲੰਡਨ ਵਾਪਸ ਬੁਲਾ ਲਿਆ ਗਿਆ ਅਤੇ ਪੰਜਾਬ ਵਿੱਚ ਨਿਭਾਈਆਂ ਸੇਵਾਵਾਂ ਬਦਲੇ 20 ਹਜ਼ਾਰ ਪੌਂਡ ਇਨਾਮ ਵਿੱਚ ਦਿੱਤੇ ਗਏ ਜਿਸ ਕਾਰਨ ਸ਼ਹੀਦ ਊਧਮ ਸਿੰਘ ਦੇ ਦਿਲ ਵਿੱਚ ਬਲ ਰਹੀ ਬਦਲਾ ਲੈਣ ਦੀ ਚੰਗਿਆੜੀ ਅੱਗ ਦਾ ਭਾਂਬੜ ਬਣ ਗਈ ਅਤੇ ਇਸ ਗੋਲੀਕਾਂਡ ਦਾ ਬਦਲਾ ਲੈਣ ਦਾ ਫੈਸਲਾ ਕੀਤਾ। ਇਸਤੋਂ ਬਾਦ ਅਗਲੇ 21 ਸਾਲ ਉਸ ਨੇ ਇਸ ਪ੍ਰਣ ਨੂੰ ਪੂਰਾ ਕਰਨ ਲਈ ਹੀ ਲਾਏ। ਪਹਿਲਾਂ ਊਧਮ ਸਿੰਘ ਨੇ ਯਤੀਮਖਾਨਾ ਛੱਡ ਕੇ ਚਾਰਹਾਟ ਦੀਆਂ ਪਹਾੜੀਆਂ ਤੇ ਜਾ ਕੇ 40 ਰੁਪਏ ਮਹੀਨੇ ਤੇ 8 ਨੰਬਰੀ ਕੰਪਨੀ ਵਿੱਚ ਨੌਕਰੀ ਕਰ ਲਈ। ਫਿਰ ਉਸ ਨੇ ਅਫਰੀਕਾ ਦੇ ਦੇਸ਼ ਯੁਗਾਂਡਾ ਜਾ ਕੇ ਰੇਲਵੇ ਵਰਕਸ਼ਾਪ ਵਿੱਚ 170 ਰੁਪਏ ਮਹੀਨੇ ਤੇ ਨੌਕਰੀ ਕੀਤੀ। ਦੋ ਸਾਲ ਮਗਰੋਂ ਉਹ ਅਸਤੀਫਾ ਦੇ ਕੇ ਮੁੜ ਅੰਮ੍ਰਿਤਸਰ ਆ ਗਿਆ। ਫਿਰ ਉਹ ਲੰਦਨ, ਮੈਕਸੀਕੋ ਆਦਿ ਹੁੰਦਾ ਹੋਇਆ ਯੂ.ਐਸ.ਏ. ਚਲਾ ਗਿਆ। ਮੈਕਸੀਕੋ ਤੋਂ ਉਹ 2 ਫਰਵਰੀ 1922 ਨੂੰ ਕੈਲੀਫੋਰਨੀਆਂ ਪਹੁੰਚਿਆ ਜਿੱਥੇ ਗਦਰੀ ਦੇਸ਼ ਭਗਤਾਂ ਨਾਲ ਸੰਪਰਕ ਹੋ ਗਿਆ। ਨਿਊਯਾਰਕ ਰਹਿਣ ਸਮੇਂ ਉਸ ਨੇ ਫਰਾਂਸ, ਬੈਲਜੀਅਮ, ਜਰਮਨੀ, ਹੰਗਰੀ, ਸਵਿਟਜ਼ਰਲੈਂਡ ਤੇ ਇਟਲੀ ਦੀ ਯਾਤਰਾ ਕੀਤੀ ਤੇ ਫਿਰ ਅਮਰੀਕਾ ਚਲਾ ਗਿਆ। ਉਥੇ ਉਹ ਆਸਟਰੇਲੀਆਂ ਜਾਣ ਵਾਲੇ ਜਹਾਜ਼ ਵਿੱਚ ਚੜ੍ਹ ਕੇ ਕਲਕੱਤਾ ਜਾ ਉਤਰਿਆ ਤੇ ਉਥੋਂ ਪੰਜਾਬ ਪਹੁੰਚ ਗਿਆ। ਅੰਮ੍ਰਿਤਸਰ ਉਸ ਕੋਲੋਂ ਪਸਤੌਲ 138 ਗੋਲੀਆਂ ਤੇ ਕ੍ਰਾਂਤੀਕਾਰੀ ਸਾਹਿਤ ਫੜਿਆ ਅਤੇ ਉਸ ਨੂੰ ਪੰਜ ਸਾਲ ਦੀ ਕੈਦ ਹੋਈ। ਉਹ 4 ਸਾਲ ਇੱਕ ਮਹੀਨੇ ਤੇ 20 ਦਿਨ ਜੇਲ੍ਹ ਵਿੱਚ ਰਹਿ ਕੇ 20 ਅਕਤੂਬਰ 1931 ਨੂੰ ਰਿਹਾਅ ਹੋਇਆ। ਇਸ ਦੌਰਾਨ ਹੀ ਸੰਨ 1929 ਵਿੱਚ ਆਪ ਦੀ ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ਹੋਈ। ਸ਼ਹੀਦ ਭਗਤ ਸਿੰਘ ਨੇ ਉਸ ਵੇਲੇ ਅੰਗਰੇਜ਼ ਸਰਕਾਰ ਵਿਰੁੱਧ ਕੇਂਦਰੀ ਜ਼ੇਲ ਲਾਹੌਰ ਵਿੱਚ ਭੁੱਖ ਹੜਤਾਲ ਰੱਖੀ ਹੋਈ ਸੀ। ਜਦੋਂ ਭਗਤ ਸਿੰਘ ਨੂੰ ਫਾਂਸੀ ਦਿੱਤੀ ਗਈ ਤਾਂ ਉਸ ਸਮੇਂ ਊਧਮ ਸਿੰਘ ਜ਼ੇਲ੍ਹ ਵਿੱਚ ਸੀ। ਸੰਨ 1931 ਵਿੱਚ ਆਪਣੀ ਸ਼ਜਾ ਪੂਰੀ ਕਰ ਜਦੋਂ ਊਧਮ ਸਿੰਘ ਜ਼ੇਲ੍ਹ ਵਿੱਚੋਂ ਬਾਹਰ ਆਇਆ ਤਾਂ ਉਹ ਸੁਨਾਮ ਜਾ ਕੇ ਰਹਿਣ ਲੱਗਾ, ਪਰ ਸੁਨਾਮ ਦੀ ਪੁਲਿਸ ਦੁਆਰਾ ਊਧਮ ਸਿੰਘ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਣ ਲੱਗਾ। ਊਧਮ ਸਿੰਘ ਦੁਬਾਰਾ ਅੰਮ੍ਰਿਤਸਰ ਆ ਕੇ ਰਹਿਣ ਲੱਗਾ ਜਿੱਥੇ ਉਸਨੇ ਪੇਂਟਰ ਦੀ ਦੁਕਾਨ ਖੋਲੀ। ਇਸ ਦੁਕਾਨ ਦਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਰੱਖਿਆ। ਇਹ ਨਾਮ ਊਧਮ ਸਿੰਘ ਦੁਆਰਾ ਧਰਮ-ਨਿਰਪੱਖ ਅਤੇ ਅਗਾਂਹਵਧੂ ਸੋਚ ਦਾ ਪ੍ਰਤੀਕ ਸੀ। ਅੰਮ੍ਰਿਤਸਰ ਤੋਂ ਬਾਅਦ ਕੁਝ ਦੇਰ ਕਸ਼ਮੀਰ ਵਿੱਚ ਰਹਿਣ ਤੋਂ ਪਿੱਛੋਂ ਊਧਮ ਸਿੰਘ ਘੁੰਮਦਾ-ਘੁਮਾਉਂਦਾ ਇੰਗਲੈਂਡ ਪਹੁੰਚ ਗਿਆ। ਇੰਗਲੈਂਡ ਪਹੁੰਚਣ ਤੱਕ ਜ਼ਲ੍ਹਿਆਂ ਵਾਲਾ ਬਾਗ ਦੇ ਸਾਕੇ ਦੀ ਚਿੰਗਆੜੀ ਇੱਕ ਭਿਆਨਕ ਅੱਗ ਬਣ ਚੁੱਕੀ ਸੀ। ਸ਼ਹੀਦ ਊਧਮ ਸਿੰਘ ਨੇ ਅਪਣਾ ਬਦਲਾ ਲੈਣ ਲਈ ਯੋਜਨਾ ਬਣਾਈ ਅਤੇ ਸਵਿਟਜਰਲੈਂਡ, ਜਰਮਨੀ, ਫਰਾਂਸ, ਹਾਲੈਂਡ ਆਦਿ ਹੁੰਦੇ ਹੋਏ ਆਖਿਰ 1934 ਵਿੱਚ ਲੰਡਨ ਪਹੁੰਚ ਗਿਆ। ਉਥੇ ਉਸਨੇ ਇੱਕ ਕਾਰ ਅਤੇ ਰਿਵਾਲਵਰ ਖ਼੍ਰੀਦਿਆ। ਉਸਨੇ ਇੱਕ ਕਿਤਾਬ ਨੂੰ ਕੱਟਕੇ ਉਸ ਵਿੱਚ ਅਪਣਾ ਰਿਵਾਲਵਰ ਲੁਕਾ ਲਿਆ। ਆਖਿਰਕਾਰ 13 ਮਾਰਚ 1940 ਨੂੰ ਉਹ ਦਿਨ ਆ ਗਿਆ। ਜਿਸਦੀ ਊਧਮ ਸਿੰਘ ਉਡੀਕ ਕਰ ਰਿਹਾ ਸੀ। 13 ਮਾਰਚ 1940 ਨੂੰ ਸ਼ਾਮ ਦੇ 4:30 ਵਜੇ ਈਸਟ ਐਸੋਸੀਏਸ਼ਨ ਅਤੇ ਸੈਂਟਰਲ ਏਸ਼ੀਅਨ ਸੁਸਾਇਟੀ ਦੀ 10 ਕੈਕਸਟਨ ਹਾਲ ਲੰਡਨ ਵਿਖੇ ਮੀਟਿੰਗ ਹੋ ਰਹੀ ਸੀ। ਇਸ ਮੀਟਿੰਗ ਵਿੱਚ ਊਧਮ ਸਿੰਘ ਭੇਸ ਬਦਲ ਕੇ ਆਪਣੇ ਨਾਲ ਰਿਵਾਲਵਰ ਲਿਜਾਣ ਵਿੱਚ ਸਫਲ ਹੋਇਆ। ਜਦੋਂ ਸਰ ਮਾਈਕਲ ਉਡਵਾਇਰ ਜੋ ਜ਼ਲ੍ਹਿਆਂਵਾਲੇ ਬਾਗ ਦੇ ਸਾਕੇ ਦੌਰਾਨ ਪੰਜਾਬ ਦਾ ਗਵਰਨਰ ਸੀ ਮੀਟਿੰਗ ਨੂੰ ਸੰਬੋਧਨ ਕਰਨ ਲੱਗਾ ਤਾਂ ਊਧਮ ਸਿੰਘ ਨੇ ਆਪਣੇ ਰਿਵਾਲਵਰ ਵਿਚਲੀਆਂ ਛੇ ਗੋਲੀਆਂ ਉਸ ਉਪਰ ਦਾਗ ਦਿੱਤੀਆਂ। ਗੋਲੀਆਂ ਲੱਗਣ ਕਾਰਨ ਸਰ ਮਾਈਕਲ ਉਡਵਾਇਰ ਜ਼ਮੀਨ ਤੇ ਡਿੱਗ ਪਿਆ ਅਤੇ ਉਸਦੀ ਮੌਕੇ ਤੇ ਹੀ ਮੌਤ ਹੋ ਗਈ। ਲਾਰਡ ਜੈਂਟਲੈਂਡ ਜੋ ਭਾਰਤ ਦਾ ਸੈਕਟਰੀ ਸੀ ਗੋਲੀਆਂ ਲੱਗਣ ਨਾਲ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਿਆ। ਇਸਤੋਂ ਬਾਦ ਸ਼ਹੀਦ ਊਧਮ ਸਿੰਘ ਨੇ ਭੱਜਣ ਦੀ ਕੋਸ਼ਿਸ਼ ਨਹੀਂ ਕੀਤੀ ਅਤੇ ਮੌਕੇ ਤੇ ਹੀ ਗ੍ਰਿਫਤਾਰ ਹੋ ਗਿਆ। ਗ੍ਰਿਫਤਾਰੀ ਸਮੇਂ ਊਧਮ ਸਿੰਘ ਨੇ ਕਿਹਾ ਕਿ ਉਸਨੇ ਆਪਣੇ ਦੇਸ਼ ਪ੍ਰਤੀ ਆਪਣਾ ਫਰਜ਼ ਨਿਭਾਇਆ ਹੈ। ਜਦੋਂ ਉਸ ਕੋਲੋਂ ਉਸਦਾ ਨਾਮ ਪੁੱਛਿਆ ਗਿਆ ਤਾਂ ਉਸਨੇ ਆਪਣਾ ਨਾਮ ਰਾਮ ਮੁਹੰਮਦ ਸਿੰਘ ਆਜ਼ਾਦ ਦੱਸਿਆ। ਸ਼ਹੀਦ ਊਧਮ ਸਿੰਘ ਵੱਲੋਂ ਸਰ ਮਾਈਕਲ ਉਡਵਾਇਰ ਦੇ ਕੀਤੇ ਕਤਲ ਨੂੰ ਵਿਸ਼ਵ ਪੱਧਰ ਦੀਆਂ ਅਖਬਾਰਾਂ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਲੰਡਨ ਤੋਂ ਪ੍ਰਕਾਸ਼ਿਤ ਅਖਬਾਰ 'ਦੀ ਟਾਈਮਜ਼ ਆਫ ਲੰਡਨ' ਵਿੱਚ ਸ਼ਹੀਦ ਊਧਮ ਸਿੰਘ ਨੂੰ 'ਆਜ਼ਾਦੀ ਦਾ ਲੜਾਕਾ' ਅਤੇ ਉਸਦੇ ਕਾਰਨਾਮੇ ਨੂੰ ਗੁਲਾਮ ਭਾਰਤੀਆਂ ਦੇ ਦੱਬੇ ਗੁੱਸੇ ਦਾ ਇਜ਼ਹਾਰ ਕਿਹਾ ਗਿਆ। ਜਰਮਨੀ ਦੇ ਰੇਡਿਓ ਤੋਂ ਵਾਰ-ਵਾਰ ਇਹੀ ਕਿਹਾ ਗਿਆ ਕਿ ਭਾਰਤੀ ਆਪਣੇ ਦੁਸ਼ਮਣਾਂ ਨੂੰ ਕਦੀ ਮਾਫ ਨਹੀਂ ਕਰਦੇ, ਉਹ ਵੀਹ ਸਾਲ ਦੇ ਲੰਮੇ ਵਕਫੇ ਤੋਂ ਬਾਅਦ ਵੀ ਉਨ੍ਹਾਂ ਨੂੰ ਮਾਰ ਮੁਕਾਉਂਦੇ ਹਨ। ਉਸ ਵੇਲੇ ਪੰਡਿਤ ਜਵਾਹਰ ਲਾਲ ਨਹਿਰੂ ਅਤੇ ਮਹਾਤਮਾ ਗਾਂਧੀ ਵਰਗੇ ਆਗੂਆਂ ਨੇ ਇਸਦੀ ਨਿੰਦਾ ਕੀਤੀ। ਸੁਭਾਸ਼ ਚੰਦਰ ਬੋਸ ਦੁਆਰਾ ਊਧਮ ਸਿੰਘ ਦੇ ਇਸ ਕਾਰਨਾਮੇ ਦੀ ਪ੍ਰਸੰਸ਼ਾਂ ਕੀਤੀ ਗਈ। ਪਹਿਲੀ ਅਪ੍ਰੈਲ 1940 ਨੂੰ ਊਧਮ ਸਿੰਘ ਨੂੰ ਅਦਾਲਤ ਵਿੱਚ ਪੇਸ਼ ਕਰ ਦਿੱਤਾ ਗਿਆ। ਮਾਈਕਲ ਉਡਵਾਇਰ ਦੇ ਕਤਲ ਲਈ ਉਸਨੂੰ ਦੋਸ਼ੀ ਠਹਿਰਾਇਆ ਗਿਆ। 4 ਜੂਨ 1940 ਨੂੰ ਸੈਂਟਰਲ ਕਰਿਮੀਨਲ ਕੋਰਟ, ਓਲਡ ਬੈਲੇ ਵਿੱਚ ਜਸਟਿਸ ਐਟਕਨਸਨ ਦੇ ਸਾਹਮਣੇ ਊਧਮ ਸਿੰਘ ਨੇ ਆਪਣੇ ਜੁਰਮ ਦਾ ਇਕਬਾਲ ਕੀਤਾ। ਜੱਜ ਦੁਆਰਾ ਮਾਈਕਲ ਉਡਵਾਇਰ ਦੇ ਕਤਲ ਦਾ ਕਾਰਨ ਪੁੱਛਣ ਤੇ ਊਧਮ ਸਿੰਘ ਨੇ ਜਵਾਬ ਦਿੱਤਾ ਕਿ ਉਹ ਸਾਡੇ ਦੇਸ਼ ਦਾ ਪੁਰਾਣਾ ਦੁਸ਼ਮਣ ਸੀ ਅਤੇ ਇਸ ਸਜ਼ਾ ਦਾ ਹੱਕਦਾਰ ਸੀ। ਇਸ ਪਿਛੋਂ ਜੱਜ ਨੇ ਊਧਮ ਸਿੰਘ ਨੂੰ ਮੌਤ ਦੀ ਸਜ਼ਾ ਸੁਣਾ ਦਿੱਤੀ।

ਅੱਜ ਦੇ ਦਿਨ 31 ਜੁਲਾਈ 1940 ਨੂੰ ਊਧਮ ਸਿੰਘ ਨੂੰ ਪੈਂਟੋਨਵਿਲੇ ਜ਼ੇਲ੍ਹ ਲੰਡਨ ਵਿੱਚ ਫਾਂਸੀ ਦੇ ਦਿੱਤੀ ਗਈ ਅਤੇ ਉਸਦੀ ਮ੍ਰਿਤਕ ਦੇਹ ਨੂੰ ਜ਼ੇਲ੍ਹ ਦੇ ਅੰਦਰ ਹੀ ਦਬਾ ਦਿੱਤਾ ਗਿਆ। 31 ਜੁਲਾਈ 1974 ਨੂੰ ਇੰਗਲੈਂਡ ਨੇ ਊਧਮ ਸਿੰਘ ਦੀਆਂ ਅਸਥੀਆਂ ਭਾਰਤ ਨੂੰ ਸੌਂਪ ਦਿੱਤੀਆਂ। ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਉੱਤੇ ਸਾਰੇ ਦੇਸ਼ਵਾਸੀ ਮਾਣ ਮਹਿਸੂਸ ਕਰਦੇ ਹਨ ਪਰੰਤੂ ਸਰਕਾਰਾਂ ਵਲੋਂ ਸ਼ਹੀਦ ਨੂੰ ਬਣਦਾ ਮਾਣ ਸਤਿਕਾਰ ਨਹੀਂ ਦਿਤਾ ਜਾ ਰਿਹਾ ਹੈ। ਸਰਕਾਰ ਨੂੰ ਸ਼ਹੀਦਾਂ ਬਾਰੇ ਮੁਕੰਮਲ ਜਾਣਕਾਰੀ ਇਕੱਠੀ ਕਰਕੇ ਲੋਕਾਂ ਤੱਕ ਪਹੁੰਚਾਣੀ ਚਾਹੀਦੀ ਹੈ ਤਾਂ ਜੋ ਆਣ ਵਾਲੀਆਂ ਪੀੜ੍ਹੀਆਂ ਵਿੱਚ ਦੇਸ਼ ਪ੍ਰੇਮ ਦੀ ਭਾਵਨਾ ਹੋਰ ਵਧੇ ਤੇ ਸ਼ਹੀਦਾਂ ਦੇ ਜੀਵਨ ਤੋਂ ਪ੍ਰੇਰਨਾ ਲੈਕੇ ਦੇਸ਼ ਅਤੇ ਸਮਾਜ ਦੀ ਰੱਖਿਆ ਦੀ ਭਾਵਨਾ ਵਿਕਸਿਤ ਹੋ ਸਕੇ।

# ਕੇਂਦਰੀ ਮੰਤਰੀ ਮੰਡਲ 'ਚ ਕਰੋੜਪਤੀ 'ਤੇ ਅਪਰਾਧੀ?

(ਸਫਾ 10 ਦੀ ਬਾਕੀ)

ਅੱਤਵਾਦੀਆਂ ਨੂੰ ਬਹੁਤ ਹੀ ਹੈਰਾਨੀ ਹੋਈ। ਦਸਿਆ ਗਿਆ ਕਿ ਜਾਰਜ ਅਤੇ ਅੱਤਵਾਦੀਆਂ ਵਿਚਕਾਰ ਲਗਭਗ ਇੱਕ ਘੰਟਾ ਗਲਬਾਤ ਹੋਈ। ਇਸ ਗਲਬਾਤ ਦੌਰਾਨ ਅੱਤਵਾਦੀਆਂ ਨੇ ਜਾਰਜ ਨੂੰ ਪੁਛ ਲਿਆ ਕਿ ਤੁਹਾਡੇ ਵਾਂਗ ਸਰਕਾਰ ਦੇ ਲੋਕੀ ਉਨ੍ਹਾਂ ਨਾਲ ਗਲ ਕਿਉਂ ਨਹੀਂ ਕਰਦੇ? ਜਾਰਜ ਨੇ ਕਿਹਾ ਕਿ ਉਹ ਸਰਕਾਰ ਵਲੋਂ ਹੀ ਤਾਂ ਆਏ ਹਨ। ਦਸਿਆ ਗਿਆ ਕਿ ਉਹ 'ਅੱਤਵਦੀ' ਜਾਰਜ ਨੂੰ ਬਹੁਤ ਦੂਰ ਤਕ ਛੱਡਣ ਆਏ। ਇਸ ਰਾਜਸੀ ਸੱਜਣ ਅਨੁਸਾਰ ਕਸ਼ਮੀਰ ਵਿੱਚ ਵੀ ਮਿਜ਼ੋਰਮ ਤੇ ਅਰੁਣਾਚਲ ਵਾਂਗ ਕਸ਼ਮੀਰ ਨਾਲ ਵੀ ਆਪਸੀ ਸੰਵਾਦ ਸ਼ੁਰੂ ਕਰਨ ਦੀ ਲੋੜ ਹੈ, ਆਖਿਰ ਕਸ਼ਮੀਰ ਵੀ ਤਾਂ ਭਾਰਤ ਹੀ ਹੈ। ਰਘੂਰਾਮ ਰਾਜਨ ਦਾ ਜਵਾਬੀ ਹਮਲਾ : ਭਾਜਪਾਈਆਂ ਦੇ ਇੱਕ ਵਰਗ ਵਲੋਂ ਅਲੋਚਨਾ ਦਾ ਸ਼ਿਕਾਰ ਹੋ ਰਹੇ, ਭਾਰਤੀ ਰਿਜ਼ਰਵ ਬੈਂਕ ਦੇ ਗਵਰਨਰ ਰਘੂਰਾਮ ਰਾਜਨ ਨੇ ਆਪਣੇ ਅਲੋਚਕਾਂ ਪੁਰ ਜਵਾਬੀ ਹਮਲਾ ਕਰਦਿਆਂ ਪੁਛਿਆ ਕਿ ਉਹ ਦਸਣ ਕਿ ਆਖਿਰ ਮਹਿੰਗਾਈ ਕਿਥੇ ਘਟ ਹੋਈ ਹੈ? ਉਨ੍ਹਾਂ ਪੁਰ 'ਆਰਥਕ ਵਿਕਾਸ' ਦੀ ਜਗ੍ਹਾ 'ਮਹਿੰਗਾਈ ਕੰਟਰੋਲ' ਵਲ ਧਿਆਨ ਕੇਂਦ੍ਰਤ ਕਰਨ ਦਾ ਦੋਸ਼ ਲਾਇਆ ਜਾਂਦਾ ਚਲਿਆ ਆ ਰਿਹਾ ਹੈ। ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ ਕੋਰੀ ਬਿਆਨਬਾਜ਼ੀ ਹਨ। ਉਨ੍ਹਾਂ ਕਿਹਾ ਕਿ ਜੋ ਆਲੋਚਕ ਉਨ੍ਹਾਂ ਪੁਰ ਨੀਤੀਗਤ ਵਿਆਜ ਦਰ ਵਿੱਚ ਕਟੌਤੀ ਦਾ ਕਦਮ ਉਠਾਣ ਦੇ ਸਮੇਂ ਤੋਂ ਪਿਛੇ ਰਹਿਣ ਦਾ ਦੋਸ਼ ਲਾਂਦੇ ਹਨ, ਉਨ੍ਹਾਂ ਨੂੰ ਪਹਿਲਾਂ ਇਹ ਸਾਬਤ ਕਰਨਾ ਚਾਹੀਦਾ ਹੈ ਕਿ ਮੁਦਰਾਸਫੀਤੀ (ਸਿੱਕੇ ਦਾ ਫੈਲਾਅ) ਕਿਥੇ ਬਹੁਤ ਘਟ ਹੋਈ ਹੈ। ਉਨ੍ਹਾਂ ਕਿਹਾ ਕਿ ਅਜਿਹੇ ਬਿਆਨਾਂ ਦਾ ਕੋਈ ਸਿਰ-ਪੈਰ ਨਹੀਂ।

**ਅਤੇ ਅੰਤ ਵਿੱਚ :** ਆਲ ਇੰਡੀਆ ਕਾਂਗ੍ਰਸ ਦੇ ਬੁਲਾਰੇ, ਮਨੂ ਸਿੰਧਵੀ ਨੇ ਇੱਕ ਬਿਆਨ ਵਿੱਚ ਦਸਿਆ ਕਿ ਮੋਦੀ ਸਰਕਾਰ ਲਗਾਤਾਰ ਇਹ ਦਾਅਵਾ ਕਰ ਰਹੀ ਹੈ ਕਿ ਬੀਤੇ ਦੋ ਵਰ੍ਹਿਆਂ ਦੌਰਾਨ ਰਸੋਈ ਗੈਸ ਵਿੱਚ ਡੀਬੀਟੀਐਲ (ਪ੍ਰਤੱਖ ਲਾਭ ਟਰਾਂਸਫਰ ਯੋਜਨਾ) ਲਾਗੂ ਕਰ ਕੇ ਸਰਕਾਰ ਨੇ 21 ਹਜ਼ਾਰ 672 ਕਰੋੜ ਰੁਪਏ ਦੀ ਬਚਤ ਕੀਤੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਨੇਤਾ ਦੋ ਵਰ੍ਹਿਆਂ ਦੀਆਂ ਪ੍ਰਾਪਤੀਆਂ ਦਾ ਗੁਣ-ਗਾਨ ਕਰਦਿਆਂ ਇਹ ਅੰਕੜੇ ਬਾਰ-ਬਾਰ ਦੁਹਰਾ ਰਹੇ ਹਨ, ਜਦਕਿ ਸੱਚਾਈ ਇਸਦੇ ਬਿਲਕੁਲ ਉਲਟ ਹੈ। ਸਿੰਘਵੀ ਨੇ ਦਸਿਆ ਕਿ ਕੈਗ ਨੇ ਆਪਣੀ ਜੁਲਾਈ ਮਹੀਨੇ ਦੀ ਰਿ-ਪੋਰਟ ਵਿੱਚ ਕਿਹਾ ਹੈ ਕਿ ਐਲਪੀਜੀ ਸਬੱਸਿਡੀ ਨਾਲ ਕੇਵਲ 2 (ਦੋ) ਹਜ਼ਾਰ ਕਰੋੜ ਦੀ ਹੀ ਬੱਚਤ ਹੋਈ ਹੈ। ਬਾਕੀ ਬੱਚਤ ਅੰਤ੍ਰਰਾਸ਼ਟਰੀ ਬਾਜ਼ਾਰ ਵਿੱਚ ਗੈਸ ਦੀਆਂ ਕੀਮਤਾਂ ਵਿੱਚ ਆਈ ਗਿਰਾਵਟ ਕਾਰਣ ਹੋਈ ਹੈ। ਪਰ ਸਰਕਾਰ ਲਗਾਤਾਰ ਝੂਠਾ ਪ੍ਰਚਾਰ ਕਰ ਰਹੀ ਹੈ। ਕਾਂਗ੍ਰਸ ਦੇ ਬੁਲਾਰੇ ਨੇ ਇਹ ਵੀ ਦਸਿਆ ਕਿ ਪਿਛਲੇ ਡੇਢ ਵਰ੍ਹੇ ਵਿੱਚ ਕੇਵਲ ਪੰਜ ਸੌ (500) ਪਿੰਡਾਂ ਵਿੱਚ ਹੀ ਬਿਜਲੀ ਪਹੁੰਚਾਈ ਜਾ ਸਕੀ ਹੈ, ਜਦਕਿ ਸਰਕਾਰ ਇਸ ਮੁੱਦੇ ਤੇ ਵੀ ਵੱਡੇ-ਵੱਡੇ ਦਾਅਵੇ ਕਰ ਰਹੀ ਹੈ। ਉਸਨੇ ਇਹ ਵੀ ਦਸਿਆ ਕਿ ਜਨ-ਧਨ ਯੋਜਨਾ ਅਧੀਨ ਖੋਲ੍ਹੇ ਗਏ ਬੈਂਕ ਖਾਤਿਆਂ ਵਿਚੋਂ ੬੦ ਫੀਸਦੀ ਤੋਂ ਵੀ ਵੱਧ ਅਜਿਹੇ ਬੈਂਕ ਖਾਤੇ ਹਨ, ਜਿਨ੍ਹਾਂ ਵਿੱਚ ਪੈਸੇ ਹੈ ਹੀ ਨਹੀਂ ਹਨ।

# ਦਲਿਤਾਂ ਦੀ ਦੁਰਦਸ਼ਾ ਦਾ ਸੱਚ

(ਸਫਾ 6 ਦੀ ਬਾਕੀ

ਅਹੁਦੇ ਤੇ ਪਹੁੰਚ ਜਾਵੇ, ਉਸਦੀ ਦੇਸ਼ ਵਿਚ ਕੋਈ ਕਦਰ ਨਹੀਂ ਹੈ, ਜੋ ਮਨੂੰਵਾਦੀ ਲੋਕ ਚਾਹੁਣਗੇ ਉਹ ਹੀ ਹੋਵੇਗਾ।

ਦਲਿਤਾਂ ਦੀ ਇਸ ਦੁਰਦਸ਼ਾ ਦਾ ਮੁੱਖ ਕਾਰਨ ਮਨੂੰਵਾਦੀ ਤਾਂ ਹਨ ਹੀ ਪਰ ਦਲਿਤ ਸਮਾਜ ਦੇ ਨੇਤਾ ਵੀ ਮੁੱਖ ਭੂਮਿਕਾ ਵਿਚ ਹਨ। ਇਸ ਭੋਲੇ ਭਾਲੇ ਦਲਿਤ ਸਮਾਜ ਦੀ ਮਨੂੰਵਾਦੀਆਂ ਦੇ ਨਾਲ ਦਲਿਤ ਨੇਤਾਵਾਂ ਨੇ ਵੀ ਖੂਬ ਸਵਾਰੀ ਕੀਤੀ ਹੈ ਅਤੇ ਹੁਣ ਸਮਾਂ ਆ ਗਿਆ ਹੈ ਕਿ ਇਹਨਾਂ ਨੂੰ ਆਪਣੇ ਤੋਂ ਉਤਾਰ ਕੇ ਹੇਠਾਂ ਸੁੱਟਿਆ ਜਾਵੇ ਅਤੇ ਉਹਨਾਂ ਦੀ ਔਕਾਤ ਦਿਖਾਈ ਜਾਵੇ, ਜਿਸ ਨਾਲ ਨਿਸਚਿਤ ਤੌਰ ਤੇ ਦਲਿਤ ਸਮਾਜ ਦੀ ਸਥਿਤੀ ਵਿਚ ਸੁਧਾਰ ਆਵੇਗਾ।

ਜਿਸ ਤਰ੍ਹਾਂ ਬਸਪਾ ਦੇ ਵਰਕਰਾਂ ਅਤੇ ਬਹੁਜਨ ਸਮਾਜ ਦੇ ਲੋਕਾਂ ਨੇ ਇਸ ਗੰਦੀ ਟਿੱਪਣੀ ਦਾ ਮੂੰਹ ਤੋੜ ਜਵਾਬ ਦਿੱਤਾ ਹੈ, ਉਸ ਤੋਂ ਮਨੂੰਵਾਦੀ ਲੋਕ ਬੈਕਫੁੱਟ ਤੇ ਦਿਖਾਈ ਦਿੱਤੇ ਅਤੇ ਇਸ ਤੋਂ ਲੱਗਣ ਲੱਗਿਆ ਕਿ ਹੁਣ ਬਹੁਜਨ ਸਮਾਜ ਦੇ ਨਾਲ ਹਰ ਅੱਤਿਆਚਾਰ ਨਹੀਂ ਹੋਵੇਗਾ।


'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com www.ambedkartimes.com

(ਛਾਪਕ ਤੇ ਪਤਾ)
ਲੋਕ ਗੀਤ ਪ੍ਰਕਾਸ਼ਨ
ਐੱਸ.ਸੀ.ਓ.26-27
ਸੈਕਟਰ-34 ਏ ਚੰਡੀਗੜ
ਫੋਨ-91-1725077427
91-1725077428

ਡਾ. ਜਸਵੰਤ ਰਾਏ (ਲੇਖਕ)
ਅਕਾਸ਼ ਕਲੋਨੀ
ਗੁਰੂ ਰਵਿਦਾਸ ਨਗਰ
ਸ਼ੇਰ ਗੜ੍ਹ ਰੋਡ,ਹੁਸ਼ਿਆਰਪੁਰ
ਮੋਬਾ. 91-98158-25999
ਮੋਬਾ. 91-99150-40888

ਪ੍ਰਕਾਸ਼ਕ 'ਦੇਸ਼ ਦੁਆਬਾ' (ਕੈਲੇਫੋਰਨੀਆ)

# ਕੌਮ ਦਾ ਸਿਤਾਰਾ
# ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ




## ਗਦਰ ਲਹਿਰ ਦਾ ਇਤਿਹਾਸਕ ਪਿਛੋਕੜ

ਯੂਰਪ ਦੀ ਧਰਤੀ ਤੇ ਗ਼ਦਰ ਪਾਰਟੀ ਦੀਆਂ ਜੜ੍ਹਾਂ ਲਾਉਣ ਵਾਲੇ ਪ੍ਰਸਿੱਧ ਦੇਸ਼ ਭਗਤ ਬਾਬੂ ਹਰਨਾਮ ਸਿੰਘ ਸਾਹਰੀ ਨੂੰ 14 ਨਵੰਬਰ, 1916 ਈਸਵੀ ਨੂੰ ਮਾਂਡਲੇ ਜੇਲ੍ਹ ਵਿਚ ਅੰਗਰੇਜ਼ੀ ਹਕੂਮਤ ਦੁਆਰਾ ਫਾਂਸੀ ਦਿੱਤੀ ਗਈ ਸੀ। ਵਰ੍ਹਾ 2016 ਉਸ ਗ਼ਦਰੀ ਸੂਰਮੇ ਨੂੰ ਯਾਦ ਕਰਨ ਲਈ ਸ਼ਤਾਬਦੀ ਵਰ੍ਹਾ ਹੈ। ਮੈਂ ਤਿੰਨ ਸਾਲ ਦੇ ਖੋਜ ਕਾਰਜ ਉਪਰੰਤ ਬਾਬੂ ਹਰਨਾਮ ਸਿੰਘ ਸਾਹਰੀ ਦੇ ਜੀਵਨ ਅਤੇ ਸੰਘਰਸ਼ ਨੂੰ ਬਿਆਨ ਕਰਦਾ ਦਸਤਾਵੇਜ਼ "ਕੌਮ ਦਾ ਸਿਤਾਰਾ: ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ" ਲਿਖਿਆ ਹੈ ਜਿਸਨੂੰ ਪੁਸਤਕ ਰੂਪ ਵਿਚ "ਦੇਸ ਦੁਆਬਾ" ਪ੍ਰਕਾਸ਼ਨ ਸਮੂਹ ਦੇ ਕਰਤਾ ਧਰਤਾ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਲੋਕ ਗੀਤ ਪ੍ਰਕਾਸ਼ਨ ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕਰਵਾਇਆ ਹੈ। 'ਦੇਸ਼ ਦੁਆਬਾ' ਦੇ ਪਾਠਕਾਂ ਲਈ ਸ਼ਤਾਬਦੀ ਵਰ੍ਹੇ ਤੇ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੇ ਕੌਮੀ ਸੰਘਰਸ਼ ਦੀ ਗਾਥਾ ਨੂੰ ਲੜੀਵਾਰ ਛਾਪਣ ਦੇ ਵਡਮੁੱਲੇ ਸੁਝਾਅ ਨੂੰ ਪ੍ਰਵਾਨ ਕਰਦਿਆਂ ਸ਼੍ਰੀ ਪ੍ਰੇਮ ਕੁਮਾਰ ਚੁੰਬਰ ਨੇ ਜਿੱਥੇ ਗ਼ਦਰ ਲਹਿਰ ਦੇ ਸ਼ਹੀਦਾਂ ਨੂੰ ਸਨਮਾਨ ਦਿੱਤਾ ਹੈ ਉੱਥੇ ਸਾਡੇ ਮਾਣ ਨੂੰ ਵੀ ਵਧਾਇਆ ਹੈ। ਜਨਵਰੀ 2016 ਤੋਂ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਪਹਿਲੇ ਅੰਤਰਰਾਸ਼ਟਰੀ ਪੰਜਾਬੀ ਪੱਤਰਕਾਰ ਦੇ ਜੀਵਨ ਬਿਰਤਾਂਤ ਅਤੇ ਦੇਸ਼ ਪ੍ਰੇਮ ਦੇ ਰੰਗ ਵਿਚ ਰੰਗੀ ਸ਼ਖ਼ਸੀਅਤ ਬਾਰੇ ਡਾ. ਰਘਵੀਰ ਕੌਰ ਜਨਰਲ ਸਕੱਤਰ ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ, ਸੀਤਾ ਰਾਮ ਬਾਂਸਲ, ਪ੍ਰੇਮ ਕੁਮਾਰ ਚੁੰਬਰ ਅਤੇ ਮੇਰੇ ਸ਼ਬਦ "ਕਿੰਝ ਲਿਖ ਹੋਈ ਪੁਸਤਕ" ਲੇਖਾਂ ਤੋਂ ਬਾਅਦ ਲਗਾਤਾਰ ਇਸ ਦਸਤਾਵੇਜ਼ ਨੂੰ ਛਾਪਿਆ ਜਾ ਰਿਹਾ ਹੈ। ਇਹੀ ਸ਼ਹੀਦ ਬਾਬੂ ਹਰਨਾਮ ਸਿੰਘ ਸਾਹਰੀ ਦੀ ਯਾਦ ਵਿਚ ਸੱਚੀ ਸ਼ਰਧਾਂਜਲੀ ਹੋਵੇਗੀ।

**-ਡਾ. ਜਸਵੰਤ ਰਾਏ**

**(ਬਾਈਵੀ ਕਿਸਤ)**

20 ਮਾਰਚ 1911 ਨੂੰ ਆਪ ਕੈਲੇਫੋਰਨੀਆ ਪੁੱਜ ਗਏ, ਉਥੇ ਆਪ ਬਰਕਲੇ ਯੂਨੀਵਰਸਿਟੀ ਵਿਚ ਦਾਖਲ ਹੋ ਗਏ। ਉਥੇ ਵੀ ਉਹ ਪਹਿਲੇ ਵਾਂਗ ਹੀ ਦੇਸ਼ ਸੇਵਾ ਵਿਚ ਜੁਟੇ ਰਹੇ, ਜੇ ਕਿਤੇ ਦੀਵਾਨ ਹੁੰਦਾ ਜਾਂ ਕਿਤੇ ਕੋਈ ਦੇਸ਼-ਉਨਤੀ ਦੇ ਵਿਚਾਰ ਲਈ ਕਮੇਟੀ ਹੁੰਦੀ ਤਾਂ ਆਪ ਸੌ ਕੰਮ ਛੱਡ ਕੇ ਵੀ ਉਥੇ ਜ਼ਰੂਰ ਪੁੱਜ ਜਾਂਦੇ। ਆਪਣੇ ਅਨਪੜ੍ਹ ਭਰਾਵਾਂ ਦਾ ਕੰਮ ਸਦਾ ਹੀ ਕੋਈ ਨਾ ਕੋਈ ਸਾਰਦੇ ਰਹਿੰਦੇ ਸਨ ਤੇ ਉਹਨਾਂ ਪਾਸੋਂ ਕੋਈ ਫੀਸ ਆਦਿ ਨਹੀਂ ਸਨ ਲੈਂਦੇ।

1913 ਦੇ ਨਵੰਬਰ ਮਹੀਨੇ ਦੀ ਪਹਿਲੀ ਤਾਰੀਖ ਤੋਂ ਜਦ ਗਦਰ ਅਖਬਾਰ ਪਹਿਲੇ ਪਹਿਲ ਕੱਢਿਆ ਗਿਆ ਤਾਂ ਬਾਬੂ ਜੀ ਨੇ ਉਸ ਅਖਬਾਰ ਵਿਚ ਵੱਧ ਚੜ੍ਹ ਕੇ ਹਿੱਸਾ ਲਿਆ, ਆਪ ਲਿਖਾਰੀ ਵੀ ਤਕੜੇ ਸਨ, ਇਸ ਲਈ ਉਹਨਾਂ ਦੇ ਲੇਖ 'ਗਦਰ' ਵਿਚ ਕਦੇ ਕਦੇ ਛਪਦੇ ਰਹਿੰਦੇ ਸਨ। ਆਪ ਆਜ਼ਾਦੀ ਦੇ ਬੜੇ ਤਕੜੇ ਪ੍ਰਚਾਰਕ ਸਨ, ਤੇ ਤਸਵੀਰਾਂ ਬਣਾ ਬਣਾ ਕੇ ਲੋਕਾਂ ਨੂੰ ਸਰਮਾਏਦਾਰਾਂ ਦੇ ਜ਼ੁਲਮ ਦੱਸਿਆ ਕਰਦੇ ਸਨ, ਕਿ ਕਿੱਦਾਂ ਗਵਰਨਮੈਂਟ ਜੋਕਾਂ ਵਾਂਗੂੰ ਸਾਨੂੰ ਚੰਬੜੀ ਹੋਈ ਹੈ ਤੇ ਸਾਡੇ ਲਹੂ ਚੂੰਘ ਰਹੀ ਹੈ।

ਇਹਨਾਂ ਦਿਨਾਂ ਵਿਚ ਭਾ: ਗੁਰਦਿਤ ਸਿੰਘ ਅਤੇ ਭਾ: ਦਲੀਪ ਸਿੰਘ ਬੰਬ ਕੇਸ ਵਿਚ ਫੜੇ ਗਏ ਤੇ ਇਹਨਾਂ ਦਿਨਾਂ ਵਿਚ ਕੌਮਾਗਾਟਾਮਾਰੂ ਜਹਾਜ਼ ਵੀ ਬੰਦਰਗਾਹ ਤੇ ਪੁੱਜ ਗਿਆ ਸੀ। ਭਾਈ ਸਾਹਿਬ ਹਰਨਾਮ ਸਿੰਘ ਆਪਣੇ ਸਾਥੀਆਂ ਭਾ: ਭਾਗ ਸਿੰਘ, ਭਾ: ਬਲਵੰਤ ਸਿੰਘ ਅਤੇ ਭਾ: ਮੋਤਾ ਸਿੰਘ ਨੂੰ ਲੈ ਕੇ ਕਾਮਾਗਾਟਾਮਾਰੂ ਦੇ ਮੁਸਾਫਰਾਂ ਨਾਲ ਸਲਾਹ ਕਰਨ ਗਏ ਹੋਏ ਉਥੇ ਹੀ ਫੜੇ ਗਏ। ਇਸ ਸਬੰਧੀ ਆਪ ਦੇ ਭਾਈਆਂ ਨੇ ਬੜੀ ਐਜੀਟੇਸ਼ਨ ਕੀਤੀ। ਬਾਬੂ ਹਰਨਾਮ ਸਿੰਘ ਤੋਂ ਬਗੈਰ ਬਾਕੀ ਦੇ ਛੱਡ ਦਿੱਤੇ ਗਏ ਤੇ ਇਹਨਾਂ ਨੂੰ ਸਿਆਟਲ ਇਮੀਗ੍ਰੇਸ਼ਨ ਮਹਿਕਮੇ ਵਿਚ ਲੈ ਗਏ।

ਹੁਣ ਮਿਸਟਰ ਹਾਪਕਿਨਸਨ ਵੱਲੋਂ ਭਾਈ ਗੁਰਦਿਤ ਸਿੰਘ ਤੇ ਭਾ: ਦਲੀਪ ਸਿੰਘ ਤੇ ਇਹ ਜ਼ੋਰ ਦਿੱਤਾ ਗਿਆ ਕਿ ਜੇ ਇਹ ਦੋਵੇਂ ਸੱਜਣ ਬਾਬੂ ਹਰਨਾਮ ਸਿੰਘ ਦਾ ਨਾਮ ਲੈ ਦੇਣ ਕਿ ਬਾਬੂ ਹੋਰੀਂ ਜ਼ਰੂਰ ਬੰਬਾਂ ਦੀ ਸਿਖਲਾਈ ਕਰਦੇ ਰਹੇ ਹਨ, ਔਰ ਸਰਕਾਰ ਦੇ ਬਰਖਿਲਾਫ ਕੰਮ ਕਰਦੇ ਰਹੇ ਹਨ, ਤਾਂ ਇਹਨਾਂ ਉਪਰੋਕਤ ਦੋਹਾਂ ਸੱਜਣਾਂ ਨੂੰ ਛੱਡ ਦਿੱਤਾ ਜਾਵੇਗਾ। ਪਰ ਉਹ ਸ਼ੇਰ-ਮਰਦ ਉਸੇ ਤਰ੍ਹਾਂ ਡੱਟੇ ਰਹੇ ਅਰ ਇਸ ਮੁਕੱਦਮੇ ਵਿਚ ਭਾਈ ਦਲੀਪ ਸਿੰਘ ਦੋ ਸਾਲ ਤੇ ਭਾਈ ਗੁਰਦਿਤ ਸਿੰਘ ਨੂੰ ਚਾਰ ਸਾਲ ਦੀ ਕੈਦ ਹੋਈ। ਉਪਰੰਤ ਐਮੀਗਰੇਸ਼ਨ ਮਹਿਕਮੇ ਨੇ ਭਾਈ ਸਾਹਿਬ ਦੇ ਦੇਸ਼ ਨਿਕਾਲੇ ਦਾ ਹੁਕਮ ਦੇ ਦਿੱਤਾ। ਪਰ ਕੈਲੇਫੋਰਨੀਆ ਦੇ ਭਾਈਆਂ ਨੇ 2500 ਡਾਲਰ ਦੀ ਨਕਦ ਜ਼ਮਾਨਤ ਦੇ ਕੇ ਉਹਨਾਂ ਨੂੰ ਛੁਡਾ ਲਿਆ। ਇਸ ਤੋਂ ਉਪਰੰਤ ਇਹ ਭਾਈ ਸਾਹਿਬ ਗਦਰ ਪਾਰਟੀ ਦਾ ਕੰਮ ਕਰਨ ਲੱਗ ਪਏ ਤੇ ਮੁਕੱਦਮੇ ਦੀ ਪੈਰਵੀ ਆਰੰਭ ਦਿੱਤੀ। ਜਦੋਂ ਇਹ ਮਲੂਮ ਹੋਣ ਲੱਗ ਪਿਆ ਕਿ ਇਸ ਮੁਕੱਦਮੇ ਵਿਚ ਸਾਡੀ ਸਫਲਤਾ ਨਹੀਂ ਹੋਣੀ ਤਾਂ ਸਭ ਭਾਈਆਂ ਨੇ ਮਿਲਵੇਂ ਫੈਸਲੇ ਅਨੁਸਾਰ ਭਾਈ ਸਾਹਿਬ ਨੂੰ ਦੇਸ਼ ਨੂੰ ਭੇਜ ਦਿੱਤਾ ਗਿਆ ਤੇ ਉਹ ਜ਼ਮਾਨਤ ਵਾਪਸ ਲੈ ਲਈ।

ਆਉਂਦੇ ਹੋਏ ਭਾਈ ਸਾਹਿਬ ਰਸਤੇ ਵਿਚ ਚੀਨ, ਜਾਪਾਨ, ਸਿਆਮ ਆਦਿਕ ਦੇਸ਼ਾਂ ਵਿਚ ਆਪਣੇ ਪ੍ਰੋਗਰਾਮ ਮੁਤਾਬਕ ਕੰਮ ਕਰਦੇ ਆਏ ਅਰ ਭਾਈ ਬਲਵੰਤ ਸਿੰਘ, ਪੰਡਤ ਸੋਹਨ ਲਾਲ, ਭਾ: ਰਾਮ ਸਿੰਘ ਤੇ ਭਾਈ ਸੰਤੋਖ ਸਿੰਘ ਆਦਿਕ ਸੱਜਣਾਂ ਨਾਲ ਸਿਆਮ ਅਤੇ ਬਰ੍ਹਮਾ ਕੰਮ ਕਰਦੇ ਰਹੇ ਜਿਸ ਦੇ ਵਰਣਨ ਕਰਨ ਦਾ ਸਮਾਂ ਆਗਿਆ ਨਹੀਂ ਦਿੰਦਾ। ਇਹ ਸਾਰੇ ਹੀ ਹਾਲ ਜੇ ਕਦੇ ਮੌਕਾ ਮਿਲਿਆ ਤੇ ਸਮੇਂ ਨੇ ਆਗਿਆ ਦਿੱਤੀ ਤਾਂ ਵਿਸਥਾਰ ਸਹਿਤ ਪ੍ਰਗਟ ਕੀਤੇ ਜਾਣਗੇ।

ਸਿਆਮ ਤੋਂ ਹੁੰਦੇ ਹੋਏ ਬਰ੍ਹਮਾ ਵਿਚ ਜਾ ਕੇ ਆਪ ਨੇ ਪ੍ਰੋਗਰਾਮ ਅਨੁਸਾਰ ਬੜੀ ਕਾਮਯਾਬੀ ਨਾਲ ਆਪਣਾ ਕੰਮ ਕਰਦੇ ਰਹੇ ਅਰ ਉਹ ਘਾਲਾਂ ਘਾਲੀਆਂ ਕਿ ਜੇ ਕਦੇ ਇਹਨਾਂ ਪਰਜਾ ਭਗਤਾਂ ਦੀ ਸਕੀਮ ਸਿਰੇ ਚੜ੍ਹ ਜਾਂਦੀ ਤਾਂ ਅੱਜ ਦਾ ਦਿਨ ਕਿਸੇ ਹੋਰ ਹੀ ਰੰਗ ਢੰਗ ਵਿਚ ਬਦਲਿਆ ਹੋਇਆ ਹੁੰਦਾ। ਦੂਜੀ ਵਾਰ ਬਾਬੂ ਹਰਨਾਮ ਸਿੰਘ ਅਤੇ ਪੰਡਤ ਸੋਹਨ ਲਾਲ ਜਦੋਂ ਆਪਣਾ ਕੰਮ ਕਰਕੇ ਬਰਮਾ ਤੋਂ ਵਾਪਸ ਆ ਰਹੇ ਸਨ ਤਾਂ ਬਰਮਾ ਦੀ ਹੱਦ ਤੇ ਫੜੇ ਗਏ ਅਰ ਫਾਂਸੀ ਦੇ ਤਖਤੇ ਤੇ ਲਟਕਾਏ ਗਏ।

ਬਰਮਾ ਸਰਕਾਰ ਉਸ ਵੇਲੇ ਸਿੱਖਾਂ ਦੀ ਖਾਸ ਵੇਖਭਾਲ ਕਰ ਰਹੀ ਸੀ। ਸਿੱਖਾਂ ਤੇ ਮੁਕੱਦਮਾ ਚਲਾ ਚਲਾ ਕੇ ਉਹਨਾਂ ਨੂੰ ਉਮਰ ਕੈਦ ਤੇ ਫਾਂਸੀਆਂ ਦੀਆਂ ਸਜ਼ਾਵਾਂ ਦੇ ਰਹੀ ਸੀ। ਆਪ ਵੀ ਆਖਿਰ ਮਾਡਲੇ ਵਿਚ ਬਰਮਾ ਗਵਰਨਮੈਂਟ ਦੇ ਕਾਬੂ ਆ ਗਏ ਅਤੇ ਆਪ ਤੇ ਬਗਾਵਤ ਫੈਲਾਉਣ ਦਾ ਮੁਕੱਦਮਾ ਚਲਾਇਆ ਗਿਆ ਤੇ ਆਪ ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ।

ਆਪ ਦੀ ਮਾਈ 92 ਸਾਲ ਦੀ ਉਮਰ ਵਿਚ ਅਜੇ ਤੱਕ ਜ਼ਿੰਦਾ ਹੈ ਤੇ ਆਪਣੇ ਬੱਚੇ ਦੇ ਹੀ ਸਦਾ ਗੀਤ ਗਾਉਂਦੀ ਰਹਿੰਦੀ ਹੈ। ਆਪ ਦੇ ਪਿਤਾ ਆਪ ਦੇ ਫਾਂਸੀ ਲੱਗਣ ਤੋਂ ਅੱਠ ਸਾਲ ਪਹਿਲਾਂ ਚੜ੍ਹਾਈ ਕਰ ਗਏ ਸਨ। ਜਦ ਆਪ ਹਾਂਗਕਾਂਗ ਵਿਚ ਸਨ ਤਾਂ ਉਥੇ ਲੋਕ ਆਪ ਨੂੰ ਬਾਬੂ ਜੀ ਕਰਕੇ ਸੱਦਿਆ ਕਰਦੇ ਸਨ। ਇਸ ਲਈ ਆਪ ਦਾ ਨਾਮ "ਬਾਬੂ" ਹੀ ਮਸ਼ਹੂਰ ਹੋ ਗਿਆ, ਆਪ ਦੀ ਸ਼ਾਦੀ ਪਿੰਡ ਕੋਟਲੀ ਜ਼ਿਲ੍ਹਾ ਜਲੰਧਰ ਵਿਚ 27 ਵਿਸਾਖ ਸੰਮਤ 1951 ਨੂੰ ਹੋਈ ਸੀ। ਆਪ ਦੀ ਸੁਪਤਨੀ ਬਾਬੂ ਜੀ ਦੇ ਜ਼ੋਰ ਦੇਣ ਤੇ ਉਹਨਾਂ ਦੇ ਆਪਣੇ ਭਾਈ ਦੇ ਹੀ ਘਰ ਬੈਠ ਗਈ ਹੋਈ ਹੈ ਤੇ ਉਹ ਅਜੇ ਤੱਕ ਜ਼ਿੰਦਾ ਹੈ। ਬਾਬੂ ਜੀ ਦੇ ਆਪਣੀ ਕੋਈ ਔਲਾਦ ਨਹੀਂ ਹੈ।


**ਡਾ.ਜਸਵੰਤ ਰਾਏ**
**91-98158 25999**

ਬਾਬੂ ਜੀ ਇਕ ਐਸਾ ਦਿਲ ਰੱਖਦੇ ਸਨ, ਜਿਹੜਾ ਕਿ ਸਦਾ ਆਜ਼ਾਦੀ ਦੀਆਂ ਹੀ ਠਾਠਾਂ ਮਾਰਦਾ ਰਹਿੰਦਾ ਸੀ। ਆਪ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਜਿੱਥੇ ਵੀ ਰਹੇ, ਸਦਾ ਸਿਰੋਂ ਪੂਰੇ ਯਤਨ ਕਰਦੇ ਰਹੇ। ਆਪ ਸਦਾ ਆਜ਼ਾਦੀ ਮੰਡਲੀ ਵਿਚ ਹੀ ਫਿਰਦੇ ਰਹਿੰਦੇ ਸਨ। ਭਾਵੇਂ ਗੁਲਾਮਾਂ ਵਿਚ ਜੰਮੇ ਪਲੇ ਸਨ ਪਰ ਗੁਲਾਮਾਂ ਦਾ ਫਾਹ ਵੱਢਦੇ ਵੱਢਦੇ ਹੀ ਆਪ ਫਾਂਸੀ ਚੜ੍ਹ ਗਏ।

ਆਪ ਵਿਚ ਤੰਗ ਦਿਲੀ ਉੱਕੀ ਹੀ ਨਹੀਂ ਸੀ, ਇਸ ਲਈ ਆਪ ਫਿਰਕੇਵਾਰ ਜਾਂ ਇਲਾਕੇ ਵਾਰ ਵੰਡੀ ਦੇ ਬੜੇ ਸਖਤ ਵਿਰੋਧੀ ਸਨ। ਆਪ ਸੋਲਾਂ ਆਨੇ ਹਿੰਦੁਸਤਾਨੀ ਸਨ ਤੇ ਹਰ ਵੇਲੇ ਆਜ਼ਾਦੀ ਦੇ ਇਸ਼ਕ ਵਿਚ ਤੜਪਦੇ ਰਹਿੰਦੇ ਸਨ। ਆਪ ਨੇ ਨਗਰ ਸਾਹਰੀ ਨੂੰ ਸਦਾ ਲਈ ਜ਼ਿੰਦਾ ਕਰ ਦਿੱਤਾ ਹੈ।

ਆਪ ਕੌਮੀ ਗੀਤ ਬੜੇ ਪ੍ਰੇਮ ਨਾਲ ਪੜ੍ਹਿਆ ਕਰਦੇ ਸਨ। ਇਹਨਾਂ ਵਿਚੋਂ 'ਹਿੰਦੀ ਹੈਂ ਹਮ ਵਤਨ ਹੈ, ਹਿੰਦੁਸਤਾਨ ਹਮਾਰਾ" ਅਤੇ "ਮਰਨਾ ਭਲਾ ਹੈ ਉਸਕਾ ਜੋ ਅਪਨੇ ਲੀਏ ਜੀਏ, ਜੀਤਾ ਹੈ ਵੋਹ ਜੋ ਮਰ ਚੁਕਾ ਹੈ ਕੌਮ ਕੇ ਲੀਏ", ਇਹ ਦੋ ਗੀਤ ਤਾਂ ਸਦਾ ਹੀ ਆਪ ਦੀ ਜ਼ੁਬਾਨ ਤੇ ਰਹਿੰਦੇ ਸਨ। ਇਹਨਾਂ ਗੀਤਾਂ ਤੋਂ ਹੀ ਪਤਾ ਲੱਗ ਸਕਦਾ ਹੈ ਕਿ ਆਪ ਦੇ ਦਿਲ ਵਿਚ ਕਿਹੋ ਜਿਹੇ ਖਿਆਲ ਘਰ ਕਰੀ ਬੈਠੇ ਸਨ।

ਆਪ ਕੁਰਬਾਨੀ ਦੇ ਪੁੰਜ, ਆਜ਼ਾਦੀ ਦੀ ਤਸਵੀਰ ਤੇ ਸੇਵਾ ਦੀ ਮੂਰਤ ਸਨ। ਆਪ ਜੈਸੇ ਸ਼ਹੀਦਾਂ ਦੀ ਜਿਉਂਦੀ ਜਾਗਦੀ ਮਿਸਾਲ ਹੀ ਹੈ, ਜਿਹੜੀ ਕਿ ਕਾਇਰਾਂ ਵਿਚ ਦਲੇਰੀ ਤੇ ਬੁਜ਼ਦਿਲਾਂ ਵਿਚ ਸੂਰਬੀਰਤਾ ਭਰਦੀ ਹੈ। ਭਾਰਤ ਵਾਸੀ ਜਿੰਨਾ ਵੀ ਮਾਣ ਇਹੋ ਜਿਹੇ ਸ਼ਹੀਦਾਂ ਤੇ ਕਰਨ ਉਤਨਾ ਹੀ ਥੋੜ੍ਹਾ ਹੈ। ਸਾਡੀ ਤਾਂ ਇਹੋ ਪ੍ਰਾਰਥਨਾ ਹੈ ਕਿ ਹਿੰਦੁਸਤਾਨੀ ਸਦਾ ਹੀ ਬਾਬੂ ਜੀ ਦੇ ਕਦਮਾਂ ਤੇ ਚਲਦੇ ਰਹਿਣ, ਤੇ ਆਜ਼ਾਦੀ ਲਈ ਕੁਰਬਾਨੀਆਂ ਕਰਦੇ ਰਹਿਣ।

ਬਾਬੂ ਹਰਨਾਮ ਸਿੰਘ ਜੀ, ਭਾਈ ਭਾਗ ਸਿੰਘ ਜੀ ਅਤੇ ਭਾਈ ਬਲਵੰਤ ਸਿੰਘ ਤਿੰਨੇ ਸੱਜਣ ਹੀ ਬੜੇ ਪੱਕੇ ਮਿੱਤਰ ਸਨ। ਇਹਨਾਂ ਦਾ ਮਰਨ ਜਿਊਣ, ਖਾਣ ਪੀਣ, ਬਹਿਣ ਖਲੋਣ ਸਭ ਇਕੱਠਾ ਸੀ। ਇਕੱਠੇ ਹੀ ਇਹ ਕੰਮ ਕਰਦੇ ਸਨ, ਇਕੱਠੇ ਹੀ ਇਹ ਜਿੱਥੇ ਜਾਣਾ ਹੁੰਦਾ ਸੀ, ਜਾਂਦੇ ਸੀ। ਉਸ ਵੇਲੇ ਦੀ ਅਮਰੀਕਾ ਕੈਨੇਡਾ ਦੀ ਕੌਮੀ ਲਹਿਰ ਦੀ ਇਹ ਤਿੰਨੇ ਹੀ ਜਿੰਦ ਜਾਨ ਸਨ, ਤੇ ਤਿੰਨੇ ਹੀ ਦੇਸ ਸੇਵਾ ਕਰਦੇ ਹੋਏ, ਆਪਣੇ ਸਰੀਰ ਆਜ਼ਾਦੀ ਦੀ ਭੇਟ ਕਰ ਗਏ।

ਇਹ ਅੱਛੇ ਉਰਦੂ, ਫਾਰਸੀ ਤੇ ਅੰਗਰੇਜ਼ੀ ਤੇ ਗੁਰਮੁਖੀ ਦੇ ਵਿਦਵਾਨ ਸਨ- ਬੱਸ ਇਸ ਕਰਕੇ ਵੀ ਆਮ ਲੋਕੀ ਆਪ ਜੀ ਨੂੰ ਬਾਬੂ ਜੀ ਦੇ ਨਾਮ ਨਾਲ ਯਾਦ ਕੀਤਾ ਕਰਦੇ ਸਨ। ਆਪਦੇ ਦਿਲ ਵਿਚ ਬਹੁਤ ਛੋਟੀ ਅਵਸਥਾ ਤੋਂ ਹੀ ਮੁਲਕੀ ਸੇਵਾ ਨੇ ਜੜ੍ਹ ਫੜ ਲਈ ਸੀ। ਉਂਝ ਤਾਂ ਆਪ ਦੱਸਦੇ ਹੁੰਦੇ ਸਨ ਕਿ ਸਾਨੂੰ ਆਪ ਨੂੰ ਕੁਝ ਪਤਾ ਨਹੀਂ ਕਿ ਕਦ ਤੋਂ ਸਾਨੂੰ ਇਸ ਕੌਮੀ ਸੇਵਾ ਦੀ ਚੇਟਕ ਲੱਗੀ, ਪਰ ਹਾਂ ਇਹ ਲਗਨ 1906, 1907 ਵਿਚ ਪਰਗਟ ਰੂਪ ਵਿਚ ਪਰਕਾਸ਼ ਹੋਈ, ਜਦਕਿ ਪੰਜਾਬ ਵਿਚ ਸ: ਅਜੀਤ ਸਿੰਘ ਤੇ ਲਾਲਾ ਲਾਲ ਚੰਦ 'ਫਲਕ' (ਮਸ਼ਹੂਰ ਕੌਮੀ ਸ਼ਾਇਰ) ਜੀ ਨੇ ਦੇਸ਼ ਸੇਵਾ ਦਾ ਬੀੜਾ ਚੁੱਕਿਆ। 1907 ਈਸਵੀ ਤੋਂ ਆਪ ਤਨੋਂ, ਮਨੋਂ ਹੋ ਕੇ ਕੌਮੀ ਸੇਵਾ ਵਿਚ ਜੁਟ ਗਏ। ਮਾਯੂਸ ਹੋਣਾ ਤਾਂ ਆਪ ਕਦੇ ਜਾਣਦੇ ਹੀ ਨਹੀਂ ਸੀ, ਕੌਮੀ ਪਿਆਰ ਬਦਲੇ ਕਸ਼ਟ ਝਲਣੇ ਤਾਂ ਆਪ ਆਪਣੇ ਸੁਭਾਗ ਸਮਝਦੇ ਸਨ, ਜਦ ਕਦੇ ਵੀ ਆਪ ਨਾਲ ਜ਼ਿੰਦਗੀ ਬਾਬਤ ਗੱਲਬਾਤ ਛਿੜਦੀ ਆਪ ਕਹਿੰਦੇ ਇਸ ਵਿਚ ਜ਼ਰਾ ਸ਼ੱਕ ਨਹੀਂ ਕਿ ਮੇਰੀ ਮੌਤ ਗੋਲੀ ਨਾਲ ਜਾਂ ਫਾਂਸੀ ਪਰ ਲਟਕ ਕੇ ਹੋਵੇਗੀ। ਇਸ ਭਵਿੱਖਤ (ਆਉਣ ਵਾਲੇ) ਸਮੇਂ ਨੂੰ ਯਾਦ ਕਰਕੇ ਆਪ ਬੜੇ ਖੁਸ਼ ਹੋਇਆ ਕਰਦੇ ਸਨ ਤੇ ਪਰਸੰਨ ਚਿਤ ਨਾਲ ਕਿਹਾ ਕਰਦੇ ਸਨ ਕਿ ਉਹ ਭੀ ਕਿਹਾ ਸੁਭਾਗ ਦਿਹਾੜਾ ਹੋਵੇਗਾ, ਜਿੱਦਣ ਸੇਵਾ ਕਰਦਿਆਂ ਕਰਦਿਆਂ ਮੇਰਾ ਸਰੀਰ ਕੌਮੀ ਪਿਆਰ ਦੇ ਜ਼ੁਲਮ ਵਿਚ ਫਾਂਸੀ ਉਪਰ ਲਟਕਾਇਆ ਜਾਵੇਗਾ।"

ਆਪ ਦਾ ਸੁਭਾਵ ਹਸਮੁਖ ਮਿਠਾ ਤੇ ਅਤਿਅੰਤ ਪ੍ਰੇਮ ਭਰਿਆ ਸੀ, ਕੱਦ ਸੋਹਣਾ ਜਵਾਨ, ਰਹਿਣੀ ਬਹਿਣੀ ਸਾਦੀ ਤੇ ਇਕਾਂਤ ਪਸੰਦ, ਜੋ ਭੀ ਕਦੇ ਆਪ ਜੀ ਨੂੰ ਇਕ ਵਾਰ ਮਿਲਿਆ, ਉਸਦੇ ਹਿਰਦੇ ਵਿਚ ਆਪ ਜੀ ਦੀ ਮੋਹਣੀ ਸੂਰਤ ਫੋਟੋ ਵਾਂਗ ਉਕਰੀ ਗਈ।

ਇਸ ਪਰਚੇ ਵਿਚ ਜਿਹੜੀ ਤਸਵੀਰ ਦਿੱਤੀ ਗਈ ਹੈ ਉਹ ਇਹਨਾਂ ਤਿੰਨਾਂ ਹੀ ਮਿੱਤਰਾਂ ਦੀ ਹੈ। ਖੱਬੇ ਪਾਸੇ ਭਾਈ ਬਲਵੰਤ ਸਿੰਘ ਜੀ ਸ਼ਹੀਦ ਹਨ। ਵਿਚਕਾਰ ਬਾਬੂ ਹਰਨਾਮ ਸਿੰਘ ਜੀ ਸ਼ਹੀਦ ਅਤੇ ਸੱਜੇ ਪਾਸੇ ਭਾਈ ਭਾਗ ਸਿੰਘ ਜੀ ਸ਼ਹੀਦ ਹਨ, ਜਿਹਨਾਂ ਦੇ ਕੁੱਛੜ ਉਹਨਾਂ ਦਾ ਭੁਜੰਗੀ ਹੈ।

ਹਿੰਦ ਦੇ ਸੂਰਬੀਰਾਂ ਦੀ ਯਾਦਗਾਰ
ਅਜੇ ਭੋਂਦੂਓਂ ਮੂਲ ਨਾ ਸੁਰਤ ਆਵੇ,
ਦੁਖੀ ਆਪਣੀ ਕੁਲ ਸੰਤਾਨ ਦੇਖੋ।
ਬੀਰੋ ਸਨ ਸਤਵੰਜਾ ਦੇ ਗ਼ਦਰ ਕਰਕੇ,
ਅੱਜ ਹਿੰਦ ਦੇ ਖੜੇ ਨਿਸ਼ਾਨ ਦੇਖੋ।
ਮੰਗਲ ਪਾਂਡੇ ਨੇ ਮਾਰਿਆ ਜ਼ਾਲਮਾਂ ਨੂੰ,
ਦਿੱਤਾ ਗ਼ਦਰ ਮਚਾ ਬਲਵਾਨ ਦੇਖੋ।
ਬੀਰ ਸਨ ਸਤਵੰਜਾ ਦੇ ਗ਼ਦਰ ਅੰਦਰ,
ਲੜੀ ਲਕਸ਼ਮੀ ਵਿਚ ਮੈਦਾਨ ਦੇਖੋ।
ਤੋਪ ਤਾਂਤੀਆ ਨਾਲ ਸੀ ਸ਼ਾਹ ਅਹਿਮਦ,
ਬਾਲਾ ਸਾਹਿਬ ਵਰਗੇ ਮਿਹਰਬਾਨ ਦੇਖੋ।
ਆਇਆ ਖਿਚ ਤਲਵਾਰ ਭੀ ਸਿੰਘ ਨਰਪਤ,
ਲੱਖਾਂ ਦੁਸ਼ਮਨਾਂ ਕੀਤਾ ਬੇਜਾਨ ਦੇਖੋ।
ਦੇਗ ਤੇਗ ਤੇ ਬੋਲ ਦੇ ਧਨੀ ਪੂਰੇ, ਨਾਨਾ ਸਾਹਿਬ ਤੇ ਅਲ ਨਿਕੀ ਖਾਨ ਦੇਖੋ।
ਨਹੀਂ ਭੁਲਨਾ ਗਦਰੀਆਂ ਸਾਰਿਆਂ ਨੂੰ, ਕਰਕੇ ਯਾਦ ਸ਼ਹੀਦੀ ਦੇ ਤਾਣ ਦੇਖੋ।
ਨਹੀਂ ਜੋਤ ਹੋਈ ਮਧਮ ਗਦਰ ਵਾਲੀ, ਪਿਆ ਮੁਲਕ ਦੇ ਵਿਚ ਘਸਮਾਨ ਦੇਖੋ।
ਕੀਤਾ ਕੂਕਿਆਂ ਕੱਠ ਪੰਜਾਬ ਅੰਦਰ, ਰਾਮ ਸਿੰਘ ਦੇ ਗ਼ਦਰ ਬਿਆਨ ਦੇਖੋ।
ਬੱਚੇ ਔਰਤਾਂ ਕਈ ਹਜ਼ਾਰ ਕੂਕੇ,
ਜੇਹਲ ਭੇਜ ਦਿੱਤੇ ਅੰਡੇਮਾਨ ਦੇਖੋ।
ਸਾਨੂੰ ਮੂਲ ਨਾ ਗਾਫਲੇ ਖਬਰ ਲੱਗੀ,
ਲੱਖਾਂ ਸੂਰਮੇ ਹੋਏ ਕੁਰਬਾਨ ਦੇਖੋ।
ਝਲੇ ਕਸ਼ਟ ਹਜ਼ਾਰ ਸੀ ਦੇਸ਼ ਬਦਲੇ,
ਭਾਈ ਸਿੰਘ ਬਲਵੰਤ ਭਗਵਾਨ ਦੇਖੋ।
ਮਿਸਟਰ ਤਿਲਕ ਤੇ ਸਿੰਘ ਅਜੀਤ ਯਾਰੋ,
ਦੇਵੀ ਕਾਮਾ ਵੀ ਹੋਈ ਮਿਹਰਬਾਨ ਦੇਖੋ।
ਲਿਖੀ ਗਦਰ ਤਾਰੀਖ ਸਾਵਰਕਰ ਜੀ,
ਜੇਹਲ ਭੇਜ ਦਿੱਤਾ ਅੰਡੇਮਾਨ ਦੇਖੋ।
ਸੂਫੀ ਅੰਬਾ ਪਰਸ਼ਾਦ ਤੇ ਬਰਕਤੁਲਾ,
ਹੋਏ ਸੇਵ ਕਰਦੇ ਬੁਢੀ ਜਾਨ ਦੇਖੋ।
ਬਾਬੂ ਸਿੰਘ ਹਰਨਾਮ ਤੇ ਆਰਬਿੰਦੋ,
ਮਾਰੇ ਦੁਸ਼ਮਣਾਂ ਨੇ ਸੀਨੇ ਬਾਨ ਦੇਖੋ।
ਹਰਦਿਆਲ ਤੇ ਸ਼ਾਮ ਜੀ ਕਰਿਸ਼ਨ ਵਰਮਾ,
ਕਰਨ ਸਭ ਨੂੰ ਰਾਜ ਗਿਆਨ ਦੇਖੋ।
ਹੋਏ ਦੇਸ ਪਰਦੇਸ ਖਵਾਰ ਭਾਵੇਂ,
ਐਪਰ ਗਦਰ ਦੀ ਜੋਤ ਜਗਾਨ ਦੇਖੋ।
ਗ਼ਦਰ ਭਬਕ ਮਾਰੀ ਯਾਰੋ ਸ਼ੇਰ ਵਾਂਗੂੰ,
ਚੇਲੀ ਵਾਂਗ ਕੰਬੀ ਇੰਗਲਿਸਤਾਨ ਦੇਖੋ।
ਬਿਜਲੀ ਵਾਂਗ ਸੀ ਚਮਕਦਾ ਗ਼ਦਰ ਸਾਡਾ,
ਖੜੀ ਨਾਲ ਹੀ ਪੁਲਸ ਸ਼ੈਤਾਨ ਦੇਖੋ।
ਜਾ ਵਿਚ ਲਾਹੌਰ ਸ਼ਹੀਦ ਹੋਇਆ,
ਸਜਨ ਸਿੰਘ ਜੀ ਵਤਨ ਪਰਵਾਨ ਦੇਖੋ।
ਦੁਨੀਆਂ ਦੰਗ ਰਹਿ ਗਈ ਦੇਖ ਹੌਸਲੇ ਨੂੰ,
ਪਾਜੀ ਮਾਰਿਆ ਭਰੇ ਦੀਵਾਨ ਦੇਖੋ।
ਰੰਗਾ ਸਿੰਘ ਨੇ ਰੰਗਿਆ ਵਤਨ ਸਾਰਾ,
ਚੜ੍ਹ ਗਈ ਪ੍ਰੇਮ ਦੀ ਪਾਣ ਦੇਖੋ।
ਬੀਰ ਸਿੰਘ ਵਰਗੇ ਮੇਰੇ ਬੀਰ ਜੋਧੇ,
ਆਏ ਜਿਨ੍ਹਾਂ ਨੂੰ ਲੈਣ ਵਿਵਾਨ ਦੇਖੋ।
ਬੰਤਾ ਸਿੰਘ ਨੂੰ ਪੀੜਿਆ ਬੇਲਣੇ ਚੀਂ,
ਲਹਿਰ ਚੜ੍ਹ ਗਈ ਜ਼ੁਲਮ ਤੂਫਾਨ ਦੇਖੋ।
ਜ਼ਿਮੀ ਕੰਬ ਉਠੀ ਭਾਰ ਜ਼ੁਲਮ ਦੇ ਨਾਲ,
ਰੰਗ ਬਦਲਿਆ ਹੋਰ ਅਸਮਾਨ ਦੇਖੋ।
ਡੇਰਾ ਵਿਚ ਬਹਿਸ਼ਤ ਦੇ ਜਾ ਕੀਤਾ,
ਆਸਨ ਦੇਖ ਹੋਏ ਪਦ ਨਿਰਬਾਨ ਦੇਖੋ।
ਜੈ ਜੈ ਕਾਰ ਹੋਈ ਮਾਤ ਲੋਕ ਅੰਦਰ, ਲਗੇ ਦੇਵਤੇ ਫੁਲ ਬਰਸਾਨ ਦੇਖੋ।
ਛੋਟੀ ਉਮਰ ਤੇ ਹੌਸਲਾ ਸ਼ੇਰ ਜਿਹਾ,
ਗਏ ਜੱਜ ਘਬਰਾ ਬਿਆਨ ਦੇਖੋ।
ਸੇਵਾ ਕੌਮ ਕਰਕੇ ਜਨਮ ਸਫਲ ਕੀਤਾ,
ਪਾਈ ਅੰਤ ਨੂੰ ਪਦ ਨਿਰਬਾਨ ਦੇਖੋ।
ਰਹੀ ਗੁਜ਼ਰ ਗੁਲਾਮੀ ਦੀ ਰਾਤ ਬਾਕੀ,
ਅੱਖਾਂ ਖੋਲ੍ਹ ਕੇ ਕੁਲ ਜਹਾਨ ਦੇਖੋ।
ਬਹੁਤ ਦੇਰ ਹੋ ਗਈ ਦੇਸ਼ ਛਡ ਦਿੱਤਾ,
ਬਹੁਤ ਜਲਦ ਜਾ ਕੇ ਹਿੰਦੋਸਤਾਨ ਦੇਖੋ।
ਗਏ ਸੂਰਮੇ ਹਿੰਦ ਦੇ ਖੇਡ ਬਾਜੀ,
ਦੁਨੀਆਂ ਵਿਚ ਸਾਰੇ ਹੀ ਨਿਸ਼ਾਨ ਦੇਖੋ।
ਦੁਸ਼ਮਣ ਵਿਚ ਸੰਸਾਰ ਬਦਨਾਮ ਕੀਤੇ,
ਨਾਲ ਅੱਖੀਆਂ ਦੇ ਨਿਗਾਬਾਨ ਦੇਖੋ।
ਜ਼ਾਲਮ ਸੂਰਮੇ ਹਿੰਦ ਦੇ ਕਤਲ ਕੀਤੇ,
ਨਾਲ ਅਕਲ ਦੇ ਚਤਰ ਸੁਜਾਨ ਦੇਖੋ।
ਰੂੜ ਸਿੰਘ ਵੱਲ ਕਰੋ ਖਿਆਲ ਭਾਈ,
ਈਸ਼ਰ ਸਿੰਘ ਵਰਗੇ ਫਾਂਸੀ ਪਾਣ ਦੇਖੋ।
ਬੇਕੀਮਤੀ ਲਾਲ ਹਿੰਦੋਸਤਾਨ ਅੰਦਰ,
ਪਰਮਾਨੰਦ ਜੈਸੇ ਵਿਦਵਾਨ ਦੇਖੋ।
ਪਿਆਰਾ ਸਿੰਘ ਤੇ ਸਿੰਘ ਨਿਧਾਨ ਜੈਸੇ,
ਹੀਰਾ ਸਿੰਘ ਜੈਸੇ ਅੰਡੇਮਾਨ ਦੇਖੋ।
ਜੀਵਨ ਸਿੰਘ ਤੇ ਸਿੰਘ ਬਖਸ਼ੀਸ਼ ਜੈਸੇ,
ਖਾਤਰ ਮੁਲਕ ਦੀ ਫਾਂਸੀਆਂ ਪਾਣ ਦੇਖੋ।
ਜਗਤ ਸਿੰਘ ਤੇ ਸਿੰਘ ਸੀ ਲਾਲ ਜੈਸੇ,
ਕਾਂਸੀ ਰਾਮ ਬਲਕਾਰ ਧਿਆਨ ਦੇਖੋ।
ਧਿਆਨ ਸਿੰਘ ਦਾ ਧਰੋ ਧਿਆਨ ਭਾਈ,
ਉਤਮ ਸਿੰਘ ਤੇ ਰਹਿਮਤ ਅਲੀਖਾਨ ਦੇਖੋ।
ਈਸ਼ਰ ਸਿੰਘ ਸੀ ਦੂਸਰਾ ਯਾਦ ਆਇਆ,
ਹਜ਼ਾਰਾ ਸਿੰਘ ਜੈਸੇ ਹੋਏ ਰਵਾਨ ਦੇਖੋ।
ਮਈਆ ਸਿੰਘ ਜੈਸੇ ਸੂਰਬੀਰ ਬਾਂਕੇ,
ਫੂਲਾ ਸਿੰਘ ਵਰਗੇ ਬੇਗੁਮਾਨ ਦੇਖੋ।
ਕਾਲਾ ਸਿੰਘ ਤੇ ਸਿੰਘ ਹਰਨਾਮ ਭਾਈ,
ਚਾਨਣ ਸਿੰਘ ਸ਼ਹੀਦੀਆਂ ਪਾਣ ਦੇਖੋ।
ਰੱਖੋ ਯਾਦ ਭਾਈ ਸਿੰਘ ਆਤਮਾ ਜੋ,
ਮਾਰੀ ਦੁਸ਼ਮਣਾਂ ਖਿੱਚ ਕਮਾਨ ਦੇਖੋ।
ਮਨਸੂਰ ਅਸਮਾਂ ਵੱਲ ਖਿਆਲ ਕਰਨਾ,
ਦਿਲ ਆਜ਼ਾਦ ਹਸਮਾਨੀ ਖਾਨ ਦੇਖੋ।
ਬੂਟਾ ਸਿੰਘ ਭਾਈ ਨੂੰ ਯਾਦ ਕਰਨਾ,
ਜਗਤ ਸਿੰਘ ਨਿਸਾਰ ਗਏ ਜਾਨ ਦੇਖੋ।
ਬਿਸ਼ਨੂੰ ਗਨੇਸ਼ ਪਿੰਗਲੇ ਵਿਦਵਾਨ ਵਰਗੇ,
ਕੈਮ ਕਰ ਗਏ ਖੂਬ ਮਸਾਲ ਦੇਖੋ।
ਦੂਜੇ ਸਿੰਘ ਸੁਰੈਣ ਦਾ ਖਿਆਲ ਕਰਨਾ,
ਹਿੰਦੋਸਤਾਨ ਖਾਤਰ ਲੈਣ ਜਾਨ ਦੇਖੋ।
ਬੇੜਾ ਗ਼ਰਕ ਹੋਇਆ ਯਾਰੋ ਪਾਪ ਵਾਲਾ,
ਖਾਰੇ ਵਿਚ ਪਾਨੀ ਇੰਗਲਿਸਤਾਨ ਦੇਖੋ।
ਹਿੰਮਤ ਵਾਲਿਆਂ ਦਾ ਬੇੜੇ ਪਾਰ ਹੁੰਦਾ,
ਸ਼ੇਰ ਗਜਦੇ ਆ ਮੈਦਾਨ ਦੇਖੋ।
ਵਾਂਗ ਚਮਕਦੇ ਚੰਦ ਸਤਾਰਿਆਂ ਦੇ,
ਗੁਰਦਿੱਤ ਸਿੰਘ ਜੈਸੇ ਸਰਦਾਰ ਦੇਖੋ।
ਮਿਲੋ ਬੀਰ ਮੇਰੇ ਮਾਰੋ ਜ਼ਾਲਮਾਂ ਨੂੰ,
ਹੋਇਆ ਕਿੰਗ ਜਾਰਜ ਪਰੇਸ਼ਾਨ ਦੇਖੋ।

**ਹੁੰਦੇ ਹਿੰਦੀਓ ਅਜ ਅਜ਼ਾਦ ਜੇਕਰ ਮੇਹਣੇ ਝੱਲਦੇ ਕੁਲ ਸੰਸਾਰ ਦੇ ਨਾਂ**

ਹੁੰਦੇ ਹਿੰਦੀਓ ਅਜ ਅਜ਼ਾਦ ਜੇਕਰ,
ਮੇਹਣੇ ਝੱਲਦੇ ਕੁਲ ਸੰਸਾਰ ਦੇ ਨਾ।
ਜ਼ੁਲਮ ਸਿਤਮ ਹੁੰਦਾ ਕਾਹਨੂੰ ਨਾਲ ਸਾਡੇ,
ਹੌਂਕੇ ਨਜ਼ਰ ਔਂਦੇ ਨਰ ਨਾਰ ਦੇ ਨਾ।
ਯਾਰੋ ਹਿੰਦ ਦੇ ਕੌਮੀ ਪਤੰਗਿਆਂ ਨੂੰ,
ਸਾਡੇ ਵੇਹੰਦਿਆਂ ਤੇ ਜੀਊਂਦੇ ਸਾੜਦੇ ਨਾ।
ਹੁੰਦੀ ਜਾਨ ਜੇ ਅਸਾਂ ਦੇ ਵਿਚ ਯਾਰੋ,
ਬੱਬਰ ਸਤ ਫਾਂਸੀ ਕੱਠੇ ਚਾੜ੍ਹਦੇ ਨਾ।
ਰੁਲਦੇ ਹਡ ਨਾ ਸਿੰਘ ਹਰਨਾਮ ਬਾਬੂ,
ਨਾਲੇ ਸਿੰਘ ਮੱਥਰਾ ਡਾਕਟਾਰ ਦੇ ਨਾ।
ਸੋਹਣ ਸਿੰਘ ਨਾਲੇ ਜੋਵਾਲਾ ਸਿੰਘ ਕੇਸਰ,
ਸੋਹਣ ਲਾਲ ਨੂੰ ਜਾਨ ਤੋਂ ਮਾਰਦੇ ਨਾ।
ਕਾਮਾ ਗਾਟਾ ਦੇ ਵੀਰਾਂ ਦੇ ਵਿਚ ਛਾਤੀ,
ਸਾਡੇ ਵੇਹੰਦਿਆਂ ਤੇ ਗੋਲੀ ਮਾਰਦੇ ਨਾ।
ਉਹਥੇ ਸੈਂਕੜੇ ਵੀਰ ਨਾ ਖਾਕ ਮਿਲਦੇ,
ਨਾਲ ਸਿੰਘ ਬਲਵੰਤ ਸਰਦਾਰ ਦੇ ਨਾ।
ਭਾਗ ਸਿੰਘ ਤੋਂ ਬਦਨ ਦੇ ਬਦਨ ਵਿਚੋਂ,
ਨਾਲੇ ਚੱਲਦੇ ਖੂਨ ਦੀ ਧਾਰ ਦੇ ਨਾ।

**(ਚਲਦਾ)**

# ਦਲਿਤਾਂ ਦੀ ਮਾਰਕੁਟਾਈ ਬਨਾਮ ਨੀਲੀ ਕ੍ਰਾਂਤੀ



ਦਰਸ਼ਨ ਸਿੰਘ ਬਾਜਵਾ
91-98783-83053

ਸਮਾਜਵਾਦੀ ਸਿਧਾਂਤ ਦੁਨੀਆਂ ਦੇ ਲੋਕਾਂ ਨੂੰ ਦੋ ਹਿੱਸਿਆਂ ਵਿੱਚ ਵੰਡਦਾ ਹੈ। ਇੱਕ ਵਰਗ ਹੈ ਲੁੱਟਣ ਵਾਲ਼ਾ ਤੇ ਦੂਜਾ ਲੁੱਟੇ ਜਾਣ ਵਾਲ਼ਾ। ਲੁੱਟਣ ਵਾਲ਼ਾ ਵਰਗ ਆਰਥਿਕ ਸਾਧਨਾਂ 'ਤੇ ਆਪਣਾ ਕਬਜ਼ਾ ਰੱਖਦਾ ਹੈ। ਇਸ ਲਈ ਉਹ ਸਦਾ ਐਸ਼ ਨਾਲ਼ ਜ਼ਿੰਦਗੀ ਜਿਉਂਦਾ ਹੈ। ਦੂਸਰਾ ਵਰਗ ਇਸ ਕਰਕੇ ਦੁੱਖ ਭੋਗਦਾ ਹੈ ਕਿਉਂਕਿ ਉਸਨੂੰ ਆਰਥਿਕ ਸਾਧਨਾਂ ਤੋਂ ਵਾਂਝੇ ਰੱਖਿਆ ਜਾਂਦਾ ਹੈ। ਇਹਨਾਂ ਆਰਥਿਕ ਸਾਧਨਾਂ ਤੋਂ ਦੂਰ ਕੀਤਾ ਵਿਅਕਤੀ ਸਾਧਨਾਂ 'ਤੇ ਕਾਬਜ਼ ਵਿਅਕਤੀ ਜਾਂ ਵਰਗ 'ਤੇ ਨਿਰਭਰ ਹੋ ਕੇ ਜਿਉਣ ਲਈ ਮਜ਼ਬੂਰ ਹੋ ਜਾਂਦਾ ਹੈ। ਇਹੀ ਮਜ਼ਬੂਰੀ ਉਸ ਵੰਚਤ ਵਰਗ ਨੂੰ ਗ਼ੁਲਾਮ ਬਣਾਈ ਰੱਖਦੀ ਹੈ ਅਤੇ ਕਾਬਜ਼ਕਾਰ ਦਾ ਸਦਾ ਲਈ ਕਬਜ਼ਾ ਰੱਖਣ ਵਿੱਚ ਸਹਾਈ ਹੁੰਦੀ ਹੈ। ਆਰਥਿਕ ਸਾਧਨਾਂ 'ਤੇ ਕਬਜ਼ੇ ਲਈ ਦੋਵਾਂ ਵਰਗਾਂ ਦੀ ਆਪਸ ਵਿੱਚ ਥੋੜ੍ਹੀ ਬਹੁਤੀ ਖਹਿਬਾਜ਼ੀ ਵੀ ਚੱਲਦੀ ਰਹਿੰਦੀ ਹੈ। ਬਾਬਾ ਸਾਹਿਬ ਡਾ: ਭੀਮ ਰਾਉ ਅੰਬੇਡਕਰ ਜੀ ਨੇ ਭਾਰਤੀ ਸਮਾਜਿਕ ਪ੍ਰਬੰਧ ਬਾਰੇ ਦੱਸਦਿਆਂ ਕਿਹਾ ਸੀ ਕਿ "ਆਰਥਿਕ ਨਿਰਭਰਤਾ, ਉਸ ਤੋਂ ਪੈਦਾ ਹੋਣ ਵਾਲੀ ਗਰੀਬੀ ਅਤੇ ਅਪਮਾਨ ਤੋਂ ਇਲਾਵਾ ਕਈਆਂ ਹੋਰਨਾਂ ਸਿੱਟਿਆਂ ਨੂੰ ਵੀ ਜਨਮ ਦੇਂਦੀ ਹੈ। ਹਿੰਦੂਆਂ ਦਾ ਇਕ ਜੀਵਨ ਜ਼ਾਬਤਾ ਹੈ। ਇਹ ਜ਼ਾਬਤਾ ਅਛੂਤਾਂ 'ਤੇ ਮਨੁੱਖੀ ਜੀਵਨ ਦੀ ਸ਼ਾਨ ਅਤੇ ਪਵਿੱਤਰਤਾ ਤੋਂ ਉਲਟ ਕਈ ਤਰ੍ਹਾਂ ਦੇ 'ਅਪਮਾਨ' ਛੱਡਦਾ ਹੈ, ਪ੍ਰੰਤੂ ਹਿੰਦੂਆਂ ਨੂੰ ਕਈ ਤਰ੍ਹਾਂ ਦੀਆਂ ਸਹੂਲਤਾਂ ਅਤੇ ਵਿਸ਼ੇਸ਼ ਅਧਿਕਾਰ ਪ੍ਰਦਾਨ ਕਰਦਾ ਹੈ। ਅਛੂਤ ਉਨ੍ਹਾਂ ਅਪਮਾਨ ਅਤੇ ਜ਼ੁਲਮ ਵਿਰੁੱਧ ਲੜ ਰਹੇ ਹਨ ਜੋ ਹਿੰਦੂਆਂ ਨੇ ਆਪਣੇ ਧਰਮ ਦੇ ਨਾਂ 'ਤੇ ਉਨ੍ਹਾਂ ਉੱਤੇ ਲੱਦ ਦਿੱਤੇ ਹਨ। ਹਿੰਦੂਆਂ ਅਤੇ ਅਛੂਤਾਂ ਵਿਚਕਾਰ ਪ੍ਰਤੀ ਦਿਨ, ਹਰ ਪਿੰਡ ਅੰਦਰ, ਇੱਕ ਸਦੀਵੀ ਲੜਾਈ ਛਿੜੀ ਹੋਈ ਹੈ। ਹਿੰਦੂਆਂ ਅਤੇ ਅਛੂਤਾਂ ਵਿਚਕਾਰ ਹੋ ਰਿਹਾ ਸਖਤ ਘੋਲ ਇੱਕ ਹਕੀਕਤ ਹੈ, ਜਿਸ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹ ਮੁਕਾਬਲਾ ਹੈ ਆਰਥਿਕ ਅਤੇ ਸਮਾਜਿਕ ਤੌਰ 'ਤੇ ਤਕੜੇ ਹਿੰਦੂਆਂ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਘੱਟ ਗਿਣਤੀ ਅਛੂਤਾਂ ਵਿਚਕਾਰ। ਹਿੰਦੂ ਅਛੂਤਾਂ ਨੂੰ ਦਬਾਉਣ ਵਿਚ ਸਫਲ ਹੋ ਜਾਂਦੇ ਹਨ। ਪੁਲਿਸ ਅਤੇ ਜੱਜ ਉਹਨਾਂ ਨਾਲ ਹੈ, ਹਿੰਦੂਆਂ ਦੇ ਸ਼ਸਤਰਘਰ ਵਿੱਚ ਸਭ ਤੋਂ ਵੱਡਾ ਹਥਿਆਰ ਹੈ 'ਆਰਥਿਕ ਸ਼ਕਤੀ' ਦਾ, ਜੋ ਉਹ ਪਿੰਡਾਂ ਵਿੱਚ ਅਛੂਤਾਂ ਉੱਤੇ ਵਰਤਦੇ ਹਨ।''





ਸਾਨੂੰ ਇਤਿਹਾਸ ਦੀ ਡੂੰਘਾਈ ਤੱਕ ਪਹੁੰਚਣ ਦੀ ਜ਼ਰੂਰਤ ਨਹੀਂ ਪੈਂਦੀ ਬਲਕਿ ਅਸੀਂ ਆਪਣੀਆਂ ਅੱਖਾਂ ਨਾਲ਼ ਆਮ ਹੀ ਵੇਖਦੇ ਆ ਰਹੇ ਹਾਂ ਕਿ ਕਿਸ ਤਰ੍ਹਾਂ ਦਲਿਤ ਪਛੜਿਆਂ ਦੀ ਮਜ਼ਬੂਰੀ ਉਹਨਾਂ ਤੋਂ ਕੀ ਕੁੱਝ ਕਰਵਾਉਂਦੀ। ਉਹਨਾਂ ਦੀ ਮਜ਼ਬੂਰੀ ਦਾ ਲਾਹਾ ਲੈਂਦਿਆਂ ਸਾਧਨ ਸੰਪੰਨ ਬ੍ਰਾਹਮਣਵਾਦੀ ਲੋਕ ਕਿਸ ਤਰ੍ਹਾਂ ਉਹਨਾਂ 'ਤੇ ਤਰ੍ਹਾਂ ਤਰ੍ਹਾਂ ਦੇ ਅੱਤਿਆਚਾਰ ਕਰਦੇ ਹਨ। ਥੋੜ੍ਹੇ-ਬਹੁਤੇ ਫਰਕ ਨਾਲ਼ ਅਜਿਹਾ ਵਰਤਾਰਾ ਸਾਰੇ ਹੀ ਦੇਸ਼ ਵਿੱਚ ਦੇਖਣ ਨੂੰ ਮਿਲ਼ਦਾ ਹੈ।

ਲੰਘੀ 11 ਜੁਲਾਈ ਨੂੰ ਨਰੇਂਦਰ ਮੋਦੀ ਦੇ ਮਾਡਲ ਰਾਜ ਵਜੋਂ ਪ੍ਰਚਾਰੇ ਜਾਂਦੇ ਸੂਬੇ ਗੁਜਰਾਤ ਦੇ ਜ਼ਿਲ੍ਹਾ ਗੀਰ ਸੋਮਨਾਥ ਦੇ ਕਸਬਾ ਊਨਾ ਵਿੱਚ ਇੱਕ ਗਊ ਦੀ ਖੱਲ ਉਤਾਰਨ ਦੇ ਦੋਸ਼ ਵਿੱਚ ਚਾਰ ਦਲਿਤ ਨੌਜੁਆਨਾਂ ਦੀ ਇੱਕ ਹਿੰਦੂ ਸੰਗਠਨ ਦੇ ਕਾਰਕੁੰਨਾਂ ਦੁਆਰਾ ਬੜੀ ਹੀ ਬੇਰਹਿਮੀ ਨਾਲ਼ ਮਾਰ ਕੁਟਾਈ ਕੀਤੇ ਜਾਣ ਦਾ ਮਾਮਲਾ ਸਾਹਮਣੇ ਆਇਆ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਮਢਿਆਲ ਪਿੰਡ ਵਿੱਚ ਕਿਸੇ ਗਾਂ ਦੇ ਮਰ ਜਾਣ 'ਤੇ ਮੁਰਦਾ ਪਸ਼ੂਆਂ ਨੂੰ ਚੁੱਕਣ ਦਾ ਕੰਮ ਕਰਨ ਵਾਲ਼ੇ ਦਲਿਤਾਂ ਨੂੰ ਇਸ ਦੀ ਸੂਚਨਾ ਦਿੱਤੀ ਗਈ। ਦਲਿਤਾਂ ਨੇ ਉਸ ਮਰੀ ਹੋਈ ਗਾਂ ਨੂੰ ਚੁੱਕ ਲਿਆ ਅਤੇ ਹੱਡਾਂ ਰੋੜੀ ਲਿਜਾ ਕੇ ਉਸ ਦਾ ਚਮੜਾ ਉਤਾਰ ਲਿਆ। ਇੰਨੇ ਚਿਰ ਨੂੰ ਗਊ ਰੱਖਿਆ ਦੇ ਨਾਂਅ 'ਤੇ ਗੁੰਡਾਗਰਦੀ ਦੀ ਧੌਂਸ ਜਮਾਉਣ ਵਾਲ਼ੇ ਕਿਸੇ ਹਿੰਦੂ ਸੰਗਠਨ ਨੂੰ ਇਸ ਦੀ ਭਿਣਕ ਪੈ ਗਈ। ਉਕਤ ਸੰਗਠਨ ਦੇ ਕਾਰਕੁੰਨ ਇਕੱਠੇ ਹੋ ਕੇ ਆ ਗਏ। ਉਹਨਾਂ ਨੇ ਸਾਰੇ ਦਲਿਤ ਨੌਜੁਆਨਾਂ ਨੂੰ ਰੱਸੀਆਂ ਨਾਲ਼ ਹੱਥਾਂ ਤੋਂ ਨੂੜ ਕੇ ਗੱਡੀ ਦੇ ਪਿੱਛੇ ਬੰਨ੍ਹ ਲਿਆ ਅਤੇ ਬਜ਼ਾਰ ਵਿੱਚੋਂ ਦੀ ਵਾਰੀ ਵਾਰੀ ਕੁੱਟਦੇ ਹੋਏ ਉਹਨਾਂ ਨੂੰ ਥਾਣੇ ਲੈ ਕੇ ਗਏ।

ਬੇਰਹਿਮੀ ਨਾਲ਼ ਮਾਰ ਕੁਟਾਈ ਹੋਣ ਸਮੇਂ ਉਕਤ ਨੌਜੁਆਨ ਖ਼ੁਦ ਨੂੰ ਬੇਕਸੂਰ ਦੱਸ ਕੇ ਕੁਰਲਾਉਂਦੇ ਰਹੇ ਅਤੇ ਹੱਥ ਜੋੜ ਕੇ ਤਰਲੇ ਵੀ ਲੈਂਦੇ ਰਹੇ ਪਰ ਭਰੇ ਬਜ਼ਾਰ 'ਚੋਂ ਕਿਸੇ ਵੀ ਰਹਿਮ ਦਿਲ ਹਿੰਦੂ ਨੇ ਉਹਨਾਂ ਨੂੰ ਛੁਡਾਉਣ ਦੀ ਹਿੰਮਤ ਨਹੀਂ ਦਿਖਾਈ। ਕੋਈ ਛੁਡਾਉਂਦਾ ਹੀ ਕਿਉਂ, ਹਿੰਦੂ ਧਰਮ ਵਿੱਚ ਤਾਂ ਦਲਿਤਾਂ ਨੂੰ ਇਨਸਾਨ ਹੀ ਨਹੀਂ ਮੰਨਿਆਂ ਜਾਂਦਾ। ਕੁੱਤਿਆਂ ਤੇ ਬਾਂਦਰਾਂ ਨੂੰ ਮਾਰਨ 'ਤੇ ਤਾਂ ਕੇਂਦਰੀ ਮੰਤਰੀ ਮੇਨਕਾ ਗਾਂਧੀ ਕੁਰਲਾ ਉੱਠਦੀ ਹੈ ਪਰ ਦਲਿਤਾਂ ਦੀ ਵਾਰੀ ਉਹ ਵੀ ਪਤਾ ਨਹੀਂ ਕਿੱਧਰ ਛੁਪ ਜਾਂਦੀ ਹੈ। ਉਕਤ ਦੋਸ਼ੀ ਮਾਰ-ਕੁਟਾਈ ਵੀ ਕਰਦੇ ਰਹੇ ਅਤੇ ਮੋਬਾਇਲ ਨਾਲ਼ ਇਸ ਸ਼ਰਮਨਾਕ ਕਾਂਡ ਦੀ ਵੀਡੀਓ ਵੀ ਬਣਾਉਂਦੇ ਰਹੇ। ਜਦੋਂ ਪੀੜਤ ਨੌਜਵਾਨਾਂ ਦੇ ਪਰਿਵਾਰ ਨੂੰ ਪਤਾ ਲੱਗਿਆ ਤਾਂ ਉਹ ਆਪਣੇ ਬੱਚਿਆਂ ਨੂੰ ਛੁਡਾਉਣ ਲਈ ਆਏ। ਦੋਸ਼ੀਆਂ ਨੇ ਆਪਣੇ ਬੱਚਿਆਂ ਦੀ ਹਮਾਇਤ ਵਿੱਚ ਆਏ ਬਜ਼ੁਰਗ ਦੀ ਵੀ ਮਾਰ-ਕੁਟਾਈ ਕੀਤੀ। ਦਿਲਚਸਪ ਗੱਲ ਇਹ ਸੀ ਕਿ ਦੋਸ਼ੀਆਂ ਦੀ ਪਛਾਣ ਹੋਣ ਦੇ ਬਾਵਜੂਦ ਪੁਲਿਸ ਨੇ ਕੋਈ ਕਾਰਵਾਈ ਨਹੀਂ ਕੀਤੀ।

ਪੁਲਿਸ ਨੇ ਕਾਰਵਾਈ ਤਾਂ ਕੀ ਕਰਨੀ ਸੀ ਬਲਕਿ ਪੀੜਤ ਨੌਜਵਾਨਾਂ ਦੇ ਦੱਸਣ ਅਨੁਸਾਰ ਜਦੋਂ ਪੁਲਿਸ ਵਾਲ਼ੇ ਰਸਤੇ ਵਿੱਚ ਮਿਲੇ ਤਾਂ ਉਹ ਦੋਸ਼ੀਆਂ ਨੂੰ ਕੁੱਝ ਕਹਿਣ ਦੀ ਬਜਾਏ ਉਹਨਾਂ ਨਾਲ਼ ਹੱਥ ਮਿਲਾ ਕੇ ਚਲੇ ਗਏ। ਇਸ ਮਾਰ-ਕੁਟਾਈ ਦੀ ਵੀਡੀਓ ਵਿੱਚ ਦੋ ਜਗ੍ਹਾ 'ਤੇ ਹੋਣ ਵਾਲ਼ੀ ਮਾਰ-ਕੁਟਾਈ ਦਿਖਦੀ ਹੈ। ਪਹਿਲੀ ਵਿੱਚ ਚਾਰ ਨੌਜਵਾਨਾਂ ਨੂੰ ਕੁੱਟਿਆ ਜਾ ਰਿਹਾ ਹੈ। ਦੂਸਰੀ ਵਿੱਚ ਪੀੜਤ ਨੌਜਵਾਨ ਇੱਕ ਪਾਸੇ ਬਿਠਾਏ ਬੈਠੇ ਹਨ ਅਤੇ ਉਹਨਾਂ ਦੇ ਬਜ਼ੁਰਗ ਪਿਤਾ ਨੂੰ ਕੁੱਟਿਆ ਜਾ ਰਿਹਾ ਹੈ। ਪਹਿਲੀ ਵਿੱਚ ਅਰੋਪੀ ਵਿਅਕਤੀ ਆਮ ਡੰਡਿਆਂ ਨਾਲ਼ ਮਾਰ-ਕੁਟਾਈ ਕਰ ਰਹੇ ਹਨ ਅਤੇ ਦੂਸਰੀ ਜਗ੍ਹਾ 'ਤੇ ਅਰੋਪੀ ਜਦੋਂ ਬਜ਼ੁਰਗ ਨੂੰ ਕੁੱਟ ਰਹੇ ਹਨ ਤਾਂ ਉਹਨਾਂ ਪਾਸ ਪੁਲ਼ਿਸ ਦੇ ਡੰਡੇ ਹਨ। ਇਸ ਤੋਂ ਸਾਬਤ ਹੁੰਦਾ ਹੈ ਕਿ ਸਥਾਨਕ ਪੁਲਿਸ ਨੇ ਇਸ ਮਾਰ-ਕੁਟਾਈ ਦੀ ਘਟਨਾ ਨੂੰ ਨਜ਼ਰਅੰਦਾਜ਼ ਹੀ ਨਹੀਂ ਕੀਤਾ ਬਲਕਿ ਚੰਗੀ ਤਰ੍ਹਾਂ ਕੁੱਟ-ਮਾਰ ਕਰਨ ਲਈ ਆਪਣੇ ਪੁਲ਼ਸੀਆ ਡੰਡੇ ਵੀ ਮੁਹੱਈਆ ਕਰਵਾਏ। ਇਸ ਵੀਡੀਓ ਦੇ ਬਾਅਦ ਵਿੱਚ ਸੋਸ਼ਲ ਮੀਡੀਆ 'ਤੇ ਵਾਇਰਲ ਹੋਣ 'ਤੇ ਦਲਿਤਾਂ ਨੇ ਰੋਸ ਦਿਖਾਵੇ ਕੀਤੇ। ਫਿਰ ਜਦੋਂ ਇਹ ਮਾਮਲਾ ਦੇਸ਼ ਵਿਆਪੀ ਹੋ ਗਿਆ ਤਾਂ ਪੁਲਿਸ ਦੇ ਨਾਲ਼-ਨਾਲ਼ ਸਰਕਾਰ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ। ਇਸ 'ਤੇ ਪੁਲਿਸ ਨੇ ਆਨਾਕਾਨੀ ਕਰਦਿਆਂ ਅਰੋਪੀਆਂ ਨੂੰ ਗ੍ਰਿਫ਼ਤਾਰ ਕੀਤਾ।

ਇਹ ਕੋਈ ਪਹਿਲਾ ਮਾਮਲਾ ਨਹੀਂ ਕਿ ਦਲਿਤਾਂ ਨੇ ਮਰੀ ਗਊ ਦੀ ਖੱਲ ਉਤਾਰੀ ਹੋਵੇ। ਇਹ ਕਿੱਤਾ ਵੀ ਦਲਿਤਾਂ ਨੇ ਸ਼ੌਕ ਵਜੋਂ ਨਹੀਂ ਅਪਣਾਇਆ ਬਲਕਿ ਸਵਰਨਾਂ ਨੇ ਉਹਨਾਂ ਨੂੰ ਇਹ ਕਿੱਤਾ ਕਰਨ ਲਈ ਮਜ਼ਬੂਰ ਕੀਤਾ। ਹੁਣ ਤਾਂ ਮਰੇ ਪਸ਼ੂ ਦੀ ਖੱਲ ਉਤਾਰ ਕੇ ਵੇਚਣ ਨਾਲ਼ ਦਲਿਤਾਂ ਨੂੰ ਕੁੱਝ ਆਮਦਨ ਵੀ ਹੁੰਦੀ ਹੈ ਪਰ ਕਿਸੇ ਸਮੇਂ ਇਹ ਕਿੱਤਾ ਵਗਾਰ ਵਾਲ਼ਾ ਹੁੰਦਾ ਸੀ ਜਿਸ 'ਚੋਂ ਕੋਈ ਕਮਾਈ ਨਹੀਂ ਹੁੰਦੀ ਸੀ।

ਫ਼ਾਇਦਾ ਸਿਰਫ਼ ਇੰਨਾਂ ਹੀ ਹੁੰਦਾ ਸੀ ਕਿ ਭੁੱਖੇ ਮਰ ਰਹੇ ਦਲਿਤਾਂ ਨੂੰ ਖਾਣ ਲਈ ਮਰੇ ਹੋਏ ਪਸ਼ੂ ਦਾ ਮਾਸ ਮਿਲ਼ ਜਾਇਆ ਕਰਦਾ ਸੀ। ਮਜ਼ਬੂਰੀ ਵਸ ਉਹ ਇੰਨੇ ਨਾਲ਼ ਹੀ ਖੁਸ਼ ਹੋ ਜਾਂਦੇ ਸਨ। ਬਜ਼ੁਰਗ ਦੱਸਦੇ ਹਨ ਕਿ ਜਦੋਂ ਕਿਸੇ ਵਿਅਕਤੀ ਦਾ ਕੋਈ ਵੱਡਾ ਪਸ਼ੂ ਮਰਦਾ ਸੀ ਤਾਂ ਸਾਰੀ ਚਮਾਰ੍ਹਲੀ ਵਿੱਚ ਖੁਸ਼ੀ ਦਾ ਮਾਹੌਲ ਹੁੰਦਾ ਸੀ। ਮਰੇ ਹੋਏ ਪਸ਼ੂ ਉਠਾਉਣ ਤੋਂ ਇਨਕਾਰ ਕਰਨ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਪਰ ਫਿਰ ਵੀ ਕਿੱਤੇ ਬਦਲਣ ਨਾਲ਼ ਜੇਕਰ ਕੋਈ ਵਿਅਕਤੀ ਮਰੇ ਹੋਏ ਪਸ਼ੂ ਉਠਾਉਣ ਤੋਂ ਇਨਕਾਰ ਕਰਨ ਦੀ ਹਿੰਮਤ ਕਰਦਾ ਸੀ ਤਾਂ ਉਸ ਨੂੰ ਸਜ਼ਾ ਦਿੱਤੀ ਜਾਂਦੀ ਰਹੀ ਹੈ। ਇਸ ਲਈ ਹਜ਼ਾਰਾਂ ਸਾਲਾਂ ਤੋਂ ਇੱਕ ਵਰਗ ਨਾਲ਼ ਸੰਬੰਧਤ ਦਲਿਤ ਲੋਕ ਮਜ਼ਬੂਰੀ ਵਸ ਇਹ ਕਿੱਤਾ ਕਰਦੇ ਆ ਰਹੇ ਹਨ। ਇਹ ਮਜ਼ਬੂਰੀ ਭਰਿਆ ਕਿੱਤਾ ਕਰਨਾ ਅਪਮਾਨ ਭਰਿਆ ਤਾਂ ਰਿਹਾ ਹੀ ਹੈ, ਨਾਲ਼ ਹੀ ਦਲਿਤਾਂ ਦੀ ਮਾਰ-ਕੁਟਾਈ ਵੀ ਹੁੰਦੀ ਰਹੀ ਹੈ।

ਇਹ ਕੋਈ ਪਹਿਲਾ ਮਾਮਲਾ ਨਹੀਂ ਕਿ ਮਰੀ ਗਊ ਦੀ ਖੱਲ ਉਤਾਰਨ ਦੇ ਦੋਸ਼ ਵਿੱਚ ਦਲਿਤਾਂ ਨੂੰ ਹਿੰਦੂ ਸੰਗਠਨਾਂ ਵੱਲੋਂ ਸਬਕ ਸਿਖਾਇਆ ਗਿਆ ਹੋਵੇ। ਇਸ ਤੋਂ ਪਹਿਲਾਂ ਇੱਕ ਮਾਮਲਾ ਹਰਿਆਣੇ ਦਾ ਸਾਹਮਣੇ ਆਇਆ ਸੀ। ਹਰਿਆਣਾ ਦੇ ਝੱਜਰ ਜ਼ਿਲ੍ਹੇ ਦੇ ਦੁਲੀਨਾ ਵਿਖੇ 15 ਅਕਤੂਬਰ 2002 ਨੂੰ ਦੁਸਹਿਰੇ ਵਾਲ਼ੇ ਦਿਨ ਟੈਂਪੂ ਵਿੱਚ ਡੰਗਰਾਂ ਦੀਆਂ ਖੱਲਾਂ ਲਿਜਾ ਰਹੇ 5 ਵਿਅਕਤੀਆਂ ਨੂੰ ਪੁਲੀਸ ਦੇ ਇਸ਼ਾਰੇ 'ਤੇ ਹਿੰਦੂਵਾਦੀਆਂ ਨੇ ਕੋਹ-ਕੋਹ ਕੇ ਮਾਰ ਦਿੱਤਾ। ਇਸ ਦਾ ਕਾਰਣ ਸੀ ਕਿ ਪੁਲੀਸ ਦੇ ਮੁਲਾਜ਼ਮ ਉਹਨਾਂ ਤੋਂ ਦੁਸਹਿਰਾ ਮਨਾਉਣ ਲਈ ਰਿਸ਼ਵਤ ਮੰਗਦੇ ਸਨ ਜੋ ਉਹਨਾਂ ਨੇ ਨਹੀਂ ਦਿੱਤੀ। ਰਿਸ਼ਵਤ ਨਾ ਮਿਲਣ 'ਤੇ ਗੁੱਸੇ ਵਿੱਚ ਆਏ ਪੁਲੀਸ ਮੁਲਾਜ਼ਮਾਂ ਦੁਆਰਾ ਬੇਰਹਿਮੀ ਨਾਲ਼ ਕੀਤੀ ਮਾਰ-ਕੁਟਾਈ ਨਾਲ਼ ਇੱਕ ਦਲਿਤ ਮਰ ਗਿਆ। ਕਤਲ ਦੇ ਦੋਸ਼ ਤੋਂ ਬਚਣ ਲਈ ਪੁਲਿਸ ਮੁਲਾਜ਼ਮਾਂ ਨੇ ਅਫ਼ਵਾਹ ਫੈਲਾ ਦਿੱਤੀ ਕਿ ਉਹ ਜਿਉਂਦੀ ਗਊ ਦੀ ਖੱਲ ਉਤਾਰ ਰਹੇ ਸਨ। ਇੰਨਾਂ ਸੁਣਦਿਆਂ ਹੀ ਹਿੰਦੂ ਜਨੂੰਨੀਆਂ ਨੇ ਹਜੂਮ ਦੀ ਸ਼ਕਲ ਵਿੱਚ ਥਾਣੇ 'ਤੇ ਹਮਲਾ ਕਰ ਕੇ ਜ਼ਿੰਦਾ ਬਚੇ ਬਾਕੀ ਦਲਿਤਾਂ ਨੂੰ ਪੁਲੀਸ ਦੀ ਮੱਦਦ ਨਾਲ਼ ਹਵਾਲਾਤ ਵਿੱਚੋਂ ਬਾਹਰ ਕੱਢ ਕੇ ਬੇਰਹਿਮੀ ਨਾਲ਼ ਕੁੱਟ-ਕੁੱਟ ਕੇ ਮੌਤ ਦੇ ਘਾਟ ਉਤਾਰ ਦਿੱਤਾ। ਸਾਰੇ ਹਿੰਦੂ ਸੰਗਠਨ ਇਹਨਾਂ ਦਲਿਤਾਂ ਦੇ ਕਾਤਲਾਂ ਦੇ ਪੱਖ ਵਿੱਚ ਹੀ ਖੜ੍ਹੇ ਦਿਖਾਈ ਦਿੱਤੇ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਅਚਾਰੀਆ ਗਿਰੀਰਾਜ ਕਿਸ਼ੋਰ ਨੇ ਆਪਣੇ ਬਿਆਨ ਵਿੱਚ ਕਿਹਾ ਕਿ "ਦਲਿਤਾਂ ਦੇ ਖ਼ੂਨ ਨਾਲ਼ੋਂ ਗਊ ਮਾਤਾ ਦਾ ਖ਼ੂਨ ਜ਼ਿਆਦਾ ਕੀਮਤੀ ਹੈ।'' ਤਤਕਾਲੀ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦਸ ਦਿਨ ਤੱਕ ਘਟਨਾ ਵਾਲ਼ੀ ਥਾਂ 'ਤੇ ਗਿਆ ਹੀ ਨਹੀਂ।

ਬਾਅਦ ਵਿੱਚ ਦਬਾਅ ਵਧਣ 'ਤੇ ਉਸ ਨੇ ਕੁੱਝ ਪੁਲੀਸ ਅਧਿਕਾਰੀਆਂ ਨੂੰ ਕਲੀਨ ਚਿਟ ਦੇ ਦਿੱਤੀ ਅਤੇ ਕੁੱਝ ਨੂੰ ਲਾਈਨ ਹਾਜ਼ਰ ਕਰ ਕੇ ਕੰਮ ਸਾਰ ਦਿੱਤਾ। ਸਰਕਾਰ ਦੀ ਸ਼ਹਿ 'ਤੇ ਪੁਲੀਸ ਨੇ ਜਿੱਥੇ ਕੁੱਝ ਦੰਗਈਆਂ ਦੇ ਖ਼ਿਲਾਫ਼ ਕੇਸ ਦਰਜ ਕੀਤਾ ਉੱਥੇ ਮਾਰੇ ਗਏ ਪੰਜਾਂ ਵਿਅਕਤੀਆਂ ਦੇ ਖ਼ਿਲਾਫ਼ ਵੀ ਗਊ ਹੱਤਿਆ ਦਾ ਕੇਸ ਦਰਜ ਕਰ ਦਿੱਤਾ। ਵਿਸ਼ਵ ਹਿੰਦੂ ਪ੍ਰੀਸ਼ਦ ਅਤੇ ਬਜਰੰਗ ਦਲ ਜਿਹੇ ਹਿੰਦੂਵਾਦੀ ਸੰਗਠਨਾਂ ਨੇ ਧਰਨੇ ਲਾ ਕੇ, ਸਰਕਾਰੀ ਜਾਇਦਾਦਾਂ ਦੀ ਭੰਨ-ਤੋੜ ਕਰ ਕੇ ਅਤੇ ਸੜਕਾਂ 'ਤੇ ਜਾਮ ਲਾ ਕੇ ਆਪਣੀ ਮਰਜ਼ੀ ਮੁਤਾਬਿਕ ਕੇਸ ਦਰਜ ਕਰਵਾਇਆ। ਥੋੜ੍ਹੇ ਦਿਨਾਂ ਬਾਅਦ ਹੀ ਕਾਤਲਾਂ ਦੀ ਜ਼ਮਾਨਤ ਹੋ ਗਈ। ਪੋਸਟ ਮਾਰਟਮ ਦੀ ਰਿਪੋਰਟ ਮੁਤਾਬਿਕ ਖੱਲ ਉਤਾਰੀ ਜਾਣ ਵਾਲ਼ੀ ਗਊ ਪਹਿਲਾਂ ਹੀ ਮਰੀ ਹੋਈ ਸੀ। ਇਹ ਰਿਪੋਰਟ ਆਉਣ ਦੇ ਬਾਵਜੂਦ ਵੀ ਕਾਤਲਾਂ ਦੇ ਹੱਕ ਵਿੱਚ ਡਟ ਕੇ ਖੜ੍ਹੇ ਕਿਸੇ ਵੀ ਹਿੰਦੂ ਸੰਗਠਨ ਨੇ ਇਹ ਨਹੀਂ ਕਿਹਾ ਕਿ ਮਾਰੇ ਗਏ ਦਲਿਤਾਂ ਨਾਲ਼ ਬੇਨਿਸਾਫ਼ੀ ਹੋਈ ਹੈ।

ਇਸ ਤੋਂ ਬਿਨਾਂ ਇੱਕ ਮਾਮਲਾ ਤਾਂ ਪੰਜਾਬ ਦੇ ਜਲੰਧਰ ਜ਼ਿਲ੍ਹੇ ਦਾ ਹੀ ਸਾਹਮਣੇ ਆਇਆ ਸੀ। ਇੱਥੇ ਪਿਛਲੇ ਸਾਲ 2 ਦਸੰਬਰ ਨੂੰ ਪੰਡੋਰੀ ਪਿੰਡ ਦੇ ਪਰਮਜੀਤ ਸਿੰਘ ਪੁੱਤਰ ਸੁਖ ਰਾਮ ਨੂੰ ਰਾਏਪੁਰ-ਰਸੂਲਪੁਰ ਦੀ ਸੁੱਕੀ ਪਈ ਬਿਸਤ ਦੁਆਬ ਨਹਿਰ ਵਿੱਚ ਮਰੀ ਪਈ ਗਊ ਦੀ ਖੱਲ ਉਤਾਰਨ ਦੇ ਦੋਸ਼ ਵਿੱਚ ਹਿੰਦੂ ਸੰਗਠਨ ਬਜਰੰਗ ਦਲ ਦੇ ਕਾਰਕੁੰਨਾਂ ਪ੍ਰਧਾਨ ਨਵੀਨ ਸ਼ੋਰੀ, ਮੋਹਨ, ਵਿਸ਼ੂ ਪਾਠਕ, ਗੌਰਵ ਸ਼ਰਮਾ ਤੇ ਪਰਵੀਨ ਸ਼ਰਮਾ ਦੁਆਰਾ ਕੁੱਟ-ਮਾਰ ਕੀਤੀ ਗਈ ਅਤੇ ਪੁਲਿਸ ਨੂੰ ਫੜਾ ਦਿੱਤਾ ਗਿਆ। ਪੁਲਿਸ ਨੇ ਸਰਕਾਰ ਦੀ ਸਰਪ੍ਰਸਤੀ ਹੇਠ ਪਲ਼ ਰਹੇ ਹਿੰਦੂ ਸੰਗਠਨਾਂ ਦੇ ਦਬਾਅ ਹੇਠ ਧਾਰਾ 295 ਅਧੀਨ ਪਰਚਾ ਦਰਜ ਕਰਕੇ ਉਸ ਨੌਜਵਾਨ ਨੂੰ ਜੇਲ੍ਹ ਭੇਜ ਦਿੱਤਾ ਸੀ। ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਸਮੇਤ ਕਈ ਦਲਿਤ ਸੰਗਠਨਾਂ ਦੁਆਰਾ ਇਸ ਧੱਕੇਸ਼ਾਹੀ ਦੇ ਖ਼ਿਲਾਫ਼ ਅੰਦੋਲਨ ਕੀਤਾ ਗਿਆ ਸੀ। ਹਰਿਆਣਾ ਰਾਜ ਨੂੰ ਅਸੀਂ ਜ਼ਿਆਦਾ ਹਿੰਦੂਵਾਦੀ ਮੰਨਦੇ ਹਾਂ ਇਸ ਲਈ ਇੱਥੇ ਦੇ ਅੰਦੋਲਨ ਦੀ ਬਜਾਏ ਪੰਜਾਬ ਤੇ ਗੁਜਰਾਤ ਦੀ ਗੱਲ ਕਰਨੀ ਹੀ ਠੀਕ ਰਹੇਗੀ।

ਇਸ ਸਮੇਂ ਗੁਜਰਾਤ ਵਿੱਚ ਦਲਿਤ ਜਥੇਬੰਦੀਆਂ ਵੱਲੋਂ ਅੰਦੋਲਨ ਕੀਤਾ ਜਾ ਰਿਹਾ ਹੈ। ਪਰ ਪੰਜਾਬ ਨਾਲ਼ੋਂ ਗੁਜਰਾਤੀ ਦਲਿਤ ਅੱਗੇ ਨਿੱਕਲ਼ ਗਏ। ਗੁਜਰਾਤ ਦੇ ਘਟਨਾਕ੍ਰਮ ਵਿੱਚ ਪੰਜਾਬ ਨਾਲ਼ੋਂ ਇੱਕ ਵਾਧੂ ਗੱਲ ਜੋ ਦਿਖਾਈ ਦਿੱਤੀ ਉਹ ਇਹ ਸੀ ਕਿ ਪਤਾ ਚੱਲਣ 'ਤੇ ਰੋਹ ਨਾਲ਼ ਭਰੇ ਔਰਤਾਂ ਸਮੇਤ ਹਜ਼ਾਰਾਂ ਦੀ ਗਿਣਤੀ ਵਿੱਚ ਗੁਜਰਾਤੀ ਦਲਿਤ ਨੌਜਵਾਨ ਰਵਾਇਤੀ ਹਥਿਆਰ ਲੈ ਕੇ ਸੜਕਾਂ 'ਤੇ ਆ ਗਏ। ਉਹਨਾਂ ਦੇ ਮਨਾਂ ਵਿੱਚ ਇੰਨਾਂ ਗੁੱਸਾ ਭਰਿਆ ਹੋਇਆ ਸੀ ਕਿ ਬੀਤੀ 18 ਜੁਲਾਈ ਨੂੰ ਦਲਿਤ ਜਥੇਬੰਦੀਆਂ ਦੇ ਕਾਰਕੁੰਨ ਮਰੀਆਂ ਹੋਈਆਂ ਗਊਆਂ ਦੇ ਤਿੰਨ ਟੈਂਪੂ ਭਰ ਕੇ ਡੀ.ਸੀ. ਦਫ਼ਤਰ ਸਾਹਮਣੇ ਆ ਗਏ ਅਤੇ ਉੱਥੇ ਲਿਆ ਕੇ ਇਹਨਾਂ ਗਊਆਂ ਨੂੰ ਇਹ ਕਹਿੰਦਿਆਂ ਸੁੱਟ ਦਿੱਤਾ ਕਿ "ਆਹ ਲਓ! ਸਾਂਭੋ ਆਪਣੀਆਂ ਮਾਵਾਂ ਨੂੰ।''

ਰੋਹ ਵਿੱਚ ਆਏ ਦਲਿਤਾਂ ਨੇ ਬੱਸਾਂ ਨੂੰ ਅੱਗਾਂ ਲਾਈਆਂ, ਭੰਨ-ਤੋੜ ਕੀਤੀ ਤੇ ਪੁਲਿਸ 'ਤੇ ਹਮਲੇ ਕੀਤੇ। ਉਹਨਾਂ ਨੇ ਮਰੀਆਂ ਗਊਆਂ ਦੇ ਪਿੰਜਰ ਲਿਆ ਕੇ ਦਫ਼ਤਰ ਅੰਦਰ ਖਿਲਾਰ ਦਿੱਤੇ। ਗੁਜਰਾਤੀ ਦਲਿਤ ਕਿੰਨੀ ਹਿੰਮਤ ਵਾਲ਼ੇ ਹਨ ਜਿਹੜੇ ਇੱਕ ਹਿੰਦੂਵਾਦੀ ਮਾਡਲ ਸਟੇਟ ਵਿੱਚ ਰਹਿੰਦਿਆਂ ਵੀ ਇਹ ਕੁੱਝ ਕਰਨ ਦੀ ਹਿੰਮਤ ਕਰ ਸਕਦੇ ਹਨ। ਦੂਸਰੇ ਪਾਸੇ ਪੰਜਾਬ ਦੇ ਖਾਂਦੇ-ਪੀਂਦੇ ਅਤੇ ਅਣਖੀ ਕਹਾਉਣ ਵਾਲ਼ੇ ਦਲਿਤ ਅਜਿਹਾ ਕੁੱਝ ਵੀ ਨਹੀਂ ਕਰ ਸਕੇ ਜਿਸ ਨਾਲ਼ ਮਨੂੰਵਾਦੀਆਂ ਨੂੰ ਕੰਨ ਹੋ ਸਕਣ।

ਸ਼ਾਇਦ ਪੰਜਾਬੀ ਦਲਿਤਾਂ ਵਿੱਚੋਂ ਕਈਆਂ ਨੇ ਸਮੇਂ ਦੀ ਧਾਰਾ ਅਨੁਸਾਰ ਆਪਣੇ-ਆਪ ਨੂੰ ਹਿੰਦੂ ਤਸਲੀਮ ਕਰ ਲਿਆ ਹੈ ਅਤੇ ਅਜਿਹੀਆਂ ਘਟਨਾਵਾਂ ਨੂੰ ਆਪਣੀ ਕਿਸਮਤ ਮੰਨ ਕੇ ਹਾਲਾਤ ਨਾਲ਼ ਸਮਝੌਤਾ ਕਰਨਾ ਸਿੱਖ ਲਿਆ ਹੈ। ਦਲਿਤ ਪਛੜਿਆਂ ਦਾ ਹਿੰਦੂ ਬਣ ਬੈਠਣਾ ਹੀ ਜ਼ਾਲਮਾਂ ਨੂੰ ਜ਼ੁਲਮ ਕਰਨ ਦਾ ਸੱਦਾ ਦੇਣਾ ਸਾਬਤ ਹੋ ਜਾਂਦਾ ਹੈ। ਇਸ ਕੇਸ ਵਿੱਚ ਵੀ ਸ਼ਾਮਲ 15 ਵਿਅਕਤੀਆਂ ਵਿੱਚੋਂ 13 ਓ.ਬੀ.ਸੀ. ਵਰਗ ਨਾਲ਼ ਸੰਬੰਧਤ ਹਨ। ਇੱਕ ਮੁਸਲਮਾਨ ਹੈ ਜਿਸ ਨੂੰ ਸ਼ਾਇਦ ਧੱਕੇ ਨਾਲ਼ ਹੀ ਸ਼ਾਮਲ ਕੀਤਾ ਗਿਆ ਹੋਵੇ। ਜਦਕਿ ਇਹਨਾਂ ਦੀ ਅਗਵਾਈ ਕਰਨ ਵਾਲ਼ਾ ਰਕੇਸ਼ ਜੋਸ਼ੀ ਬ੍ਰਾਹਮਣ ਹੈ ਜਿਹੜਾ 14 ਵਿਅਕਤੀਆਂ ਨੂੰ ਆਪਣੀਆਂ ਉਂਗ਼ਲਾਂ 'ਤੇ ਨਚਾਉਂਦਾ ਰਿਹਾ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਹਿੰਦੁਤਵ ਦੇ ਹਮਾਇਤੀਆਂ ਨੇ ਤਾਕਤ ਫੜੀ ਤਾਂ ਉਹ ਸ਼ੇਰ ਹੋ ਗਏ। ਫਿਰ ਉਹਨਾਂ ਖ਼ੂਬ ਮਨਮਰਜ਼ੀ ਕੀਤੀ ਤੇ ਕਿਸੇ ਕਾਇਦੇ ਕਾਨੂੰਨ ਦੀ ਪ੍ਰਵਾਹ ਨਹੀਂ ਕੀਤੀ। ਇੱਥੇ ਇੱਕ ਉਦਾਹਰਣ ਦੇਣੀ ਜ਼ਰੂਰੀ ਹੈ। ਉਹ ਇਹ ਹੈ ਕਿ ਇੱਕ ਵਾਰ ਕੁੱਝ ਸਾਲ ਪਹਿਲਾਂ ਜ਼ਿਲ੍ਹਾ ਸੰਗਰੂਰ ਦੇ ਕਸਬਾ ਸ਼ੇਰਪੁਰ ਦੇ ਇੱਕ ਨੌਜੁਆਨ ਨੂੰ ਕਿਸੇ ਨੇ ਗੋਲ਼ੀ ਮਾਰ ਕੇ ਮਾਰ ਦਿੱਤਾ ਗਿਆ ਸੀ। ਮਾਰਿਆ ਗਿਆ ਨੌਜੁਆਨ ਜੱਟਾਂ ਦਾ ਮੁੰਡਾ ਸੀ ਅਤੇ ਜਿਸ 'ਤੇ ਗੋਲ਼ੀ ਮਾਰ ਕੇ ਮਾਰਨ ਦਾ ਦੋਸ਼ ਲੱਗਿਆ ਉਹ ਵਿਅਕਤੀ ਬਾਣੀਆਂ ਸੀ। ਮਾਰੇ ਗਏ ਮੁੰਡੇ ਦੇ ਭੋਗ 'ਤੇ ਬੋਲਦਿਆਂ ਤਤਕਾਲੀ ਮੈਂਬਰ ਪਾਰਲੀਮੈਂਟ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦੇ ਮੁਖੀ ਸ੍ਰ: ਸਿਮਰਨਜੀਤ ਸਿੰਘ ਮਾਨ ਨੇ ਸਵਾਲ ਉਠਾਇਆ ਸੀ ਕਿ ਮੈਂ ਹੈਰਾਨ ਹਾਂ ਕਿ ਇੱਕ ਬਾਣੀਏ ਨੇ ਜੱਟ ਮਾਰ 'ਤਾ। ਨੌਜੁਆਨ ਦੀ ਮੌਤ ਕਾਰਨ ਮਾਹੌਲ ਗ਼ਮਗੀਨ ਸੀ ਪਰ ਫਿਰ ਵੀ ਉਦੋਂ ਸ੍ਰ: ਮਾਨ ਦੀ ਗੱਲ 'ਤੇ ਮਿੰਨ੍ਹਾਂ ਜਿਹਾ ਹਾਸਾ ਪੈ ਗਿਆ ਸੀ। ਕਿਸੇ ਨੂੰ ਕੀ ਪਤਾ ਸੀ ਕਿ ਇੱਕ ਦਿਨ ਸੱਚਮੁੱਚ ਅਜਿਹਾ ਹੋਏਗਾ। ਅੱਜ ਉਸੇ ਤਰ੍ਹਾਂ ਦੇ ਹਾਲਾਤ ਦੇਖਣ ਨੂੰ ਮਿਲ਼ ਰਹੇ ਹਨ। ਬ੍ਰਾਹਮਣਵਾਦੀ ਲੋਕਾਂ ਨੇ ਸੱਤਾ ਦੇ ਨਸ਼ੇ ਵਿੱਚ ਜਗ੍ਹਾ ਜਗ੍ਹਾ 'ਤੇ ਦਲਿਤਾਂ ਅਤੇ ਧਾਰਮਿਕ ਘੱਟ ਗਿਣਤੀਆਂ ਨੂੰ ਆਪਣਾ ਰੁਦਰ ਰੂਪ ਦਿਖਾਉਣਾ ਸ਼ੁਰੂ ਕਰ ਦਿੱਤਾ ਹੈ।

ਫਿਰ ਗੁਜਰਾਤ ਦੇ ਕਾਂਡ ਵੱਲ ਆਈਏ। ਗੁਜਰਾਤ ਹਿੰਦੂ ਰਾਸ਼ਟਰ ਦਾ ਮਾਡਲ ਸੂਬਾ ਹੈ। ਇੱਥੇ ਧਾਰਮਿਕ ਘੱਟ ਗਿਣਤੀ ਮੁਸਲਮਾਨਾਂ ਅਤੇ ਦਲਿਤਾਂ 'ਤੇ ਅੱਤਿਆਚਾਰ ਦੀਆਂ ਘਟਨਾਵਾਂ ਵਾਪਰਦੀਆਂ ਹੀ ਰਹਿੰਦੀਆਂ ਹਨ। ਹੁਣ ਦੀ ਘਟਨਾ ਦੇ ਜੱਗ ਜਾਹਰ ਹੋਣ ਤੋਂ ਬਾਅਦ ਇਸ ਘਟਨਾ ਤੋਂ ਪਹਿਲਾਂ ਦੀ ਇਸੇ ਤਰ੍ਹਾਂ ਦੀ ਇੱਕ ਹੋਰ ਘਟਨਾ ਦਾ ਵੀਡੀਓ ਵੀ ਸਾਹਮਣੇ ਆਇਆ ਹੈ। ਇਹ ਵੀਡੀਓ ਵੀ ਸੋਸ਼ਲ ਮੀਡੀਆ 'ਤੇ ਵਾਇਰਲ ਹੋਇਆ ਸੀ। ਇਸ ਘਟਨਾ ਵਿੱਚ 22 ਦਲਿਤਾਂ ਦੀ ਮਾਰ-ਕੁਟਾਈ ਕੀਤੀ ਗਈ ਸੀ। ਉਸ ਸਮੇਂ ਘਟਨਾ ਦੇ ਜਾਹਰ ਹੋਣ ਨਾਲ਼ ਵਿਵਾਦ ਵਧਿਆ ਨਹੀਂ ਸੀ। ਪਰ ਹੁਣ ਦੀ ਘਟਨਾ ਨੇ ਦਲਿਤਾਂ ਦੇ ਅੰਦਰਲੇ ਗੁੱਸੇ ਨੂੰ ਬਾਹਰ ਲੈ ਆਂਦਾ। ਇਸ ਰੋਹ ਨੇ ਦਲਿਤਾਂ ਨੂੰ 'ਕਰੋ ਜਾਂ ਮਰੋ' ਦੀ ਸਥਿਤੀ ਵਿੱਚ ਲੈ ਆਂਦਾ। ਪਰ ਇੱਕ ਗੱਲ ਜ਼ਰੂਰ ਵਾਚਣ ਵਾਲ਼ੀ ਹੈ ਕਿ ਜਿਹੜਾ ਕੰਮ ਪੰਜਾਬੀ ਦਲਿਤਾਂ ਨੂੰ ਕਰਨਾ ਚਾਹੀਦਾ ਸੀ ਉਹ ਗੁਜਰਾਤੀ ਦਲਿਤਾਂ ਨੇ ਕਰਕੇ ਦਿਖਾ ਦਿੱਤਾ। ਉਹਨਾਂ ਨੇ ਸਾਰੇ ਦਲਿਤਾਂ ਨੂੰ ਅਪੀਲ ਕੀਤੀ ਹੈ ਕਿ ਅੱਜ ਤੋਂ ਜੇਕਰ ਕਿਸੇ ਹਿੰਦੂ ਦੀ ਮਾਂ ਮਰ ਜਾਵੇ ਤਾਂ ਤੁਸੀਂ ਕਿਸੇ ਨੇ ਵੀ ਉਸਨੂੰ ਚੁੱਕਣ ਨਹੀਂ ਜਾਣਾ। ਵੈਸੇ ਜੇ ਕਰ ਉਹ ਇਹਨਾਂ ਮਰੀਆਂ ਹੋਈਆਂ ਗਊਆਂ ਨੂੰ ਚੁੱਕ ਕੇ ਲਿਆਉਣ ਦੀ ਬਜਾਏ ਉਹਨਾਂ ਹਿੰਦੂਆਂ ਦੇ ਘਰਾਂ ਵਿੱਚ ਹੀ ਸੜਨ ਦਿੰਦੇ ਤਾਂ ਹੋਰ ਵੀ ਚੰਗਾ ਸੀ। ਇਸ ਤਰ੍ਹਾਂ ਕਰਨ ਨਾਲ਼ ਬ੍ਰਾਹਮਣਵਾਦੀ ਲੋਕਾਂ ਨੂੰ ਸਗੋਂ ਆਪਣੀਆਂ ਮਾਵਾਂ ਦੀ ਸੇਵਾ ਕਰਨ ਦਾ ਮੌਕਾ ਵੀ ਮਿਲ਼ਦਾ। ਫਿਰ ਵੀ ਹੁਣ ਕਿਹੜਾ ਬ੍ਰਾਹਮਣਵਾਦੀਆਂ ਦੀਆਂ ਗਊ ਮਾਵਾਂ ਨਹੀਂ ਮਰਨਗੀਆਂ। ਜਦੋਂ ਕਿਸੇ ਦੀ ਗਊ ਮਰੇ ਤਾਂ ਦਲਿਤ ਸਪੱਸ਼ਟ ਆਖ ਦੇਣ ਕਿ ਅਸੀਂ ਕਿਸੇ ਦੇ ਗੁਲਾਮ ਨਹੀਂ। ਆਪਣਾ ਕੰਮ ਆਪੇ ਨਿਬੇੜੋ। ਕਦੋਂ ਤੱਕ ਦਲਿਤ ਦੂਸਰਿਆਂ ਦਾ ਗੋਲਪੁਣਾ ਕਰਦੇ ਰਹਿਣਗੇ ਅਤੇ ਜੁੱਤੀਆਂ ਖਾਂਦੇ ਰਹਿਣਗੇ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤਾਂ ਆਪਣੀ ਵਡਿਆਈ ਕਰਦਾ ਹੋਇਆ ਆਖਦਾ ਹੈ ਕਿ ਦੇਸ਼ ਬਦਲ ਰਿਹਾ ਹੈ। ਪਰ ਦੁਨੀਆਂ ਤਾਂ ਸੱਚਮੁੱਚ ਬਦਲ ਰਹੀ ਹੈ। ਪੱਥਰ ਯੁੱਗ ਨੂੰ ਫੜੀ ਬੈਠੇ ਇਕੱਲੇ ਭਾਰਤ ਤੋਂ ਬਿਨਾਂ। ਬ੍ਰਾਹਮਣਵਾਦੀ ਇਹ ਕਦੇ ਵੀ ਨਹੀਂ ਚਾਹੁਣਗੇ ਕਿ ਦੇਸ਼ ਬਦਲੇ ਅਤੇ ਤਰੱਕੀ ਦੀਆਂ ਮੰਜ਼ਲਾਂ ਸਰ ਕਰਦੇ ਹੋਏ ਸਭ ਵਰਗਾਂ ਨੂੰ ਅੱਗੇ ਵਧਣ ਦਾ ਮੌਕਾ ਮਿਲੇ। ਜੇਕਰ ਦਲਿਤ ਪਛੜੇ ਬਦਲਣ ਦੀ ਕੋਸ਼ਿਸ਼ ਕਰਨਗੇ ਤਾਂ ਦੇਸ਼ ਸੱਚਮੁੱਚ ਬਦਲਣ ਲੱਗੇਗਾ। ਝਾੜੂ ਚੁੱਕ ਕੇ ਦੂਸਰਿਆਂ ਦਾ ਗੰਦ ਸਾਫ਼ ਕਰਨ ਅਤੇ ਉਹਨਾਂ ਦਾ ਮਲ-ਮੂਤਰ ਆਪਣੇ ਸਿਰਾਂ 'ਤੇ ਢੋਣ ਦਾ ਕਿੱਤਾ ਅਤੇ ਮਰੇ ਹੋਏ ਪਸ਼ੂਆਂ ਨੂੰ ਚੁੱਕ ਕੇ ਲਿਜਾਣ ਤੇ ਉਹਨਾਂ ਦੀਆਂ ਖੱਲਾਂ ਲਾਹੁਣ ਦਾ ਕਿੱਤਾ ਕਰਨ ਵਾਲ਼ੇ ਲੋਕ ਇਸ ਪ੍ਰਬੰਧ ਵਿੱਚ ਸਦਾ ਜ਼ਲੀਲ ਹੀ ਹੁੰਦੇ ਆਏ ਹਨ। ਜੇਕਰ ਇਹ ਲੋਕ ਖ਼ੁਦ ਬਦਲ ਜਾਣ ਅਤੇ ਆਪਣੇ ਕਿੱਤੇ ਉੱਚ ਜਾਤੀਆਂ ਕਹੇ ਜਾਣ ਵਾਲ਼ੇ ਲੋਕਾਂ ਨੂੰ ਸੰਭਾਲ਼ ਦੇਣ ਤਾਂ ਉਹਨਾਂ ਨੂੰ ਕੋਈ ਨੁਕਸਾਨ ਨਹੀਂ ਹੋਵੇਗਾ। ਜਿਹੜਾ ਕੰਮ ਮਾਣ-ਸਨਮਾਨ ਨਾ ਦੇਵੇ ਉਸ ਨਾਲ਼

(ਬਾਕੀ ਸਫ਼ਾ 21 ਤੇ)



ਸਤਵੰਤ ਕੌਰ ਕਲੋਟੀ
91-95011-98881

25ਵੀ ਕਿਸਤ

# ਬ੍ਰਹਿਮੰਡ: ਇਕ ਨਜ਼ਰ

## (ਗਲੈਕਸੀਆਂ, ਤਾਰਿਆਂ ਅਤੇ ਗ੍ਰਹਿਆਂ ਦੀ ਦੁਨੀਆਂ)




### ਉਪਗ੍ਰਹਿ (Setellites)

ਕਿਸੇ ਗ੍ਰਹਿ ਜਾਂ ਤਾਰੇ ਦੇ ਇਰਦ-ਗਿਰਦ ਪਰਿਕਰਮਾ ਕਰਨ ਵਾਲੀ ਵਸਤੂ ਜਾਂ ਮਸ਼ੀਨ ਨੂੰ ਉਪਗ੍ਰਹਿ ਕਿਹਾ ਜਾਂਦਾ ਹੈ। ਚੰਨ ਧਰਤੀ ਦੀ ਪਰਿਕਰਮਾ ਕਰਦਾ ਹੈ, ਇਸ ਲਈ ਇਹ ਧਰਤੀ ਦਾ ਉਪਗ੍ਰਹਿ ਹੈ। ਧਰਤੀ ਸੂਰਜ ਦੁਆਲੇ ਪਰਿਕਰਮਾ ਕਰਦੀ ਹੈ, ਇਸ ਲਈ ਇਹ ਸੂਰਜ ਦਾ ਉਪਗ੍ਰਹਿ ਹੈ। ਉਪਗ੍ਰਹਿ ਦੋ ਤਰ੍ਹਾਂ ਦੇ ਹੁੰਦੇ ਹਨ: ਕੁਦਰਤੀ ਉਪਗ੍ਰਹਿ ਅਤੇ ਬਨਾਉਟੀ ਉਪਗ੍ਰਹਿ।

### ਕੁਦਰਤੀ ਉਪਗ੍ਰਹਿ

ਕਿਸੇ ਗ੍ਰਹਿ ਜਾਂ ਤਾਰੇ ਦੁਆਲੇ ਪਰਿਕਰਮਾ ਕਰਨ ਵਾਲੀਆਂ ਖਗੋਲੀ ਵਸਤੂਆਂ ਕੁਦਰਤੀ ਉਪਗ੍ਰਹਿ ਅਖਵਾਉਂ-ਦੀਆਂ ਹਨ, ਜਿਵੇਂ ਚੰਨ ਧਰਤੀ ਦਾ ਕੁਦਰਤੀ ਉਪਗ੍ਰਹਿ ਹੈ।

### ਬਨਾਉਟੀ ਉਪਗ੍ਰਹਿ

ਮਨੁੱਖ ਦੁਆਰਾ ਤਿਆਰ ਕੀਤੀ ਅਤੇ ਕਿਸੇ ਰਾਕੇਟ (ਜਾਂ ਦਾਗਣ ਵਾਹਨ) (Launch Vehicle) ਦੁਆਰਾ ਧਰਤੀ ਜਾਂ ਕਿਸੇ ਹੋਰ ਖਗੋਲੀ ਵਸਤੂ ਦੇ ਆਰਬਿੱਟ ਵਿਚ ਸਥਾਪਤ ਕੀਤੀ ਗਈ ਮਸ਼ੀਨ ਬਨਾਉਟੀ ਉਪਗ੍ਰਹਿ ਅਖਵਾਉਂਦੀ ਹੈ।


ਉਦਾਹਰਣ- ਆਰੀਆ ਭੱਟ, ਮੰਗਲਯਾਨ, ਭਾਸਕਰ 1, ਭਾਸਕਰ 2 ਆਦਿ।

ਧਰਤੀ ਦੇ ਬਨਾਉਟੀ ਉਪਗ੍ਰਹਿਆਂ ਦੀਆਂ ਦੋ ਮੁੱਖ ਕਿਸਮਾਂ ਹਨ: ਭੂ-ਸਥਿਤ ਉਪਗ੍ਰਹਿ (Geostationary Satellites) ਅਤੇ ਧਰੁਵੀ ਉਪਗ੍ਰਹਿ (Polar Satellites) ਭੂ-ਸਥਿਰ ਉਪਗ੍ਰਹਿ ਧਰਤੀ ਦੇ ਭੂ-ਮੱਧ ਰੇਖਾ ਤਲ ਵਿਚ ਪੱਛਮ ਤੋਂ ਪੂਰਬ ਵੱਲ ਘੁੰਮਦੇ ਹਨ। ਇਹਨਾਂ ਦੇ ਘੁੰਮਣ ਦੀ ਦਿਸ਼ਾ ਅਤੇ ਘੁੰਮਣ ਸਮਾਂ ਉਹੀ (24 ਘੰਟੇ) ਹੁੰਦਾ ਹੈ ਜੋ ਧਰਤੀ ਦੇ ਆਪਣੇ ਧੁਰੇ ਦੁਆਲੇ ਹੁੰਦਾ ਹੈ। ਇਸ ਲਈ ਧਰਤੀ ਤੋਂ ਦੇਖਣ 'ਤੇ ਇਹ ਸਥਿਰ ਜਾਪਦੇ ਹਨ।

ਧਰੁਵੀ ਉਪਗ੍ਰਹਿ ਧਰਤੀ ਦੁਆਲੇ ਉਤਰ-ਦੱਖਣ ਦਿਸ਼ਾ ਵਿਚ ਧਰੁਵ ਤੋਂ ਧਰੁਵ ਚੱਕਰ ਲਗਾਉਂਦੇ ਹਨ। ਕਿਉਂਕਿ ਧਰਤੀ ਆਪਣੇ ਧੁਰੇ ਦੁਆਲੇ ਘੁੰਮਦੀ ਹੈ, ਇਸ ਲਈ ਧਰੁਵੀ ਉਪਗ੍ਰਹਿ ਪੂਰੇ ਗਲੋਬ ਦਾ ਨਿਰੀਖਣ ਕਰ ਸਕਦੇ ਹਨ।

ਸਪਤਨਿਕ-1 ਪੁਲਾੜ ਵਿਚ ਭੇਜਿਆ ਗਿਆ ਪਹਿਲਾ ਬਨਾਉਟੀ ਉਪਗ੍ਰਹਿ ਸੀ, ਜੋ ਸੋਵੀਅਤ ਯੂਨੀਅਨ ਦੁਆਰਾ 4 ਅਕਤੂਬਰ, 1957 ਨੂੰ ਲਾਂਚ ਕੀਤਾ ਗਿਆ ਸੀ। ਸੋਵੀਅਤ ਯੂਨੀਅਨ ਨੇ ਸਪਤਨਿਕ-2 ਨਾਂ ਦਾ ਦੂਜਾ ਬਨਾਉਟੀ ਉਪਗ੍ਰਹਿ 3 ਨਵੰਬਰ 1957 ਨੂੰ ਲਾਂਚ ਕੀਤਾ। ਇਸ ਵਿਚ ਲਾਇਕਾ ਨਾਂ ਦੀ ਇਕ ਕੁੱਤੀ ਵੀ ਭੇਜੀ ਗਈ ਸੀ, ਜਿਸ ਦੀ ਪੁਲਾੜ ਵਿਚ ਮੌਤ ਹੋ ਗਈ। ਪਹਿਲਾ ਅਮਰੀਕਾ ਉਪਗ੍ਰਹਿ ਐਕਸਪਲੋਰਰ 1 ਨਾਸਾ ਦੁਆਰਾ 1 ਫਰਵਰੀ 1958 ਜਾਂ 31 ਜਨਵਰੀ 1958 (ਈਸਟਰਨ ਟਾਈਮ) ਨੂੰ ਲਾਂਚ ਕੀਤਾ ਗਿਆ।

ਭਾਰਤ ਦਸੰਬਰ, 2014 ਤੱਕ ਲੱਗਭੱਗ 75 ਬਨਾਉਟੀ ਉਪਗ੍ਰਹਿ ਲਾਂਚ ਕਰ ਚੁੱਕਾ ਹੈ। ਇਹਨਾਂ ਉਪਗ੍ਰਹਿਆਂ ਨੂੰ ਲਾਂਚ ਕਰਨ ਲਈ ਇੰਡੀਅਨ ਸਪੇਸ ਰੀਸਰਚ ਆਰਗੇਨਾਈਜੇਸ਼ਨ (ਇਸਰੋ), ਅਮਰੀਕਾ, ਰੂਸ ਅਤੇ ਯੂਰਪ ਦੇ ਉਪਗ੍ਰਹਿ ਦਾਗਣ ਵਾਹਨ ਇਸਤੇਮਾਲ ਕੀਤੇ ਗਏ ਹਨ। ਭਾਰਤ ਨੇ 19 ਅਪ੍ਰੈਲ 1975 ਨੂੰ ਆਪਣਾ ਪਹਿਲਾ ਉਪਗ੍ਰਹਿ ਆਰੀਆ ਭੱਟ ਅਤੇ 7 ਜੂਨ 1979 ਨੂੰ ਦੂਜਾ ਉਪਗ੍ਰਹਿ ਭਾਸਕਰ ਲਾਂਚ ਕੀਤਾ। ਭਾਰਤ ਦੁਆਰਾ ਲਾਂਚ ਕੀਤੇ ਗਏ ਕੁਝ ਮੁੱਖ ਉਪਗ੍ਰਹਿਆਂ ਦੇ ਨਾਂ ਇਸ ਤਰ੍ਹਾਂ ਹਨ: ਰੋਹਿਨੀ ਆਰ. ਐਸ.-1, ਰੋਹਿਨੀ ਆਰ. ਐਸ.-ਡੀ 1, ਡੀ 2, ਭਾਸਕਰ- 1, 2, (INSAT-1B, 1C, 1D, 2DT, 2A, 2B, 2C, 2D, 2D, 2E, 3A, 3B, 3C,




ਬਨਾਉਟੀ ਉਪਗ੍ਰਹਿ

4A,4B, 4C, 4D, EDUSAT, IRS-1A, 1B, 1C, 1D, 1E, P2, P3, P4, P6, GSAT-4, 7, 8, 10, 12, 14, 16, IRNSS-1A, 1B, 1C, CARTOSAT-1, 2, 2A, 2B, ਚੰਦਰਯਾਨ 1, ਮੰਗਲ ਆਰਬਿੱਟਰ ਮਿਸ਼ਨ (ਮੰਗਲਯਾਨ), ਐਪਲ ਆਦਿ।

ਭੂ- ਸਥਿਰ ਉਪਗ੍ਰਹਿਆਂ ਦਾ ਸੰਚਾਰ ਦੇ ਖੇਤਰ ਵਿਚ ਮਹੱਤਵਪੂਰਨ ਯੋਗਦਾਨ ਹੈ। ਇਹਨਾਂ ਦੁਆਰਾ ਸਿਗਨਲ ਵਧੇਰੇ ਦੂਰੀ ਤੱਕ ਪਹੁੰਚਾਇਆ ਜਾ ਸਕਦਾ ਹੈ। ਧਰੁਵੀ ਉਪਗ੍ਰਹਿ ਮੌਸਮ ਦਾ ਨਿਰੀਖਣ ਕਰਨ ਅਤੇ ਬਾਰਿਸ਼, ਹੜ੍ਹ, ਤੂਫਾਨਾਂ ਆਦਿ ਦਾ ਪੂਰਵ ਅਨੁਮਾਨ ਲਗਾਉਣ ਲਈ ਉਪਯੋਗੀ ਸਿੱਧ ਹੋਏ ਹਨ। ਦੂਰੇਡੇ ਸੰਵੇਦਨ ਵਿਚ ਵੀ ਉਪਗ੍ਰਹਿਆਂ ਦਾ ਮਹੱਤਵਪੂਰਨ ਯੋਗਦਾਨ ਹੈ। ਉਪਗ੍ਰਹਿਆਂ ਤੋਂ ਪੁਲਾੜ ਦਾ ਅਧਿਐਨ ਵੀ ਵਧੇਰੇ ਸਪਸ਼ਟਤਾ ਨਾਲ ਕੀਤਾ ਜਾ ਸਕਦਾ ਹੈ, ਕਿਉਂਕਿ ਧਰਤੀ ਦੀ ਸਤ੍ਹਾ ਤੋਂ ਅਧਿਐਨ ਕਰਨ ਸਮੇਂ ਵਾਯੂਮੰਡਲੀ ਤੱਤ ਰੁਕਾਵਟ ਬਣਦੇ ਹਨ।

### ਧਰਤੀ ਦਾ ਕੁਦਰਤੀ ਉਪਗ੍ਰਹਿ- ਚੰਨ

ਚੰਨ ਧਰਤੀ ਦਾ ਇਕਲੌਤਾ ਕੁਦਰਤੀ ਉਪਗ੍ਰਹਿ ਹੈ। ਇਹ ਠੋਸ ਚਟਾਨੀ ਮਾਦੇ ਤੋਂ ਬਣਿਆ ਹੋਇਆ ਹੈ। ਇਸ ਦੀ ਸਤ੍ਹਾ ਉਤੇ ਵੱਡੀ ਗਿਣਤੀ ਵਿਚ ਖੱਡੇ (Craters) ਮੌਜੂਦ ਹਨ, ਜੋ ਬੀਤੇ ਸਮੇਂ ਦੌਰਾਨ ਉਲਕਾ ਪਿੰਡਾਂ ਜਾਂ ਧੂਮਕੇਤੂਆਂ ਦੇ ਟਕਰਾਉਣ ਨਾਲ ਬਣੇ ਹੋਣ ਦਾ ਅਨੁਮਾਨ ਹੈ। ਇਸ ਦੇ ਦੋਵਾਂ ਧਰੁਵਾਂ ਦੇ ਨਜ਼ਦੀਕ ਕਾਫੀ ਡੂੰਘੇ ਖੱਡੇ ਦੇਖੇ ਗਏ ਹਨ। ਚੰਨ ਦੀ ਆਪਣੀ ਕੋਈ ਰੌਸ਼ਨੀ ਨਹੀਂ ਹੈ। ਇਹ ਆਪਣੇ ਉਤੇ ਡਿੱਗਣ ਵਾਲੀ ਸੂਰਜ ਦੀ ਰੌਸ਼ਨੀ ਨੂੰ ਪਰਾਵਰਤਿਤ ਕਰਦਾ ਹੋਣ ਕਰਕੇ ਸਾਨੂੰ ਚਮਕਦਾਰ ਨਜ਼ਰ ਆਉਂਦਾ ਹੈ। ਪੁਲਾੜ ਵਿਗਿਆਨੀਆਂ ਦਾ ਵਿਸ਼ਵਾਸ ਹੈ ਕਿ ਇਹ ਲੱਗਭੱਗ 4.5 ਅਰਬ ਸਾਲ ਪਹਿਲਾਂ ਧਰਤੀ ਦੇ ਨਾਲ ਕਿਸੇ ਵੱਡੇ ਖਗੋਲੀ ਪਿੰਡ, ਜੋ ਲੱਗਭੱਗ ਮੰਗਲ ਗ੍ਰਹਿ ਦੇ ਆਕਾਰ ਦਾ ਹੋਵੇਗਾ, ਦੇ ਟਕਰਾਉਣ ਨਾਲ ਉਤਪੰਨ ਹੋਏ ਖਗੋਲੀ ਕਚਰੇ ਤੋਂ ਬਣਿਆ।

ਇਸ ਦਾ ਭਾਰਤੀ ਨਾਂ ਚੰਨ, ਚੰਦਰਮਾ ਜਾਂ ਚੰਦਰ (ਸੰਸਕ੍ਰਿਤ ਭਾਸ਼ਾ ਦਾ ਸ਼ਬਦ) ਹੈ। ਭਾਰਤੀ ਲੋਕ ਇਸ ਨੂੰ ਬੁੱਧ ਦਾ ਪਿਤਾ ਮੰਨਦੇ ਹਨ। ਇਸ ਦਾ ਯੂਨਾਨੀ ਨਾਂ ਸਿਲੀਨ ਹੈ। ਯੂਨਾਨੀ ਲੋਕ ਇਸ ਨੂੰ ਹੀਲੀਓਸ (ਸੂਰਜ) ਦੀ ਭੈਣ ਮੰਨਦੇ ਹਨ। ਇਸ ਦਾ ਲਾਤੀਨੀ ਨਾਂ ਲੂਨਾ ਅਤੇ ਅੰਗਰੇਜ਼ੀ ਨਾਂ ਮੂਨ ਹੈ।

ਸੂਰਜ ਤੋਂ ਬਾਅਦ ਇਹ ਅਕਾਸ਼ ਦੀ ਦੂਜੀ ਸਭ ਤੋਂ ਵੱਧ ਚਮਕਦਾਰ ਵਸਤੂ ਹੈ। ਮਾਮੂਲੀ ਅੰਡਾਕਾਰਤਾ ਵਾਲੇ ਇਸ ਗੋਲੇ ਦਾ ਵਿਆਸ ਲੱਗਭੱਗ 3475 ਕਿਲੋਮੀਟਰ ਹੈ, ਜੋ ਧਰਤੀ ਦੇ ਵਿਆਸ ਦਾ ਕੇਵਲ 27 ਪ੍ਰਤੀਸ਼ਤ ਹੈ। ਇਸ ਦੀ ਗੁਰੂਤਾਕਰਸ਼ਣ ਧਰਤੀ ਦੇ ਮੁਕਾਬਲੇ ਕਾਫੀ ਕਮਜ਼ੋਰ ਹੈ। ਇਸ ਦੀ ਸਤ੍ਹਾ ਉਤੇ ਗੁਰੂਤਵੀ ਪ੍ਰਵੇਗ ਦਾ ਮੁੱਲ 1.62 ਮੀਟਰ ਪ੍ਰਤੀ ਸਕਿੰਟ ਹੈ। ਚੰਨ ਲਈ ਨਿਕਾਸੀ ਵੇਗ ਦਾ ਮੁੱਲ ਕੇਵਲ 2.38 ਕਿਲੋਮੀਟਰ ਪ੍ਰਤੀ ਸਕਿੰਟ ਹੈ, ਜਿਸ ਕਰਕੇ ਇਸ ਦੇ ਵਾਯੂਮੰਡਲ ਵਿਚ ਗੈਸਾਂ ਦੀ ਮਾਤਰਾ ਕਾਫੀ ਘੱਟ ਹੈ। ਇਸ ਦੇ ਅੰਤਿਅੰਤ ਵਿਰਲੇ ਵਾਯੂਮੰਡਲ ਦੀ ਤੁਲਨਾ ਖਲਾਅ (ਨਿਰਵਾਯੂ) ਨਾਲ ਕੀਤੀ ਜਾ ਸਕਦੀ ਹੈ। ਆਮ ਕਰਕੇ ਇਹੀ ਕਿਹਾ ਜਾਂਦਾ ਹੈ ਕਿ ਚੰਨ ਉਤੇ ਵਾਯੂਮੰਡਲ ਮੌਜੂਦ ਨਹੀਂ ਹੈ। ਇਸ ਕਮਜ਼ੋਰ ਵਾਯੂਮੰਡਲ ਵਿਚ ਹੀਲੀਅਮ, ਨੀਆਨ, ਹਾਈਡ੍ਰੋਜਨ, ਮੀਥੇਨ, ਅਮੋਨੀਆ, ਕਾਰਬਨ ਡਾਈਆਕਸਾਈਡ ਅਤੇ ਆਕਸੀਜਨ (ਨਾ-ਮਾਤਰ) ਆਦਿ ਗੈਸਾਂ ਮੌਜੂਦ ਹਨ। ਚੰਨ ਦਾ ਤਾਪਮਾਨ 100 ਕੈਲਵਿਨ ਤੋਂ 400 ਕੈਲਵਿਨ ਦੇ ਵਿਚਾਲੇ ਰਹਿੰਦੇ ਹੈ। ਕਲੈਮੈਨਟਾਈਨ ਮਿਸ਼ਨ (Clementine Mission) ਦੁਆਰਾ 1994 ਵਿਚ ਚੰਨ ਦਾ ਅਧਿਐਨ ਕਰਨ ਉਪਰੰਤ, ਦੱਖਣੀ ਧਰੁਵ ਨੇੜਲੇ ਡੂੰਘੇ ਖੱਡਿਆਂ ਵਿਚ ਬਰਫ ਮੌਜੂਦ ਹੋਣ ਦੀ ਸੰਭਾਵਨਾ ਪ੍ਰਗਟਾਈ ਗਈ। 1998 ਵਿਚ ਨਾਸਾ ਦੇ ਲੂਨਰ ਪ੍ਰਾਸਪੈਕਟਰ ਮਿਸ਼ਨ (Lunar Prospector Mission) ਤੋਂ ਪ੍ਰਾਪਤ ਹੋਏ ਡਾਟੇ ਤੋਂ ਵੀ ਇਸ ਗੱਲ ਨੂੰ ਸਮਰਥਨ ਮਿਲਦਾ ਹੈ। ਇਹੋ ਸੰਭਾਵਨਾ ਉਤਰੀ ਧਰੁਵ ਨੇੜਲੇ ਖੱਡਿਆਂ ਬਾਰੇ ਵੀ ਪ੍ਰਗਟਾਈ ਜਾ ਰਹੀ ਹੈ। ਪਤਲੇ ਵਾਯੂਮੰਡਲ ਕਰਕੇ ਚੰਨ ਉਤੇ ਜੀਵਨ ਸੰਭਵ ਨਹੀਂ ਹੈ।

ਚੰਨ ਧਰਤੀ ਤੋਂ ਲੱਗਭੱਗ 384400 ਕਿਲੋਮੀਟਰ ਦੀ ਉਚਾਈ 'ਤੇ ਇਸ ਦੇ ਗਿਰਦ ਪਰਿਕਰਮਾ ਕਰ ਰਿਹਾ ਹੈ। ਇਹ ਇਕ ਪਰਿਕਰਮਾ ਲੱਗਭੱਗ 27 ਦਿਨ 8 ਘੰਟਿਆਂ ਵਿਚ ਪੂਰੀ ਕਰਦਾ ਹੈ। ਦਿਲਚਸਪ ਗੱਲ ਇਹ ਹੈ ਕਿ ਇਹ ਆਪਣੇ ਧੁਰੇ ਦੁਆਲੇ ਵੀ ਇਸੇ ਹੀ ਦਰ ਨਾਲ ਘੁੰਮਦਾ ਹੈ, ਜਿਸ ਕਰਕੇ ਹਮੇਸ਼ਾ ਇਸ ਦਾ ਇਕੋ ਪਾਸਾ ਹੀ ਧਰਤੀ ਵੱਲੋਂ ਨਜ਼ਰ ਆਉਂਦਾ ਹੈ। ਦੂਜਾ ਪਾਸਾ 1959 ਈ. ਤੱਕ ਅਣਡਿੱਠਾ ਅਤੇ ਅਗਿਆਤ ਹੀ ਰਿਹਾ, ਜਦ ਤੱਕ ਸੋਵੀਅਤ ਯੂਨੀਅਨ ਦੇ ਸਪੇਸ ਕਰਾਫਟ ਲੂਨਾ 3 ਨੇ ਇਸ ਪਾਸੇ ਦੀਆਂ ਫੋਟੋਆਂ ਨਹੀਂ ਖਿੱਚੀਆਂ। ਇਸ ਚੰਨ ਦਾ ਆਪਣਾ ਕੋਈ ਚੰਨ ਨਹੀਂ ਹੈ ਅਤੇ ਨਾ ਹੀ ਇਸ ਦੁਆਲੇ ਕੋਈ ਛੱਲੇ ਹਨ।

ਕਮਜ਼ੋਰ ਹੋਣ ਦੇ ਬਾਵਜੂਦ ਵੀ ਚੰਨ ਦੀ ਗੁਰੂਤਾਕਰਸ਼ਣ ਧਰਤੀ ਉਤੇ ਸਮੁੰਦਰਾਂ ਵਿਚ ਜਵਾਰਭਾਟਾ ਆਉਣ ਦਾ ਕਾਰਨ ਬਣਦੀ ਹੈ। ਧਰਤੀ ਅਤੇ ਚੰਨ ਦੇ ਵਿਚਕਾਰ ਆਕਰਸ਼ਣ ਬਲ, ਦੋਵਾਂ ਨੂੰ ਮਿਲਾਉਣ ਵਾਲੀ ਰੇਖਾ ਤੋਂ ਮਾਮੂਲੀ ਹਟਵੀਂ ਦਿਸ਼ਾ ਵਿਚ ਕੰਮ ਕਰਦਾ ਹੈ, ਜਿਸ ਦਾ ਕਾਰਨ ਧਰਤੀ ਦੀ ਆਪਣੇ ਧੁਰੇ ਦੁਆਲੇ ਘੁੰਮਣ-ਗਤੀ ਹੈ। ਇਸ ਕਰਕੇ ਗੁਰੂਤਾਕਰਸ਼ਣ ਖਿਚ ਧਰਤੀ ਉਤੇ ਚੰਨ ਦੇ ਐਨ ਥੱਲੇ ਵਾਲੇ ਬਿੰਦੂ ਤੋਂ ਥੋੜ੍ਹਾ ਅਗਾਂਹ ਮਾਰ ਕਰਦੀ ਹੈ, ਜਿਸ ਨਾਲ ਧਰਤੀ ਦੀ ਘੁੰਮਣ-ਗਤੀ ਦਾ ਵਿਰੋਧ ਹੁੰਦਾ ਹੈ। ਸਿੱਟੇ ਵਜੋਂ ਧਰਤੀ ਆਪਣੀ ਊਰਜਾ ਗੁਆ ਰਹੀ ਹੈ, ਜਿਸ ਕਾਰਨ ਧਰਤੀ ਦਾ ਘੁੰਮਣ-ਵੇਗ 2.3 ਮਿਲੀਸਕਿੰਟ ਪ੍ਰਤੀ 100 ਸਾਲ ਦੀ ਦਰ ਨਾਲ ਘੱਟ ਰਿਹਾ ਹੈ, ਭਾਵ ਹਰ 100 ਸਾਲ ਬਾਅਦ ਦਿਨ ਦੀ ਲੰਬਾਈ ਵਿਚ 2.3 ਮਿਲੀਸਕਿੰਟ ਦਾ ਵਾਧਾ ਹੋ ਰਿਹਾ ਹੈ। ਕਿਉਂਕਿ ਧਰਤੀ ਦੀ ਘੁੰਮਣ-ਊਰਜਾ (Rotational Energy) ਚੰਨ ਨੂੰ ਟਰਾਂਸਫਰ ਹੋ ਰਹੀ ਹੈ, ਇਸ ਲਈ ਚੰਨ 3.8 ਸੈਂਟੀਮੀਟਰ ਪ੍ਰਤੀ ਸਾਲ ਦੀ ਦਰ ਨਾਲ ਧਰਤੀ ਤੋਂ ਦੂਰ ਜਾ ਰਿਹਾ ਹੈ।

ਹਰ ਸਮੇਂ ਚੰਨ ਦੀ ਲੱਗਭੱਗ ਅੱਧੀ ਸਤ੍ਹਾ ਉਤੇ ਸੂਰਜ ਦਾ ਪ੍ਰਕਾਸ਼ ਪੈਂਦਾ ਹੈ, ਪ੍ਰੰਤੂ ਸੂਰਜ, ਚੰਨ ਅਤੇ ਧਰਤੀ ਦੀ ਆਪਸੀ ਸਥਿਤੀ ਦੇ ਲਗਾਤਾਰ ਬਦਲਣ ਕਰਕੇ ਧਰਤੀ ਤੋਂ ਦਿਖਾਈ ਦੇਣ ਵਾਲੇ ਚੰਨ ਦੇ ਪ੍ਰਕਾਸ਼ਮਾਨ ਹਿੱਸੇ ਦਾ ਆਕਾਰ ਲਗਾਤਾਰ ਬਦਲਦਾ ਰਹਿੰਦਾ ਹੈ। ਇਸ ਤਰ੍ਹਾਂ ਸਾਨੂੰ ਹਰ ਰੋਜ਼ ਚੰਨ ਦਾ ਅਲੱਗ ਅਲੱਗ ਆਕਾਰ ਨਜ਼ਰ ਆਉਂਦਾ ਹੈ। ਇਹਨਾਂ ਨੂੰ ਚੰਨ ਦੀਆਂ ਅਵਸਥਾਵਾਂ ਕਿਹਾ ਜਾਂਦਾ ਹੈ।

ਵਿਸ਼ਵ-ਭਰ ਦੀਆਂ ਸਪੇਸ ਆਰਗੇਨਾਈਜ਼ੇਸ਼ਨਜ਼ ਚੰਨ ਉਤੇ ਪਹੁੰਚਣ ਦੀ ਦੌੜ ਵਿਚ ਸ਼ਾਮਲ ਹਨ। ਚੰਨ ਇਕ-ਲੌਤੀ ਖਗੋਲੀ ਵਸਤੂ ਹੈ (ਧਰਤੀ ਤੋਂ ਬਾਅਦ), ਜਿਸ ਉਤੇ ਮਨੁੱਖ ਆਪਣੇ ਪੈਰ ਪਾ ਚੁੱਕਾ ਹੈ। ਸੋਵੀਅਤ ਯੂਨੀਅਨ ਦਾ ਸਪੇਸਕਰਾਫਟ ਲੂਨਾ-2 1959 ਈ. ਵਿਚ ਚੰਨ ਉਤੇ ਜਾਣ ਵਾਲਾ ਪਹਿਲਾ ਸਪੇਸਕਰਾਫਟ ਸੀ। 20 ਜੁਲਾਈ 1969 ਨੂੰ ਨਾਸਾ ਦਾ ਸਪੇਸਕਰਾਫਟ ਅਪੋਲੋ 11 ਤਿੰਨ ਮੈਂਬਰੀ ਚਾਲਕਾਂ ਦੀ ਟੀਮ ਸਮੇਤ ਚੰਨ ਦੀ ਸਤ੍ਹਾ ਉਤੇ ਉਤਰਿਆ। 39 ਸਾਲਾ ਮਿਸ਼ਨ ਕਮਾਂਡਰ ਨੀਲ ਆਰਮਸਟਰੌਂਗ ਚੰਨ ਦੀ ਧਰਤੀ ਉਤੇ ਪੈਰ ਰੱਖਣ ਵਾਲਾ ਪਹਿਲਾ ਮਨੁੱਖ ਬਣਿਆ। ਲੂਨਰ ਮਡਿਊਲ ਪਾਇਲਟ ਐਡਵਿਨ 'ਬਜ਼' ਐਲਡ੍ਰਿਨ ਵੀ ਉਸ ਦੇ ਨਾਲ ਉਤਰਿਆ, ਜਦਕਿ ਕਮਾਂਡਰ ਮਡਿਊਲ ਪਾਇਲਟ, ਮਾਈਕਲ ਕੌਲਿਨਜ਼ ਸਪੇਸਕਰਾਫਟ ਦੇ ਅੰਦਰ ਹੀ ਰਿਹਾ। ਚੰਨ ਉਤੇ ਪਹਿਲਾ ਪੈਰ ਧਰਦਿਆਂ ਨੀਲ ਆਰਮਸਟਰੌਂਗ ਨੇ ਇਹ ਸ਼ਬਦ ਕਹੇ, "That's one small step for man, one giant leap for mankind."

ਉਸ ਨੇ ਲੱਗਭੱਗ 2.5 ਘੰਟੇ ਸਪੇਸਕਰਾਫਟ ਤੋਂ ਬਾਹਰ ਬਿਤਾਏ। ਅਪੋਲੋ 11 ਮਿਸ਼ਨ ਬੇਹੱਦ ਕਾਮਯਾਬ ਰਿਹਾ ਜੋ ਕਿ ਮਨੁੱਖ ਦੀਆਂ ਮਹਾਨ ਪ੍ਰਾਪਤੀਆਂ ਵਿਚੋਂ ਇਕ ਹੈ। ਚਾਲਕਾਂ ਦੀ ਟੀਮ ਸਹੀ-ਸਲਾਮਤ ਵਾਪਸ ਧਰਤੀ ਉਤੇ ਪਹੁੰਚ ਗਈ। ਨਾਸਾ ਦੇ ਪੁਲਾੜ ਵਿਗਿਆਨੀ ਵੱਖ-ਵੱਖ ਮਿਸ਼ਨਾਂ ਦੌਰਾਨ ਚੰਨ ਤੋਂ 382 ਕਿਲੋਗ੍ਰਾਮ ਚਟਾਨਾਂ ਅਤੇ ਮਿੱਟੀ ਲਿਆਉਣ ਵਿਚ ਕਾਮਯਾਬ ਰਹੇ ਹਨ। ਚਟਾਨਾਂ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਜ਼ਿਆਦਾਤਰ ਚਟਾਨਾਂ 4.3 ਅਰਬ ਸਾਲ ਪੁਰਾਣੀਆਂ ਹਨ।

ਚੰਨ ਦੇ ਅਧਿਐਨ ਲਈ ਲਾਂਚ ਕੀਤੇ ਗਏ ਮੁੱਖ ਮਿਸ਼ਨ ਹਨ: ਕਲੈਮੈਨਟਾਈਨ ਮਿਸ਼ਨ, ਲੂਨਰ ਪ੍ਰਾਸਪੈਕਟਰ ਮਿਸ਼ਨ, ਸਰਵੇਅਰ, 1,5,7, ਲੂਨਾ- 2, 3, 9, 16, 24, ਚੰਦਰਯਾਨ 1, ਰੇਂਜਰ- 7, 8, 9, ਅਪੋਲੋ - 8, 10, 11, 12, 14, 16, 16 ਅਤੇ ਬਹੁਤ ਸਾਰੇ ਹੋਰ, ਜ਼ਿਕਰਯੋਗ ਹੈ ਕਿ ਨਾਸਾ ਦੇ ਅਪੋਲੋ- 11, 12, 14, 15, 16, 17 ਅਤੇ ਸੋਵੀਅਤ ਯੂਨੀਅਨ ਦੇ ਲੂਨਾ- 17 ਅਤੇ 21 ਚੰਨ ਦੀ ਸਤ੍ਹਾ ਉਤੇ ਸਫਲਤਾਪੂਰਵਕ ਉਤਾਰੇ ਜਾਣ ਵਾਲੇ ਸਪੇਸਕਰਾਫਟ ਹਨ, ਜਿਹਨਾਂ ਵਿਚੋਂ ਅਪੋਲੋ ਸੀਰੀਜ਼ ਦੇ ਸਾਰੇ ਸਪੇਸ ਕਰਾਫਟਸ (ਅਪੋਲੋ- 11, 12, 14, 15, 16, 17) ਵਿਚ ਮਨੁੱਖ ਵੀ ਚੰਨ ਉਤੇ ਉਤਰਿਆ ਹੈ।

## ਮਿੰਨੀ ਕਹਾਣੀਆਂ



ਤਸਵਿੰਦਰ ਸਿੰਘ ਬੜੈਚ
91-98763-22677

### ਉਡੀਕ

'ਬਈ ਅਮਲੀਓ ਵੋਟ ਪੌਣ ਨ੍ਹੀ ਗਏ।' ਕਰਤਾਰੇ ਨੰਬਰਦਾਰ ਨੇ ਬੀੜੀ ਦਾ ਸੁਆਦ ਮਾਣ ਰਹੇ ਗਾਮੇ ਅਤੇ ਤੋਤੇ ਅਮਲੀ ਨੂੰ ਕਿਹਾ। ਤੋਤਾ ਅਮਲੀ ਮੂੰਹ 'ਚੋਂ ਧੂਆਂ ਛੱਡਦਾ ਬੋਲਿਆ, "ਪਾ ਆਉਨੇ ਆ ਲੰਬੜਦਾਰਾ ਪਹਿਲਾਂ ਆਪਣੇ ਕੋਟੇ ਤਾਂ ਫੁੱਲ ਕਰ ਲਈਏ, ਜੇ ਹੁਣੇ ਵੋਟ ਪਾ ਆਏ ਫੇਰ ਸਾਨੂੰ ਕੀਹਨੇ ਪੁੱਛਣਾ''। ਦੋਵੇਂ ਅਮਲੀ ਦਰਵਾਜੇ ਵਿੱਚ ਬੈਠੇ ਉਮੀਦਵਾਰਾਂ ਦੀ ਉਡੀਕ ਕਰ ਰਹੇ ਸਨ।

### ਸਵਾਰਥ

ਕਿਸਾਨ ਬਿਕਰਮ ਸਿਹੁੰ ਨੇ ਸਰਪੰਚੀ ਦੀਆਂ ਵੋਟਾਂ 'ਚ ਖੜ੍ਹੇ ਰਿਟਾਇਰ ਅਧਿਆਪਕ ਕਰਮ ਸਿੰਘ ਨਾਲ ਵਾਅਦਾ ਕੀਤਾ ਸੀ ਕਿ ਉਹ ਵੋਟ ਉਸਨੂੰ ਪਾਵੇਗਾ। ਪਰ ਅੱਜ ਜਦੋਂ ਵੋਟਾਂ ਪੈ ਰਹੀਆਂ ਸਨ ਤਾਂ ਬਿਕਰਮ ਸਿਹੁ ਨੇ ਮਾਸਟਰ ਦੇ ਬੂਥ 'ਤੋਂ ਪਰਚੀ ਲੈਣ ਦੀ ਬਜਾਏ ਦੂਜੇ ਬੂਥ ਜੋ ਪਟਵਾਰੀ ਨੇ ਲਗਾਇਆ ਹੋਇਆ ਸੀ ਜਿਸ ਦਾ ਮੁੰਡਾ ਵੋਟਾਂ 'ਚ ਖੜ੍ਹਾ ਸੀ, ਤੋਂ ਪਰਚੀ ਲੈ ਲਈ। ਮਾਸਟਰ ਨੇ ਪਰਚੀ ਲੈਂਦੇ ਨੂੰ ਦੇਖ ਲਿਆ, ਜਦੋਂ ਬਿਕਰਮ ਸਿਹੁੰ, ਮਾਸਟਰ ਦੇ ਬੂਥ ਦੇ ਮੂਹਰੇ ਦੀ ਲੰਘਣ ਲੱਗਾ ਤਾਂ ਮਾਸਟਰ ਬੋਲਿਆ, "ਬਿਕਰਮ ਸਿਆਂ! ਸਾਈਆਂ ਕਿਤੇ ਤੇ ਵਧਾਈਆਂ ਕਿਤੇ''। ਬਿਕਰਮ ਸਿਹੁੰ ਨੂੰ ਇਸ ਗੱਲ ਦਾ ਗੁੱਸਾ ਲੱਗਣਾ ਹੀ ਸੀ। ਜੇ ਉਹ ਕੁਝ ਨਾ ਬੋਲਦਾ ਤਾਂ ਬੂਥਾਂ 'ਤੇ ਖੜ੍ਹੇ ਲੋਕਾਂ ਸਾਹਮਣੇ ਉਸ ਨੇ ਤਾਂ ਮਿੱਟੀ ਹੋ ਜਾਣਾ ਸੀ। ਉਹ ਬੋਲਿਆ, " ਮਾਸਟਰਾ! ਮੈਂ ਤੇਰੇ ਤੋਂ ਕੀ ਲੈਣਾ, ਬਾਹਲੀ ਗੱਲ ਤੂੰ ਸਾਡਾ ਮੁੰਡਾ ਟਿਊਸ਼ਨ ਨ੍ਹੀ ਪੜ੍ਹਾਏਂਗਾ ਤਾਂ ਅਸੀਂ ਹੋਰ ਤੋਂ ਪੜ੍ਹਾਲਾਂਗੇ, ਪਰ ਜੇ ਪਟਵਾਰੀ ਨੇ ਸਾਡੀ ਜ਼ਮੀਨ ਈ ਉਲਟ-ਪੁਲਟ ਚਾੜ 'ਤੀ ਤਾਂ ਅਸੀਂ ਇਸ ਦੇ ਪੱਟੇ ਹੋਏ ਵਸਣ ਜੋਗੇ ਨ੍ਹੀ ਰਹਿਣਾ''।

# ਦਲਿਤਾਂ ਦੀ ਮਾਰਕੁਟਾਈ ਬਨਾਮ ਨੀਲੀ ਕ੍ਰਾਂਤੀ

(ਸਫਾ 20 ਦੀ ਬਾਕੀ)

ਦਲਿਤ ਬੰਨ੍ਹੇ ਹੋਏ ਤਾਂ ਨਹੀਂ। ਭਾਰਤ ਦਾ ਸੰਵਿਧਾਨ ਹਰ ਵਿਅਕਤੀ ਨੂੰ ਕੋਈ ਵੀ ਕੰਮ-ਧੰਦਾ ਕਰਨ ਦੀ ਇਜਾਜ਼ਤ ਦਿੰਦਾ ਹੈ। ਫਿਰ ਜ਼ਲਾਲਤ ਭਰਿਆ ਕੰਮ ਕੀਤਾ ਹੀ ਕਿਉਂ ਜਾਵੇ? ਜੱਦੀ-ਪੁਸ਼ਤੀ ਕਿੱਤਿਆਂ ਨਾਲ਼ ਜਾਤੀ ਜੁੜੀ ਹੋਈ ਹੈ। ਜੇਕਰ ਜਾਤੀ ਖ਼ਤਮ ਕਰਨੀ ਹੈ ਤਾਂ ਇਹ ਕਿੱਤੇ ਖ਼ਤਮ ਕਰਨੇ ਪੈਣਗੇ। ਜੇਕਰ ਦਲਿਤ ਆਪਣੇ ਧੰਦੇ ਬਦਲ ਲੈਣ ਅਤੇ ਉਹਨਾਂ ਨੂੰ ਮਜ਼ਬੂਰ ਕਰਕੇ ਥੋਪਿਆ ਗਿਆ ਜੱਦੀ-ਪੁਸ਼ਤੀ ਕੰਮ ਕਰਨ ਤੋਂ ਇਨਕਾਰ ਕਰ ਦੇਣ ਤਾਂ ਇਹ ਇੱਕ ਇਨਕਲਾਬ ਹੀ ਹੋਵੇਗਾ। ਭਾਰਤ ਰਤਨ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਨੇ ਹਿੰਦੂਆਂ ਤੋਂ ਪੁੱਛਿਆ ਸੀ : "ਤੁਸੀਂ ਗਾਵਾਂ-ਮੱਝਾਂ ਦਾ ਦੁੱਧ ਪੀਂਦੇ ਹੋ। ਜਦ ਉਹ ਮਰ ਜਾਂਦੀਆਂ ਹਨ ਤਦੋਂ ਤੁਸੀਂ ਸਾਥੋਂ ਮੁਰਦਾਰ ਢੋਣ ਦੀ ਆਸ ਰੱਖਦੇ ਹੋ, ਪ੍ਰੰਤੂ ਅਜਿਹਾ ਕਿਉਂ? ਜੇਕਰ ਤੁਸੀਂ ਆਪਣੀਆਂ ਮਾਵਾਂ ਨੂੰ ਅੰਤਿਮ ਸੰਸਕਾਰ ਲਈ ਸਿਵਿਆਂ ਵਿੱਚ ਲੈ ਜਾਂਦੇ ਹੋ ਤਾਂ ਫਿਰ ਤੁਸੀਂ ਆਪਣੀਆਂ ਗਊ ਮਾਤਾਵਾਂ ਦੇ ਮੁਰਦੇ ਸਰੀਰ ਕਿਉਂ ਨਹੀਂ ਢੋਂਦੇ?'' ਜਦੋਂ ਬਾਬਾ ਸਾਹਿਬ ਨੇ ਦਲਿਤਾਂ ਨੂੰ ਇਸ ਤਰ੍ਹਾਂ ਦੀ ਜਲਾਲਤ ਦੇਣ ਵਾਲ਼ੇ ਕੰਮ ਧੰਦੇ ਛੱਡਣ ਦੀ ਸਲਾਹ ਦਿੱਤੀ ਸੀ ਤਾਂ ਸਵਰਨ ਜਾਤੀਆਂ ਦੇ ਲੀਡਰਾਂ ਨੇ ਕਿਹਾ ਸੀ ਕਿ ਅੰਬੇਡਕਰ ਦਲਿਤਾਂ ਨੂੰ ਅਜਿਹਾ ਕੰਮ ਕਰਕੇ ਉਸਤੋਂ ਹੋਣ ਵਾਲ਼ੀ ਆਮਦਨ ਤੋਂ ਵਾਂਝੇ ਕਰ ਰਿਹਾ ਹੈ। ਤਾਂ ਬਾਬਾ ਸਾਹਿਬ ਨੇ ਕਿਹਾ ਸੀ ਕਿ "ਸਾਨੂੰ ਅਜਿਹਾ ਲਾਭ ਨਹੀਂ ਚਾਹੀਦਾ। ਇਹ ਲਾਭ ਸਵਰਨ ਜਾਤੀਆਂ ਖੁਦ ਲੈ ਲੈਣ। ਉਹਨਾਂ ਕਿਹਾ ਕਿ ਜੇਕਰ ਸਵਰਨ ਲੋਕ ਇਹ ਧੰਦਾ ਕਰਨਗੇ ਤਾਂ ਉਹਨਾਂ ਨੂੰ ਜੋ ਲਾਭ ਮਿਲੇਗਾ ਉਹ ਤਾਂ ਮਿਲੇਗਾ ਹੀ, ਨਾਲ਼ ਹੀ ਉਨੇ ਪੈਸੇ ਮੈਂ ਆਪਣੇ ਕੋਲ਼ੋਂ ਵੀ ਦਿਆਂਗਾ। ਇਸ ਤਰ੍ਹਾਂ ਸਵਰਨ ਜਾਤੀਆਂ ਦੇ ਲੋਕ ਦੂਹਰਾ ਲਾਭ ਕਮਾ ਸਕਦੇ ਹਨ।'' ਇਸ ਲਈ ਆਪਣੇ ਮਹਾਨ ਰਹਿਬਰ ਦੀ ਗੱਲ ਮੰਨਦਿਆਂ ਦਲਿਤਾਂ ਨੂੰ ਆਪਣੇ 'ਤੇ ਜ਼ਬਰੀ ਥੋਪੇ ਪਿਤਾ ਪੁਰਖੀ ਅਤੇ ਜਾਤੀਆਂ ਨੂੰ ਪੱਕੇ ਕਰਨ ਵਾਲ਼ੇ ਧੰਦੇ ਛੱਡ ਦੇਣੇ ਚਾਹੀਦੇ ਹਨ। ਨਾ ਉਹ ਅਜਿਹਾ ਜਲਾਲਤ, ਅਪਮਾਨ ਭਰਿਆ ਧੰਦਾ ਕਰਨ ਅਤੇ ਨਾ ਹੀ ਕਿਸੇ ਤੋਂ ਮਾਰ ਖਾਣ। ਸਗੋਂ ਹੋਰ ਕੋਈ ਵੀ ਕੰਮ ਕਰਕੇ ਸ਼ਾਨ ਨਾਲ਼ ਜੀਣ। 1927 ਨੂੰ ਹੋਈ ਇੱਕ ਸਭਾ ਵਿੱਚ ਦਲਿਤਾਂ ਨੂੰ ਸੰਬੋਧਨ ਕਰਦਿਆਂ ਬਾਬਾ ਸਾਹਿਬ ਨੇ ਆਪਣੇ ਭਾਸ਼ਨ ਵਿੱਚ ਕਿਹਾ ਸੀ ਕਿ "ਜਦੋਂ ਤੱਕ ਅਸੀਂ ਆਪਣੇ-ਆਪ ਨੂੰ ਆਤਮ ਸ਼ੁੱਧੀ ਦੀ ਤੀਹਰੀ ਪ੍ਰਕਿ-ਰਆ ਵਿੱਚੋਂ ਗੁਜ਼ਾਰਨ ਲਈ ਤਿਆਰ ਨਹੀਂ ਹੋਵਾਂਗੇ ਉਦੋਂ ਤੱਕ ਤਰੱਕੀ ਸੰਭਵ ਨਹੀਂ। ਸਾਨੂੰ ਨਾ ਕੇਵਲ ਆਪਣੇ ਪਹਿਰਾਵੇ, ਆਪਣੀ ਬੋਲ-ਚਾਲ ਨੂੰ ਠੀਕ ਕਰਨਾ ਹੋਵੇਗਾ ਬਲਕਿ ਆਪਣੇ ਵਿਚਾਰਾਂ ਨੂੰ ਨਵਾਂ ਜੀਵਨ ਦੇਣਾ ਹੋਵੇਗਾ।'' ਗੁਜਰਾਤ ਦੇ ਪੀੜਤ ਪਰਿਵਾਰਾਂ ਨੇ ਐਲਾਨ ਕਰ ਦਿੱਤਾ ਹੈ ਕਿ ਉਹ ਹੁਣ ਮਜ਼ਦੂਰੀ ਕਰਕੇ ਖਾ ਲੈਣਗੇ ਪਰ ਇਹ ਗੰਦਾ ਕੰਮ ਕਦੀ ਨਹੀਂ ਕਰਨਗੇ। ਇਸ ਘਟਨਾ ਦਾ ਕੁੱਝ ਅਸਰ ਤਾਂ ਹੋਇਆ ਵੀ ਹੈ। ਘਟਨਾ ਤੋਂ ਬਾਅਦ ਗੁਜਰਾਤ ਵਿੱਚ ਕੁੱਝ ਦਲਿਤਾਂ ਨੇ ਮਰੀਆਂ ਗਊਆਂ ਨੂੰ ਚੁੱਕਣ ਤੋਂ ਇਨਕਾਰ ਵੀ ਕੀਤਾ ਹੈ। ਦੇਰ ਨਾਲ਼ ਹੀ ਸਹੀ ਦਲਿਤਾਂ ਨੂੰ ਮਹਿਸੂਸ ਤਾਂ ਹੋਣ ਲੱਗਿਆ ਹੈ ਕਿ ਗ਼ੁਲਾਮੀ ਵਾਲ਼ੇ ਬਦਨਾਮੀ ਦੇ ਦਾਗ ਧੋਤੇ ਬਿਨਾਂ ਗੁਜ਼ਾਰਾ ਨਹੀਂ ਹੈ। ਇਸ ਲਈ ਇਹ ਕਾਂਡ ਜਿੱਥੇ ਭਾਰਤ ਵਿੱਚ ਦਲਿਤਾਂ ਦੀ ਸਥਿਤੀ ਨੂੰ ਦਰਸਾਉਂਦਾ ਉੱਥੇ ਦਲਿਤਾਂ ਨੂੰ ਗ਼ੁਲਾਮੀ ਨੂੰ ਲਾਹ ਮਾਰਨ ਵਿੱਚ ਵੀ ਸਹਾਈ ਹੋ ਸਕਦਾ ਹੈ।

# ਸਾਹਿਤਕ ਪੈੜਾਂ- ਇਸ ਹਫਤੇ ਦੇ ਸ਼ਾਇਰ

## ਪਿਆਰ ਦੀ ਭਾਲ



ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268

ਟੱਬਰ ਸੱਤ ਸਮੁੰਦਰੋਂ ਪਾਰ ਖਿਲਰੇ
ਸਭ ਦੇ ਦੁੱਖੜੇ ਆਪਣੇ ਆਪ ਦੇ ਨੇ।

ਪਿੱਛੇ ਰਹਿ ਗਿਆ ਦੇਸ ਦੇ ਵਿਚ ਜਿਹੜਾ
ਉਹਨੂੰ 'ਬਾਹਰਲੇ' ਸਵਰਗ ਵਿਚ ਜਾਪਦੇ ਨੇ।

ਮੁਖੀਆ ਰਿਹਾ ਪਰਿਵਾਰ ਦਾ 'ਇਕ' ਕੋਈ ਨਾ
ਵੱਖੋ ਵੱਖਰੀਆਂ ਸੁਰਾਂ ਅਲਾਪਦੇ ਨੇ।

ਨਿੱਘ ਮੁੱਕਿਆ ਨੇੜਲੇ ਰਿਸ਼ਤਿਆਂ ਦਾ
'ਗਰਜਾਂ' ਨਾਲ ਇਕ ਦੂਜੇ ਨੂੰ 'ਮਾਪਦੇ' ਨੇ।

ਹਾਸੇ-ਖੇੜੇ ਵੀ ਲੱਭਣੇ ਮਾਰ 'ਠੂੰਗੇ'
'ਕਾਰਟੂਨ' ਦੀ ਬਣੀ 'ਸਮਾਈਲ' ਵਿਚੋਂ।

ਸਕੇ-ਸੋਧਰੇ ਛੱਡ ਕੇ ਭਾਲਦੇ ਨੇ
ਲੋਕੀਂ ਅੱਜ ਦੇ ਪਿਆਰ 'ਮੋਬਾਇਲ' ਵਿਚੋਂ।

## ਹੌਲੀ ਹੌਲੀ



ਜਨਾਬ ਗੁਰਦਿਆਲ ਰੋਸ਼ਨ

ਹੌਲੀ ਹੌਲੀ ਭੁੱਲ ਜਾਵੇਗਾ ਜਦ ਚੇਤੇ 'ਚੋਂ ਲੋਕਾਂ ਦੇ।
ਨਹਿਰਾਂ ਦੇ ਪੁਲ ਦੱਸਣਗੇ ਕਿੰਝ ਕਤਲ ਹੋਏ ਨੇ ਰੁੱਖਾਂ ਦੇ।

ਚੋਰਾਂ ਦੇ ਨਾਵਾਂ 'ਤੇ ਅੱਜ ਕਲ੍ਹ ਥਾਂ ਥਾਂ ਮੇਲੇ ਲੱਗਦੇ ਹਨ,
ਗ਼ੱਦਾਰਾਂ ਦੇ ਨਾਵਾਂ ਉਤੇ ਨਾਂ ਰੱਖੇ ਹਨ ਸੜਕਾਂ ਦੇ।

ਦਰਿਆਵਾਂ ਦੇ ਅੰਦਰ ਵੀ ਹਨ ਵੱਡੇ ਵੱਡੇ ਮਾਰੂਥਲ,
ਹਰ ਮਾਰੂਥਲ ਅੰਦਰ ਨਕਸ਼ੇ ਹੁੰਦੇ ਹਨ ਦਰਿਆਵਾਂ ਦੇ।

ਗ਼ਮ ਦੇ ਬੱਦਲ, ਹੰਝੂਆਂ ਦੀ ਬਰਸਾਤ, ਝੜੀ ਹੈ ਦੁੱਖਾਂ ਦੀ,
ਦਿਨ ਕੱਟਦੇ ਹਨ ਕਿੱਦਾਂ ਕਿਹੜਾ ਸੁਣਦਾ ਹੈ ਦੁੱਖ ਮੋਰਾਂ ਦੇ।

ਤੂੰ ਇਹਨਾਂ ਦੇ ਬਾਰੇ ਸੁਣ ਕੇ ਕੀ ਲੈਣਾ ਹੈ ਛੱਡ ਪਰ੍ਹੇ,
ਉਮਰਾਂ ਨਾਲੋਂ ਵੀ ਲੰਬੇ ਹਨ ਕਿੱਸੇ ਮੇਰਿਆਂ ਦੁੱਖਾਂ ਦੇ।

ਹਾਲੇ ਮੰਜ਼ਿਲ ਦੂਰ ਹੈ ਮੇਰੀ ਲੰਬਾ ਬਹੁਤ ਸਫ਼ਰ ਮੇਰਾ,
ਵਿਹਲ ਮਿਲੀ ਤਾਂ ਆਪਾਂ ਵੀ ਮਾਣਾਂਗੇ ਸਾਏ ਜ਼ੁਲਫ਼ਾਂ ਦੇ।

ਸੂਹੇ ਸੂਹੇ ਫੁੱਲ ਖਿੜਨੇ ਹਨ ਇਹਨਾਂ ਪਿੱਛੋਂ ਦੇਖ ਲਿਓ,
ਹਾਲੇ ਹੈ ਬਰਸਾਤ ਲਹੂ ਦੀ ਹਾਲੇ ਮੌਸਮ ਲਾਸ਼ਾਂ ਦੇ।

ਮੈਂ ਬੌਨਾਂ ਹੋ ਜਾਂਦਾ ਹਾਂ ਜਦ ਬੀਵੀ ਮੇਰੀ ਕਹਿੰਦੀ ਹੈ,
ਕਵੀਆਂ ਕੁਵੀਆਂ ਪਿੱਛੇ ਹੁੰਦੇ ਕਿੱਸੇ ਕੁੜੀਆਂ ਕੜੀਆਂ ਦੇ।

ਧਾੜਵੀਆਂ ਨੇ ਕਬਜ਼ਾ ਕੀਤਾ ਹੈ ਇਹਨਾਂ 'ਤੇ 'ਰੌਸ਼ਨ' ਜੀ,
ਕੁੰਭਕਰਨੀ ਨੀਂਦੇ ਸੁੱਤੇ ਹਨ ਅੱਜ ਕੱਲ੍ਹ ਰਾਖੇ ਫ਼ਸਲਾਂ ਦੇ।

## ਗੀਤ

ਜੁਗਿੰਦਰ ਧਾਮੀ ਪਿੱਪਲਾਂਵਾਲੀਆ
530-844-0987



ਇਸ ਵਕਤ ਨੇ ਤਾਂ ਚੱਲਦੇ ਰਹਿਣਾ
ਤੇ ਇਹਨੇ ਸਾਡੇ ਕਹੇ ਕਦੇ ਰੁਕਣਾ ਨਹੀਂ
ਖੁਸ਼ੀਆਂ, ਗਮੀਆਂ ਜੱਦ ਲੈ ਕੇ ਆਉਣਾ
ਫੇ ਏਹਨੇ ਸਾਡੇ ਕੋਲੋਂ ਕਦੇ ਪੁੱਛਣਾ ਨਹੀਂ
ਇਸ ਵਕਤ ਨੇ ਤਾਂ ਚੱਲਦੇ ਰਹਿਣਾ।

ਇਹ ਤਾਂ ਉਸ ਦਾਤੇ ਦੀ ਮੰਨਦਾ ਏ
ਜਿਹੜਾ ਇਹਨੂੰ ਚਲਾਉਂਦਾ ਏ
ਕਿਤੇ ਕਿਤੇ ਅੱਖੀਆਂ ਵਿਚ ਹੰਝੂ ਨੇ
ਤੇ ਕਿਤੇ ਹਾਸੇ ਰੱਜ ਹਸਾਉਂਦਾ ਏ
ਇਹਨੂੰ ਜਿੱਦਾਂ ਰੱਬ ਚਲਾਉਂਦਾ ਏ
ਉਦਾਂ ਚੱਲੀ ਜਾਣਾ ਇਹਨੇ ਰੁਕਣਾ ਨਹੀਂ
ਇਸ ਵਕਤ ਨੇ ਤਾਂ ਚੱਲਦੇ ਰਹਿਣਾ
ਤੇ ਇਹਨੇ ਸਾਡੇ ਕਹੇ ਕਦੇ ਰੁਕਣਾ ਨਹੀਂ।

ਉਹ ਵੀ ਵਕਤ ਸੀ ਜਦ ਸਿਰ 'ਤੇ ਮਾਂ ਸੀ
ਅੰਮੜੀ ਦੀ ਠੰਢੀ ਸਿਰ 'ਤੇ ਛਾਂ ਸੀ
ਹੁਣ ਤਾਂ ਧੁੱਪਾਂ ਰੱਜ ਕੇ ਸਾੜਦੀਆਂ ਨੇ
ਕਿਉਂਕਿ ਥੋੜ੍ਹਾ ਮਾਂ ਦੇ ਪਿਆਰ ਦੀਆਂ ਨੇ
ਠੋਕਰ ਲੱਗ ਕਿਤੇ ਡਿੱਗ ਨਾ ਜਾਵੀਂ
ਹੁਣ ਮਾਂ ਨੇ ਆ ਕੇ ਚੁੱਕਣਾ ਨਹੀਂ
ਇਸ ਵਕਤ ਨੇ ਤਾਂ ਚੱਲਦੇ ਰਹਿਣਾ
ਤੇ ਇਹਨੇ ਸਾਡੇ ਕਹੇ ਕਦੇ ਰੁਕਣਾ ਨਹੀਂ।

ਔਹ ਪੰਛੀ ਬੈਠਾ ਆਲ੍ਹਣੇ ਤੇ
ਤੇ ਉਹਦਾ ਆਲ੍ਹਣਾ ਭਾਅ-ਭਾਅ ਕਰਦਾ ਏ
ਕਿਸੇ ਵਕਤ ਸੀ ਅਸੀਂ ਕੱਠੇ ਰਹਿੰਦੇ
ਤੇ ਬੀਤੇ ਵਕਤ ਨੂੰ ਚੇਤੇ ਕਰਦਾ ਏ
ਆਪੇ ਕਹਿੰਦਾ ਮੈਂ ਦੁੱਖ ਦੱਸ ਦੇਣਾ ਆਪਣਾ
ਮੈਨੂੰ ਲੱਗਦਾ ਕਿਸੇ ਨੇ ਪੁੱਛਣਾ ਨਹੀਂ
ਇਸ ਵਕਤ ਨੇ ਤਾਂ ਚੱਲਦੇ ਰਹਿਣਾ
ਤੇ ਇਹਨੇ ਸਾਡੇ ਕਹੇ ਕਦੇ ਰੁਕਣਾ ਨਹੀਂ।

ਚੰਗਾ ਮੰਦਾ ਵਕਤ ਤਾਂ ਆਉਂਦਾ ਰਹਿੰਦਾ
ਤੇ ਐਵੇਂ ਮਨ ਤੇ ਗੱਲ ਤੂੰ ਲਾਵੀਂ ਨਾ
ਦੁੱਖਾਂ ਸੁੱਖਾਂ 'ਚ ਦਾਤੇ ਨੂੰ ਯਾਦ ਰੱਖੀ
ਤੇ ਬੇਮੁੱਖ ਕਿਤੇ ਹੋ ਜਾਵੀ ਨਾ
ਦੁੱਖਾਂ ਸੁੱਖਾਂ ਦੀ ਫਿਕਰ ਰੱਬ ਤੇ ਛੱਡਦੇ
ਤੇ ਕਹਿੰਦੇ ਉਹਨੂੰ ਫਿਕਰ ਸਾਡਾ ਮੁੱਕਣਾ ਨਹੀਂ
ਇਸ ਵਕਤ ਨੇ ਤਾਂ ਚਲਦੇ ਰਹਿਣਾ
ਤੇ ਇਹਨੇ ਸਾਡੇ ਕਹੇ ਕਦੇ ਰੁਕਣਾ ਨਹੀਂ।

'ਧਾਮੀ' ਸੇਵਾ ਮਾਪਿਆਂ ਦੀ ਕਰ ਲੈ
ਵਕਤ ਲੰਘ ਗਿਆ ਫੇ ਪਛਤਾਵੇਗਾ
ਨਾ ਰੋਲ ਮਾਪੇ, ਪੈਰੀ ਸਿਰ ਰੱਖ ਦੇ
ਨਹੀਂ ਤਾਂ ਲੱਭਦਾ ਕਮਲਾ ਹੋ ਜਾਵੇਂਗਾ
ਇਹ ਪੈਸੇ ਦੀ ਭੈੜੀ ਦੌੜ ਜੁਗਿੰਦਰਾ
ਨੇ ਕਦੇ ਵੀ ਸੱਜਣਾ ਕਿਤੇ ਮੁੱਕਣਾ ਨਹੀਂ
ਇਸ ਵਕਤ ਨੇ ਤਾਂ ਚੱਲਦੇ ਰਹਿਣਾ
ਤੇ ਇਹਨੇ ਸਾਡੇ ਕਹੇ ਕਦੇ ਰੁਕਣਾ ਨਹੀਂ
ਖੁਸ਼ੀਆਂ ਗਮੀਆਂ ਜਦ ਲੈ ਕੇ ਆਉਣਾ
ਫੇ ਏਹਨੇ ਸਾਡੇ ਕੋਲੋਂ ਕਦੇ ਪੁੱਛਣਾ ਨਹੀਂ
ਇਸ ਵਕਤ ਨੇ ਤਾਂ ਚੱਲਦੇ ਰਹਿਣਾ।

## ਆਖਰੀ ਸਲਾਮ ਯਾਰੋ



ਕਮਲ ਬੰਗਾ ਸੈਕਰਾਮੈਂਟੋ
916-897-8570

ਕਿਸੇ ਨੂੰ ਪਹਿਲੀ ਸਲਾਮ ਯਾਰੋ।
ਕਿਸੇ ਨੂੰ ਆਖਰੀ ਸਲਾਮ ਯਾਰੋ।

ਜਿਸ ਨੇ ਵੀ ਬਣਨਾ ਸਿਕੰਦਰ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਦੇ ਹਾਸੇ 'ਚ ਫੁੱਲ ਨਹੀਂ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਨੇ ਵਹਿਮਾਂ 'ਚ ਹੀ ਡੁੱਬਣਾ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਨੇ ਆਪਣੀ ਹੀ ਸਿਫ਼ਤ ਲਿਖਣੀ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਦੀ ਚਮਕ ਦਿਸੇ ਨਕਲੀ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਦੀ ਨਜ਼ਰ ਤਲਵਾਰ ਵਰਗੀ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਨੇ ਝੂਠ ਤੇ ਪਾਉਣਾ ਪਰਦਾ ਹੀ,
ਉਸ ਨੂੰ ਆਖਰੀ ਸਲਾਮ ਯਾਰੋ।

ਜਿਸ ਨੇ ਜ਼ਖਮ ਹੀ ਦੇਣੇ 'ਕਮਲ'
ਉਸ ਨੂੰ ਆਖਰੀ ਸਲਾਮ ਯਾਰੋ।

## ਗਿੱਧੇ ਦੀਆਂ ਬੋਲੀਆਂ

ਸੰਤੋਖ ਸਿੰਘ ਸੰਧੂ, (+64) 022 071 0935

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ.
ਕਣਕਾਂ ਬਿਨਾ ਨਹੀਂ ਸਰਦਾ।
ਸਾਰੇ ਗਹਿਣੇ ਪਾਏ ਮਾਪਿਆਂ, ਸਾਰੇ ਗਹਿਣੇ ਪਾਏ ਮਾਪਿਆਂ।
ਬੱਸ ਇੱਕੋ ਤਵੀਜ਼ ਓਹਦੇ ਘਰ ਦਾ, ਜਦੋਂ ਵੀ ਲੜਦਾ , ਲਾਹਦੇ ਲਾਹਦੇ ਕਰਦਾ।
ਸਾਰੇ ਗਹਿਣੇ ਪਾਏ ਮਾਪਿਆਂ, ਸਾਰੇ ਗਹਿਣੇ ਪਾਏ ਮਾਪਿਆਂ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ.
ਵਿੱਚ ਕਣਕਾਂ ਦੇ ਢਾਰਾ।
ਨਰਮੇ ਨੂੰ ਵਿਕ ਲੈਣ ਦੇ, ਨਰਮੇ ਨੂੰ ਵਿਕ ਲੈਣ ਦੇ।
ਲੇ ਦਊਂ ਲੌਂਗ ਬੁਰਜੀਆਂ ਵਾਲਾ,ਮਾਰੂ ਲਿਸ਼ਕਾਰਾ, ਤੱਕੂ ਜੱਗ ਸਾਰਾ।
ਨੀ ਨਰਮੇ ਨੂੰ ਵਿੱਕ ਲੈਣ  ਦੇ, ਨੀ ਨਰਮੇ ਨੂੰ ਵਿੱਕ ਲੈਣ ਦੇ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ,
ਕਣਕਾਂ ਰੰਗ ਵਟਾ ਲਿਆ।
ਡੌਲੇ ਕੋਲੋਂ ਬਾਂਹ ਟੁੱਟ ਗਈ, ਡੌਲੇ ਕੋਲੋਂ ਬਾਂਹ ਟੁੱਟ ਗਈ।
ਮੇਰੀ ਸੱਸ ਨੇ ਮੱਕੀ ਦਾ ਤੁੱਕ ਮਾਰਿਆ,
ਵੇ ਸੁਣ ਕਰਤਾਰਿਆ, ਚੰਨ ਨਵਾਂ ਚੜ੍ਹਿਆ।
ਡੌਲੇ ਕੋਲੋਂ ਬਾਂਹ ਟੁੱਟ ਗਈ. ਡੌਲੇ ਕੋਲੋਂ ਬਾਂਹ ਟੁੱਟ ਗਈ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ,
ਕਣਕਾਂ ਲੈਣ ਹੁਲਾਰੇ।
ਨੀ ਸੱਪਣੀ ਦੀ ਤੋਰ ਨਾ ਤੁਰੀਂ, ਨੀ ਸੱਪਣੀ ਦੀ ਤੋਰ ਨਾ ਤੁਰੀਂ।
ਕੀਲ ਲੈਣ ਗੇ ਪਟਾਰੀਆਂ ਵਾਲੇ, ਨੀ ਸੁਣ ਮੁਟਿਆਰੇ, ਬਾਂਕੀਏ ਨਾਰੇ।
ਨੀ ਸੱਪਣੀ ਦੀ ਤੋਰ ਨਾ ਤੁਰੀਂ, ਨੀ ਸੱਪਣੀ ਦੀ ਤੋਰ ਨਾ ਤੁਰੀਂ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ,
ਵਿੱਚ ਕਣਕਾਂ ਦੇ ਪਿੱਪਲੀ।
ਭੌਰਿਆਂ ਨੇ ਪੈੜ ਦੱਬ ਲਈ, ਭੌਰਿਆਂ ਨੇ ਪੈੜ ਦੱਬ ਲਈ।
ਫੁੱਲ ਬਣ ਕੇ ਘਰੋਂ ਜਾਂ ਨਿਕਲੀ, ਬਾਗ਼ ਦੀ ਤਿਤਲੀ, ਪਾਉਂਦੀ ਏ ਕਿਕਲੀ।
ਭੌਰਿਆਂ ਨੇ ਪੈੜ ਦੱਬ ਲਈ, ਭੌਰਿਆਂ ਨੇ ਪੈੜ ਦੱਬ ਲਈ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ,
ਵਿੱਚ ਕਣਕਾਂ ਦੇ ਕੋਠਾ।
ਕਰੇ ਹਵਾਈ ਪਾਰੀਆਂ, ਨੀ ਕਰੇ ਹਵਾਈ ਪਾਰੀਆਂ।
ਬੰਨੇ ਬੰਨੇ ਫਿਰਦਾ ਜੱਟ ਦਾ ਬੋਤਾ, ਬੜਾ ਈ ਮੋਟਾ, ਦਿਲ ਦਾ ਖੋਟਾ।
ਕਰੇ ਹਵਾਈ ਪਾਰੀਆਂ, ਨੀ ਕਰੇ ਹਵਾਈ ਪਾਰੀਆਂ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ,
ਵਿੱਚ ਕਣਕਾਂ ਦੇ ਪਹੀ।
ਦੱਸੀਂ ਬਾਬਾ ਡਾਂਗ ਵਾਲਿਆ, ਵੇ ਦੱਸੀਂ ਬਾਬਾ ਡਾਂਗ ਵਾਲਿਆ।
ਕੀ ਕੋਈ ਨਾਰ ਏਧਰੋਂ ਗਈ, ਚੁੰਨੀ ਸ਼ਰਦਈ. ਸਿਰ 'ਤੇ ਲਈ।
ਦੱਸੀਂ ਬਾਬਾ ਡਾਂਗ ਵਾਲਿਆ, ਵੇ ਦੱਸੀਂ ਬਾਬਾ ਡਾਂਗ ਵਾਲਿਆ।

ਏਧਰ ਕਣਕਾਂ ਓਧਰ ਕਣਕਾਂ, ਏਧਰ ਕਣਕਾਂ ਓਧਰ ਕਣਕਾਂ,
ਵਿੱਚ ਕਣਕਾਂ ਦੇ ਬੰਬੀ।
ਕੰਮੋ ਦੇ ਹੋਸ਼ ਉਡ ਗਏ, ਕੰਮੋ ਦੇ ਹੋਸ਼ ਉਡ ਗਏ।
ਵੇਖ ਕੇ ਮੁੱਛ ਜੱਟ ਦੀ ਲੰਬੀ, ਬਣਾ ਕੇ ਖੰਬੀ, ਉਪਰ ਨੂੰ ਟੰਗੀ।
ਕੰਮੋ ਦੇ ਹੋਸ਼ ਓਡ ਗਏ, ਕੰਮੋ ਦੇ ਹੋਸ਼ ਉਡ ਗਏ।

# ਨੌਜਵਾਨਾਂ ਲਈ ਪ੍ਰੇਰਨਾ ਸਰੋਤ 74 ਸਾਲਾਂ ਪਹਿਲਵਾਨ ਅਵਤਾਰ ਸਿੰਘ ਡੋਡ

ਸਿਆਣੇ ਕਹਿੰਦੇ ਹਨ ਕਿ "ਹੱਸਣ ਖੇਡਣ ਮਨ ਕਾ ਚਾਓ" ਜਾਣੀ ਜੋ ਸਦਾ ਹੱਸਦੇ-ਖੇਡਦੇ ਰਹਿੰਦੇ ਹਨ, ਉਹਨ੍ਹਾਂ ਦਾ ਮਨ ਮਜਬੂਰ ਅਤੇ ਤਨ ਨਿਰੋਗ ਰਹਿੰਦਾ ਹੈ। ਪਰ ਜੇ ਕਿਤੇ ਇਹ ਗਲ ਕਿਸੇ ਚਿੱਟੀ ਦਾੜੀ ਵਾ.ਲੇ ਬਜੁਰਗ ਤੇ ਢੁਕਦੀ ਹੋਵੇ ਤਾਂ ਹਰ ਇੱਕ ਲਈ ਮਿਸਾਲ ਸਾਬਿਤ ਹੋ ਉਭਰਦੀ ਹੈ। ਜੀ ਹਾਂ ਗਲ ਕਰਦੇ ਹਾਂ ਇੱਕ ਏਹੋ ਜਿਹੇ ਬਜੁਰਗ ਦੀ ਜੋ 74 ਸਾਲ ਦੀ ਉਮਰ ਵਿੱਚ ਵੀ ਨੌਜਵਾਨਾਂ ਵਾਂਗ ਰੋਜਾਨਾ ਸਵੇਰੇ ਸਾਝਰੇ ਜਿੰਮ ਜਾਂਦਾ ਹੈ ਅਤੇ ਆਥਣ ਵੇਲੇ ਖੇਡ ਦੇ ਮੈਦਾਨ ਵਿੱਚ ਦੌੜ ਲਗਾ ਕਿ ਮੇਹਨਤ ਕਰਦਾ ਹੈ।





ਇਹ 74 ਸਾਲਾ ਬਜੁਰਗ ਹੈ ਪਹਿਲਵਾਨ ਅਵਤਾਰ ਸਿੰਘ ਡੋਡ ਏਸ਼ੀਆ ਦਾ ਗੋਲਡ ਮੈਡਲਿਸਟ ਅਵਤਾਰ ਸਿੰਘ, ਜਿਸ ਨੇ 74 ਸਾਲ ਪਹਿਲਾਂ ਜਿਲਾ ਹੁਸ਼ਿਆਰਪੁਰ ਦੇ ਪਿੰਡ ਜਲਵੇੜਾ ਵਿਖੇ ਮਾਤਾ ਚੰਨਣ ਕੌਰ ਦੀ ਕੁੱਖੋਂ ਅਤੇ ਪਿਤਾ ਸਰਦਾਰ ਪੂਰਨ ਸਿੰਘ ਦੇ ਘਰ ਜਨਮ ਲਿਆ। ਅਵਤਾਰ ਸਿੰਘ ਨੇ ਦੱਸਿਆ ਕਿ ਉਸ ਨੇ ਦਸਵੀਂ ਤੱਕ ਦੀ ਪੜ੍ਹਾਈ ਨਰੂੜ-ਪਾਂਸ਼ਟਾ ਦੇ ਹਾਈ ਸਕੂਲ ਤੋਂ ਪ੍ਰਾਪਤ ਕੀਤੀ। ਪੜ੍ਹਾਈ ਕਰਨ ਤੋਂ ਬਾਅਦ ਏਅਰਫੋਰਸ ਵਿੱਚ ਬਤੌਰ ਵਾਇਰਲੈਸ ਉਪ੍ਰੇਟਰ ਦੀ ਨੌਕਰੀ ਕੀਤੀ ਅਤੇ ਬਾਅਦ ਵਿੱਚ ਉਸ ਨੇ ਮਾਰਚੈਂਟ ਨੇਵੀ ਵਿੱਚ ਨੌਕਰੀ ਕੀਤੀ। ਉਸ ਨੇ ਦੱਸਿਆ ਕਿ ਉਸ ਨੂੰ ਪੜਾਈ ਦੇ ਨਾ.ਲ ਨਾ.ਲ ਅਥਲੀਟ ਦਾ ਬਹੁਤ ਸ਼ੌਕ ਸੀ ਜੋ ਅੱਜ ਤੱਕ ਜਿੰਦਗੀ ਦੇ ਨਾ.ਲ ਨਾ.ਲ ਰੱਖਿਆ। ਅਵਤਾਰ ਸਿੰਘ ਨੇ ਦੱਸਿਆ ਕਿ ਉਹ ਹੁਣ ਫਗਵਾੜਾ ਵਿਖੇ ਹਰਗੋਬਿੰਦ ਨਗਰ ਵਿਖੇ ਰਹਿ ਰਹੇ ਹਨ ਅਤੇ ਰੋਜਾਨਾ ਫਗਵਾੜਾ ਦੇ ਪੰਜਾਬ ਬੁੱਲਜ਼ ਜਿੰਮ ਵਿੱਚ ਸਵੇਰੇ 6 ਤੋਂ 8 ਵਜੇ ਤੱਕ ਵਰਜਿਸ਼ ਕਰਦੇ ਹਨ। ਜਿੰਮ ਵਿੱਚ ਜਦੋਂ ਰੋਜਾਨਾ ਸਕੈਟ, ਡੈਡ ਲਿਫਟ, ਡੰਡ ਬੈਠਕਾਂ, ਡੱਡੂ ਛੜੱਪਾ, ਹਾਫ ਬੈਠਕਾਂ, ਬੈਂਚ ਪ੍ਰੈਸ ਅਤੇ ਹੋਰ ਮਸ਼ੀਨਾਂ ਸੈਟ ਲਗਾਉਂਦੇ ਹਨ ਤਾਂ ਨੌਜਵਾਨ ਦੇਖਦੇ ਰਹਿ ਜਾਂਦੇ ਹਨ। ਸ਼ਾਮ ਵੇਲੇ 4 ਤੋਂ 6 ਵਜੇ ਤੱਕ ਰਾਮ ਗੜੀਆ ਅਕਾਲ ਸਟੇਡੀਅਮ ਫਗਵਾੜਾ ਦੀ ਗਰਾਉਂਡ ਵਿੱਚ ਦੌੜ ਲਗਾਉਂਦੇ ਹਨ। ਅਵਤਾਰ ਸਿੰਘ ਹੁਣ ਤੱਕ ਨੈਸ਼ਨਲ ਅਤੇ ਇੰ-ਟਰਨੈਸ਼ਨਲ ਅਥਲੀਟ ਖੇਡਾਂ ਵਿੱਚ ਭਾਗ ਲੈ ਕੇ ਅਨੇਕਾਂ ਮਾਣ ਸਨਮਾਨ ਹਾਸਲ ਕਰ ਚੁਕੇ ਹਨ। ਅਵਤਾਰ ਸਿੰਘ ਡੋਡ ਨੇ ਦੱਸਿਆ ਕਿ ਜਿਥੇ ਉਹਨਾਂ ਦਾ ਸਮੇ ਸਮੇ ਤੇ ਉਹਨਾਂ ਦੀ ਪਤਨੀ ਗੁਰਮੀਤ ਕੌਰ ਨੇ ਖੁਰਾਕ ਦਾ ਖਿਆਲ ਰੱਖਿਆ ਅਤੇ ਅਥਲੀਟ ਵੱਲ ਪ੍ਰੇਰਤ ਕੀਤਾ ਉਥੇ ਪੰਜਾਬ ਬੁੱਲਜ਼ ਜਿੰਮ ਦੇ ਐਮ ਡੀ ਹਰਮੇਸ਼ ਪਹਿਲਵਾਨ ਅਤੇ ਰਾਮਗੜੀਆ ਇੰਜਨੀਅਰਿੰਗ ਕਾਲਜ ਦੇ ਡੀ ਪੀ ਪਰਮ ਢੀਡਸਾ ਨੇ ਵਧੀਆ ਤਰੀਕੇ ਨਾ.ਲ ਕੋਚ ਦੇ ਕੇ ਸਿਖਿਆ ਦਿਤੀ।

ਉਹਨਾਂ ਨੇ ਸਮੇ ਸਮੇ ਤੇ ਸਹਿਯੋਗ ਕਰਨ ਵਾਲਿਆਂ ਦਾ ਧੰਨਵਾਦ ਕੀਤਾ। ਪਹਿਲਵਾਨ ਅਵਤਾਰ ਸਿੰਘ ਡੋਡ ਨੇ ਨੌਜਵਾਨਾਂ ਨੂੰ ਪ੍ਰੇਰਤ ਕਰਦਿਆਂ ਕਿਹਾ ਕਿ ਨਸ਼ੇ ਅਤੇ ਮਾੜੀ ਸੰਗਤ ਤੋਂ ਪ੍ਰਹੇਜ ਕਰਕੇ ਨੌਜਵਾਨ ਜਿੰਮ, ਗਰਾਉਂਡਤੇ ਅਖਾੜਿਆਂ ਨਾ.ਲ ਜੁੜਨ। ਜਿਸ ਨਾ.ਲ ਉਹਨਾਂ ਦਾ, ਮਾਪਿਆਂ ਅਤੇ ਪੰਜਾਬ ਦਾ ਨਾਮ ਰੌਸ਼ਨ ਹੋਵੇਗਾ। ਪੰਜਾਬ ਬੁੱਲਜ ਜਿੰਮ ਦੇ ਐਮ ਡੀ ਹਰਮੇਸ਼ ਪਹਿਲਵਾਨ ਨੇ ਕਿਹਾ ਕਿ ਅਵਤਾਰ ਸਿੰਘ ਡੋਡ ਭਾਂਵੇਂ ਬਜੁਰਗ ਹੋ ਚੁੱਕੇ ਹਨ ਪਰ ਰੋਜਾਨਾ ਜਿੰਮ ਵਿੱਚ ਨੌਜਵਾਨਾਂ ਤੋਂ ਵੀ ਪਹਿਲਾਂ ਆ ਜਾਂਦੇ ਹਨ, ਜੋ ਨੌਜਵਾਨਾਂ ਲਈ ਪ੍ਰੇਰਨਾ ਸਰੋਤ ਹਨ।

**– ਨਿਰਮਲ ਗੁੜਾ**

# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

## ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
530-824-5134

## ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

WASH, LUBE, BRAKES

Call:
650-642-0697

## 3525 Highway 99, West Corning, CA 96021


Across the Street from TA Truck Stop

# EIGHTH ANNUAL

# IVACC PICNIC 2016

## In Honor of Late

# Commissioner Lahori Ram



## Forerunner Indo-American to become involved in California politics.

**"Nothing is ever really lost to us as long as we remember it"**
**L.M. Montgomery**

# Sunday AUGUST 7, 2016

## 11:00 AM to 6 PM

**No Charge**

*Hot Cholay Bhturas will be prepared on site (Authentic Indian Cuisine) by Jimmy's Indian Restaurant (Yuba City) - Phone (530) 821- 0121 - Fax (530) 821- 0122*

**At: Elk Grove Park**
**9950 Elk Grove-Florin Road, Section C, Elk Grove, CA**

**Program consists of:**

* Program consists of: DJ, Sports for all ages, Musical contest. Tug of war and Awards for all ages. Jump house.
* Teams contest: Volleyball, Cricket,
* Soccer and Wrestling demonstration
* We have limited time but unlimited fun.

**Directions** From Elk Grove Blvd East-Turn Right at Elk Grove-Florin Road.

*Program consists of: DJ, Sports for all ages, Musical contest. Tug of war and Awards for all ages. Jump house.*

**Teams contest:** Volleyball, Cricket,Soccer and Wrestling demonstration

*We have limited time but unlimited fun.*

## Eighth Annual Picnic in Memory of Commissioner Lahori Ram

### THEME: LAHORI RAM -- INDIAN TRAILBLAZER IN CALIFORNIA POLITICS

Lahori Ram was one of the first Indo-Americans to become involved in California politics and he encouraged many others to become a part of the political process. His motto was "United We Stand and Divided We Fall." He told all Indians to unite together and realize their political power. He said that until the Indo-American community gets active in the political process, they will have no real power in this country. Taxation without representation is the problem the early settlers of the United States faced and we as Indians were becoming victims of this same problem.

A mentor for Indians wanting to get involved in the American political process, Lahori Ram was the first Indo-American to be appointed to a statewide commission in California. Mr. Ram was first appointed to the California Small Business Commission. He later served on the California Trade, Technology, and Commerce Commission. He also served on the California Transportation Commission.

He was nominated by California State Governor Gray Davis to the highly exclusive California Economic Development Commission in 2003. In this position, he helped out many Indian community members and arranged many meetings for the Indian community to meet with many elected officials. He facilitated a dialogue between the Indian community and many distinguished politicians. The Indian community had an opportunity to tell their story and voice their opinion about the issues that directly affected them.

Lahori Ram served as an inspiration and role model to many aspiring politicians. He opened up many doors for our community. Many politicians have a special respect for the Indian community due to the great work of Mr. Lahori Ram. His contributions to the Indian community and pioneering work in the California political process justify the title of "Indian Trailblazer in California Politics" that is rightfully due to Mr. Lahori Ram.

**Important Notes**

IVACC has the privilege to invite you at our picnic with no charge. Come and enjoy your day in the company of your elected representatives.

**For further information please contact:**

| | |
|---|---|
| Jack Ram | 650-455-9026 |
| Paul Ram | 650-296-4208 |
| Pawittar Nahal | 916 601 8885 |
| Amarjeet Bedi/Lodi | 209 368 0415 |
| Manisha Sharma | 530 682 8328 |
| Sukh C. Singh | 916-802-5776 |